
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 25
October 2, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 27ਵਾਂ ਸਥਾਪਨਾ ਦਿਵਸ ਸ਼ਰਧਾ ਪੂਰਵਕ, ਪਿਆਰ-ਸਤਿਕਾਰ ਨਾਲ ਮਨਾਇਆ ਗਿਆ
*(ਰਿਪੋਰਟ ਦੇਖੋ ਸਫਾ 4 'ਤੇ, ਤਸਵੀਰਾਂ ਦੇਖੋ ਸਫਾ 13 'ਤੇ)*




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਕਰਵਾਏ ਗਏ। *(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 'ਤੇ)*

# ਹਿਊਸਟਨ 'ਚ ਸਿੱਖ ਪੁਲਿਸ ਅਫਸਰ ਸੰਦੀਪ ਸਿੰਘ ਧਾਲੀਵਾਲ ਦੀ ਗੋਲੀਆਂ ਮਾਰ ਕੇ ਹੱਤਿਆ

## ਭਾਰਤੀ-ਅਮਰੀਕੀ ਭਾਈਚਾਰੇ ਵਿਚ ਸੋਕ ਦੀ ਲਹਿਰ, ਅਦਾਰਾ 'ਦੇਸ਼ ਦੁਆਬਾ' ਵੱਲੋਂ ਦੁੱਖ ਦਾ ਪ੍ਰਗਟਾਵਾ



ਸੰਦੀਪ ਸਿੰਘ ਧਾਲੀਵਾਲ ਆਪਣੇ ਪਰਿਵਾਰ ਨਾਲ



**ਹਿਊਸਟਨ, ਟੈਕਸਸ, (ਹੁਸਨ ਲੜੋਆ ਬੰਗਾ)–** ਹਿਊਸਟਨ ਚ ਪੈਂਦੀ ਹੈਰਿਸ ਕਾਊਂਟੀ ਚ ਇੱਕ ਸਿੱਖ ਪੁਲਿਸ ਅਫਸਰ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਉਸਦੀ ਡਿਊਟੀ ਦੌਰਾਨ ਇਕ ਸਿਰਫਿਰੇ ਵਲੋਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ।ਇਸ ਘਟਨਾ ਨੇ ਸਿਰਫ ਸਿੱਖ ਭਾਈਚਾਰੇ ਨੂੰ ਹੀ ਸੁੰਨ ਕਰ ਕੇ ਨਹੀਂ ਰੱਖ ਦਿੱਤਾ ਸਗੋਂ ਸਥਾਨਕ ਸਾਰੇ ਫਿਰਕਿਆਂ ਦੇ ਉਸਦੀ ਦੁਖਦਾਈ ਮੌਤ ਤੇ ਭੁੱਬਾਂ ਮਾਰਦੇ ਰੌਂਦੇ ਦੇਖੇ ਗਏ ।42 ਸਾਲਾ ਸੰਦੀਪ ਧਾਲੀਵਾਲ ਨੇ ਟ੍ਰੈਫਿਕ ਦੀ ਉਲੰਘਣਾ ਕਰਨ 'ਤੇ ਇਕ ਕਾਰ ਨੂੰ ਰੋਕਿਆ, ਤੇ ਉਸਨੂੰ ਜਾਣ ਦਿੱਤਾ ਪਰ ਉਸੇ' ਕਾਰ ਦੇ ਚਾਲਕ ਵੱਲੋਂ ਸੰਦੀਪ ਧਾਲੀਵਾਲ ਨੂੰ ਉਸਦੇ ਵਾਪਿਸ ਮੁੜਨ ਤੇ ਪਿਛੋਂ ਗਰਦਨ ਤੇ ਗੋਲੀਆਂ ਮਾਰੀਆਂ ਜਿਸ ਨਾਲ ਉਹ ਥਾਂ ਹੀ ਡਿੱਗ ਗਿਆ। **(ਬਾਕੀ ਸਫਾ 3 'ਤੇ)**

***'ਅਲਵਿਦਾ ਸ਼ੈਰਿਫ਼ ਡਿਪਟੀ ਸੰਨਦੀਪ ਸਿੰਘ ਧਾਲੀਵਾਲ'***

***ਪੱਤਰਕਾਰ ਨੀਟਾ ਮਾਛੀਕੇ ਦਾ ਵਿਸ਼ੇਸ਼ ਲੇਖ ਸਫਾ 5 'ਤੇ ਦੇਖੋ***

# Jenny Johnson Meets Narendra Modi




Jenny Johnson, Franklin Templeton President and CEO, joined top U. S. business leaders for a private New York meeting with Narendra Modi, Prime Minister of India. Attendees at the two hours September 25, briefing included Jamie Dimon, Chairman and CEO of JP Morgan Chase, Ginni Rometty, Chair, President and CEO of IBM and John Chambers, (Continued on Page 10)

# ਐਸ.ਸੀ/ ਐਸ.ਟੀ.ਐਕਟ 'ਚ ਪਹਿਲਾਂ ਵਾਂਗ ਗ੍ਰਿਫ਼ਤਾਰੀ ਦੀ ਵਿਵਸਥਾ ਲਾਗੂ

**ਨਵੀਂ ਦਿੱਲੀ (ਬਿਊਰੋ)–** ਐਸ. ਸੀ/ ਐਸ. ਟੀ. ਐਕਟ 'ਤੇ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੇਂਦਰ ਦੀ ਸਮੀਖਿਆ ਪਟੀਸ਼ਨ ਨੂੰ ਮਨਜ਼ੂਰੀ ਦੇ ਦਿੱਤੀ। ਅਦਾਲਤ ਨੇ ਕੇਂਦਰ ਦੀ ਪਟੀਸ਼ਨ ਸਵੀਕਾਰ ਕਰਦਿਆਂ ਆਪਣਾ ਪੁਰਾਣਾ ਫ਼ੈਸਲਾ ਵਾਪਸ ਲੈ ਲਿਆ ਤੇ ਇਸ ਕਾਨੂੰਨ ਤਹਿਤ ਅਗਾਊਂ ਜ਼ਮਾਨਤ ਦੀ ਵਿਵਸਥਾ ਖ਼ਤਮ ਕਰ ਦਿੱਤੀ।



20 ਮਾਰਚ 2018 ਨੂੰ ਸੁਪਰੀਮ ਕੋਰਟ ਨੇ ਅਗਾਊਂ ਜ਼ਮਾਨਤ ਦੀ ਵਿਵਸਥਾ ਪੇਸ਼ ਕੀਤੀ ਸੀ। ਨਾਲ ਹੀ ਗ੍ਰਿਫ਼ਤਾਰੀ ਲਈ ਹਦਾਇਤਾਂ ਦਿੱਤੀਆਂ ਸਨ ਜਿਸ ਨੂੰ ਕਾਨੂੰਨ 'ਚ ਢਿੱਲ ਦੇ ਤੌਰ 'ਤੇ ਲਿਆ ਗਿਆ ਜਿਸ ਤੋਂ ਬਾਅਦ ਦਲਿਤ ਸੰਗਠਨਾਂ ਦਾ ਵਿਰੋਧ ਸ਼ੁਰੂ ਹੋ ਗਿਆ ਤੇ ਉਦੋਂ ਕੇਂਦਰ ਵਲੋਂ ਸਮੀਖਿਆ ਪਟੀਸ਼ਨ ਦਾਖ਼ਲ ਕੀਤੀ ਗਈ। ਜ਼ਿਕਰਯੋਗ ਹੈ ਕਿ ਅਟਾਰਨੀ ਜਨਰਲ ਕੇਕੇ ਵੇਣੂਗੋਪਾਲ ਦਾ ਕਹਿਣਾ ਸੀ ਕਿ ਮਾਰਚ 2018 ਦਾ ਸੁਪਰੀਮ ਕੋਰਟ ਦਾ ਫ਼ੈਸਲਾ ਸੰਵਿਧਾਨ ਤਹਿਤ ਸਹੀ ਨਹੀਂ ਸੀ। ਅਦਾਲਤ ਨੇ 13 ਸਤੰਬਰ ਨੂੰ ਕੇਂਦਰ ਦੀ ਸਮੀਖਿਆ ਪਟੀਸ਼ਨ ਤਿੰਨ ਜੱਜਾਂ ਦੀ ਬੈਂਟ ਨੂੰ ਸੌਂਪੀ ਸੀ। ਜਸਟਿਸ ਅਰੁਣ ਮਿਸ਼ਰਾ, ਐੱਮਆਰ ਸ਼ਾਹ ਤੇ ਬੀਆਰ ਗਵਈ ਦੀ ਬੈਂਚ ਨੇ ਐੱਸਸੀ-ਐੱਸਟੀ ਐਕਟ ਦੇ ਮਾਮਲੇ 'ਚ ਫ਼ੈਸਲਾ ਦਿੱਤਾ। ਬੀਤੀ 18 ਸਤੰਬਰ ਨੂੰ ਸੁਪਰੀਮ ਕੋਰਟ ਨੇ ਪਿਛਲੇ ਸਾਲ 20 ਮਾਰਚ ਨੂੰ ਦੋ ਜੱਜਾਂ ਦੀ ਬੈਂਚ ਦੇ ਫ਼ੈਸਲੇ ਦੀ ਨਿਖੇਧੀ ਕੀਤੀ ਸੀ।

ਅਦਾਲਤ ਨੇ ਕਿਹਾ ਸੀ ਕਿ ਸੰਵਿਧਾਨ ਦੀ ਭਾਵਨਾ ਖ਼ਿਲਾਫ਼ ਵੀ ਕੋਈ ਫ਼ੈਸਲਾ ਦਿੱਤਾ ਜਾ ਸਕਦਾ ਹੈ।

ਸੁਪਰੀਮ ਕੋਰਟ ਨੇ ਉਦੋਂ ਸੰਕੇਤ ਦਿੱਤਾ ਸੀ ਕਿ ਉਹ ਸਮਾਨਤਾ ਕਾਇਮ ਕਰਨ ਲਈ ਕਾਨੂੰਨ ਦੇ ਦਾਇਰੇ 'ਚ ਕੁਝ ਦਿਸ਼ਾ-ਨਿਰਦੇਸ਼ ਜਾਰੀ ਕਰੇਗੀ। ਅਦਾਲਤ ਨੇ ਕਿਹਾ ਕਿ ਆਜ਼ਾਦੀ ਦੇ 70 ਸਾਲ ਬਾਅਦ ਵੀ ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਨੂੰ ਪੱਖਪਾਤ ਤੇ ਛੂਤਛਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ


Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਹਿਊਸਟਨ 'ਚ ਸਿੱਖ ਪੁਲਿਸ ਅਫਸਰ ਸੰਦੀਪ ਸਿੰਘ ਧਾਲੀਵਾਲ ਗੋਲੀਆਂ ਮਾਰ ਕੇ ਹਲਾਕ, ਸਾਰੇ ਭਾਈਚਾਰਿਆਂ ਦੇ ਲੋਕਾਂ ਵਲੋਂ ਸੋਗ

**ਹਿਊਸਟਨ, ਟੈਕਸਸ, (ਹੁਸਨ ਲੜੋਆ ਬੰਗਾ)–** ਹਿਊਸਟਨ ਚ ਪੈਂਦੀ ਹੈਰਿਸ ਕਾਉਂਟੀ ਚ ਇੱਕ ਸਿੱਖ ਪੁਲਿਸ ਅਫਸਰ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਉਸਦੀ ਡਿਊਟੀ ਦੌਰਾਨ ਇਕ ਸਿਰਫਿਰੇ ਵਲੋਂ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ।ਇਸ ਘਟਨਾ ਨੇ ਸਿਰਫ ਸਿੱਖ ਭਾਈਚਾਰੇ ਨੂੰ ਹੀ ਸੁੰਨ ਕਰ ਕੇ ਨਹੀਂ ਰੱਖ ਦਿੱਤਾ ਸਗੋਂ ਸਥਾਨਕ ਸਾਰੇ ਫਿਰਕਿਆਂ ਦੇ ਉਸਦੀ ਦੁਖਦਾਈ ਮੌਤ ਤੇ ਭੁੱਬਾਂ ਮਾਰਦੇ ਰੌਂਦੇ ਦੇਖੇ ਗਏ।42 ਸਾਲਾ ਸੰਦੀਪ ਧਾਲੀਵਾਲ ਨੇ ਟ੍ਰੈਫਿਕ ਦੀ ਉਲੰਘਣਾ ਕਰਨ 'ਤੇ ਇਕ ਕਾਰ ਨੂੰ ਰੋਕਿਆ, ਤੇ ਉਸਨੂੰ ਜਾਣ ਦਿੱਤਾ ਪਰਉਸੇ' ਕਾਰ ਦੇ ਚਾਲਕ ਵੱਲੋਂ ਸੰਦੀਪ ਧਾਲੀਵਾਲ ਨੂੰ ਉਸਦੇ ਵਾਪਿਸ ਮੁੜਨ ਤੇ ਪਿਛੋਂ ਗਰਦਨ ਤੇ ਗੋਲੀਆਂ ਮਾਰੀਆਂ ਜਿਸ ਨਾਲ ਉਹ ਥਾਂ ਹੀ ਡਿੱਗ ਗਿਆ।

ਇਸ ਮੌਕੇ ਉਸਨੂੰ ਹੈਲੀਕਾਪਟਰ ਰਾਹੀਂ ਸਥਾਨਕ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਮ੍ਰਿਤਕ ਪਾਇਆ ਗਿਆ। ਇਹ ਘਟਨਾਹੈਰਿਸ ਕਾਉਂਟੀ ਚ 14800 ਬਲਾਕ ਦੇ ਵਲੈਂਸੀ ਕੋਰਟ ਨੇੜੇ ਵੈਸਟ ਰੋਡ ਤੇ ਵਾਪਰੀ ਜਦੋਂ ਉਹ ਟਰੈਫਿਕ ਨੂੰ ਕੰਟਰੋਲ ਕਰ ਰਿਹਾ ਸੀ। ਹੈਰਿਸ ਕਾਉਂਟੀ ਸ਼ੈਰਿਫ ਨੇ ਕਿਹਾ






ਕਿ ਸੰਦੀਪ ਸਿੰਘ ਇਕ ਵਧੀਆ ਇਨਸਾਨ ਸੀ ਅਤੇ ਆਪਣੀ ਡਿਊਟੀ ਪੂਰੀ ਜਿਮੇਦਾਰੀ ਨਾਲ ਨਿਭਾਉਂਦਾ ਸੀ। ਉਸਦੀ ਮੌਤ ਪੁਲਿਸ ਵਿਭਾਗ ਲਈ ਇਕ ਮੰਦਭਾਗੀ ਖਬਰ ਹੈ। ਸਥਾਨਕ ਲੋਕਾਂ ਨੇ ਸਿੱਖ ਪੁਲਿਸ ਅਫਸਰ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੇ ਸਿਫਤਾਂ ਕੀਤੀਆਂ ਕਿ ਉਹ ਸਮਾਜਿਕ ਕੰਮਾਂ ਲਈ ਅੱਗੇ ਰਹਿੰਦਾ ਸੀ। ਕੁਝ ਲੋਕਾਂ ਨੇ ਕਿਹਾ ਕਿ ਉਹ ਕ੍ਰਿਸਮਿਸ ਤੇ ਗਰੀਬ ਬੱਚਿਆਂ ਨੂੰ ਤੋਹਫੇ ਦਿੰਦਾ ਸੀ।ਹਿਊਸਟਨ, ਟੈਕਸਾਸ ਵਿਖੇ ਪੁਲਿਸ ਵਿਭਾਗ ਵਿਚ ਸੰਦੀਪ ਸਿੰਘ ਧਾਲੀਵਾਲ ਪਹਿਲਾ ਦਸਤਾਰਧਾਰੀ ਪੁਲਿਸ ਅਫਸਰ ਸੀ ਜੋ ਹੁਣੇ ਜਿਹੇ ਹੀ ਪੁਰਤੋ ਰੀਕੋ ਤੋਂ ਕਿਸੇ ਮਿਸ਼ਨ ਤਹਿਤ ਵਾਪਿਸ ਆਇਆ ਸੀ।ਇਸ ਮੌਕੇ ਸਿੱਖ ਭਾਈਚਾਰਾ ਇਸ ਘਟਨਾਂ ਤੋਂ ਬਾਅਦ ਸੁੰਨ ਹੋ ਕੇ ਰਹਿ ਗਿਆ।

ਹੈਰਿਸ ਕਾਉਂਟੀ ਦੇ ਕਮਿਸ਼ਨਰ ਐਡਰੀਅਨ ਗਰਸੀਆ ਨੇ ਕਿਹਾ ਕਿ ਸੰਦੀਪ ਧਾਲੀਵਾਲ ਮੈਨੂੰ ਭਰਾ ਵਾਂਗ ਸੀ, ਇਸ ਘਟਨਾਂ ਦੇ ਦੋਸ਼ੀ ਗੋਰੇ ਰੋਬਰਟ ਸੋਲਿਸ 47 ਸਾਲਾ ਨੂੰ ਕਰੀਬ ਇਕ ਮੀਲ ਤੋਂ ਇੱਕ ਸ਼ਾਪਿੰਗ ਕੰਪਲੈਕਸ ਚੋਂ ਉਸਦੀ ਗਰਲ ਫਰੈਂਡ ਨਾਲ ਫੜ ਲਿਆ ਗਿਆ ਜੋ ਘਟਨਾਂ ਵੇਲੇ ਉਸਦੇ ਨਾਲ ਦੱਸੀ ਜਾਂਦੀ ਹੈ, ਇਸਦੇ ਨਾਲ ਹੀ ਜਿਸ ਗੰਨ ਨਾਲ ਘਟਨਾਂ ਨੂੰ ਅੰਜਾਮ ਦੇਣ ਲਈ ਵਰਤਿਆ ਗਿਆ ਉਹ ਵੀ ਬਰਾਮਦ ਕਰ ਲਈ ਗਈ ਹੈ। ਜਿਸ ਕਾਰ ਨਿਸ਼ਾਨ ਅਲਟੀਮਾ ਵਿੱਚ ਉਹ ਸਵਾਰ ਸੀ ਉਸਨੂੰ ਵੀ ਕਬਜੇ ਚ ਲੈ ਕੇ ਤਫਦੀਸ਼ ਕੀਤੀ ਗਈ।

ਅੱਜ ਸਾਰੇ ਸੀਨੀਅਰ ਅਫ਼ਸਰਾ ਵਲੋਂ ਉਸਦੀ ਮ੍ਰਿਤਕ ਦੇਹ ਨੂੰ ਸਲੂਟ ਦਿੱਤਾ ਗਿਆ, ਤੇ ਸਥਾਨਕ ਲੋਕਾਂ ਵਲੋਂ ਮੋਮਬੰਤੀਆਂ ਜਗਾ ਕੇ ਸਰਧਾਂਜਲੀ ਭੇਂਟ ਕੀਤੀ ਗਈ ਤੇ ਲੋਕ ਭੱਬੀਂ ਰੋਦੇ ਦੇਖੇ ਗਏ। ।

# ਸੰਦੀਪ ਸਿੰਘ ਧਾਲੀਵਾਲ ਦਾ ਅੰਤਮ ਸੰਸਕਾਰ ਬੁੱਧਵਾਰ ਨੂੰ, ਲਾਅ ਇਨਫੋਰਸਮੈਂਟ ਦੀ ਸਰਕਾਰੀ ਰਸਮ ਵੀ ਨਾਲ ਹੀ ਹੋਵੇਗੀ

**ਟੈਕਸਸ, ਹਿਊਸਟਨ ( ਹੁਸਨ ਲੜੋਆ ਬੰਗਾ)–** ਹਿਊਸਟਨ ਚ ਪੈਂਦੀ ਹੈਰਿਸ ਕਾਉਂਟੀ ਚ ਤਾਇਨਾਤ ਸ਼ੈਰਿਫ ਡਿਪਾਰਟਮੈਂਟ ਚ ਡਿਪਟੀ ਤੇ ਪਹਿਲੇ ਸਿੱਖ ਅਫਸਰ ਜਿਸਦੀ ਬੀਤੇ ਦਿਨੀ ਡਿਊਟੀ ਦੌਰਾਨ ਤੇ ਇੱਕ ਰੋਬਰਟ ਸੋਲਿਸ ਨਾਂ ਦੇ ਗੋਰੇ ਵਲੋਂ ਗੋਲੀ ਚਲਾਉਣ ਤੇ ਮੌਤ ਹੋ ਗਈ ਸੀ ਦਾ ਅੰਤਮ ਸੰਸਕਾਰ ਬੁੱਧਵਾਰ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗਾ । ਹੈਰੀਸ ਕਾਉਂਟੀ ਸ਼ੈਰਿਫ ਦੇ ਦਫਤਰ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ 42 ਸਾਲਾ ਡਿਪਟੀ ਸੰਦੀਪ ਧਾਲੀਵਾਲ ਦਾ ਅੰਤਿਮ ਸੰਸਕਾਰ ਬੁੱਧਵਾਰ ਨੂੰ ਹਿਊਸਟਨ ਨੇੜੇ ਸਾਈਪ੍ਰੈਸ ਦੇ ਬੇਰੀ ਸੈਂਟਰ ਵਿੱਚ ਹੋਵੇਗਾ। ਧਾਲੀਵਾਲ, ਜੋ ਕਿ ਸ਼ੁੱਕਰਵਾਰ ਨੂੰ ਮਾਰਿਆ ਗਿਆ ਸੀ, ਫੋਰਸ ਉੱਤੇ ਪਹਿਲਾ ਸਿੱਖ ਡਿਪਟੀ ਸੀ।ਇਕ ਸ਼ੈਰਿਫ ਦਫਤਰ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਪਹਿਲਾਂ ਸਿੱਖ ਰਹਿਤ ਮੁਰਿਆਦਾ ਮੁਤਾਬਕ ਧਾਰਮਿਕ ਸਮਾਗਮ ਬੁੱਧਵਾਰ ਸਵੇਰੇ 10:30 ਵਜੇ ਸ਼ੁਰੂ ਹੋਵੇਗਾ। ਇਸ ਤੋਂ ਇਲਾਵਾ ਲਾਅ ਇਨਫੋਰਸਮੈਂਟ ਦੀ ਸਰਕਾਰੀ ਰਸਮ ਸਵੇਰੇ 11:30 ਵਜੇ ਸ਼ੁਰੂ ਹੁੰਦੀ ਹੈ ਦੋਵੇਂ ਸਮਾਗਮ ਜਨਤਾ ਲਈ ਖੁੱਲੇ ਹੋਣਗੇ। ਇਨਾਂ ਦੋਨਾਂ ਸਮਾਗਮਾਂ ਵਿੱਚ ਸਥਾਨਕ ਲੋਕਾਂ ਦੀ ਵੱਡੀ ਆਮਦ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।ਦੂਸਰੇ ਪਾਸੇ 47 ਸਾਲਾ ਰਾਬਰਟ ਸੋਲਿਸ ਜਿਸ ਉਪਰ ਕਤਲ ਦਾ ਇਲਜ਼ਾਮ ਹੈ ਦੀ ਪੇਸ਼ੀ ਦੌਰਾਨ ਸਥਾਨਕ ਕੋਰਟ ਦੇ ਜੱਜ ਵਲੋਂ ਜਮਾਨਤ ਵੀ ਨਹੀਂ ਰੱਖੀ ਗਈ। ਜਿਸਦਾ ਪਹਿਲਾਂ ਹੀ ਅਪਰਾਧਿਕ ਰਿਕਾਰਡ ਹੈ ਜੋ 2017 ਵਿੱਚ ਪੈਰੋਲ ਦੀ ਉਲੰਘਣਾ ਅਤੇ ਇੱਕ ਪਾਬੰਦੀਸ਼ੁਦਾ ਹਥਿਆਰ ਦੇ ਰੱਖਣ ਲਈ ਲੋੜੀਂਦਾ ਸੀ। ਉਸਦਾ ਮਾਨਸਿਕ ਸਿਹਤ ਮੁਲਾਂਕਣ ਕਰਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਵਰਨਣ ਯੋਗ ਹੈ ਕਿ ਸੰਦੀਪ ਸਿੰਘ ਧਾਲੀਵਾਲ ਪੰਜਾਬ ਵਿਚਲੇ ਜਿਲ੍ਹਾ ਕਪੂਰਥਲਾ ਦੇ ਪਿੰਡ ਧਾਲੀਵਾਲ ਬੇਟ ਤੋਂ ਸਨ ਤੇ ਕਰੀਬ ਦੱਸ ਸਾਲ ਤੋਂ ਹੈਰਿਸ ਕਾਉਂਟੀ ਵਿੱਚ ਸ਼ੈਰਿਫ ਕਾਉਂਟੀ ਵਿੱਚ ਤਾਇਨਾਤ ਸਨ।

# ਭਾਰਤੀ ਇੰਜੀਨੀਅਰਿੰਗ ਵਿਦਿਆਰਥੀ ਦੇ ਹਤਿਆਰੇ ਨੂੰ ਹਥਿਆਰ ਵੇਚਣ ਵਾਲੇ ਵਿਰੁੱਧ ਪੁਲਿਸ ਵੱਲੋਂ ਪਟੀਸ਼ਨ ਦਾਇਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕਨਸਾਸ ਸਿਟੀ, ਮਿਸੋਰੀ ਪੁਲਿਸ ਵਿਭਾਗ ਦੇ ਅਨੇਕਾਂ ਮੈਂਬਰਾਂ ਨੇ ਭਾਰਤੀ ਇੰਜੀਨੀਅਰਿੰਗ ਵਿਦਿਆਰਥੀ ਸ਼ਰਤ ਕੋਪੂ (24) ਦੇ ਹਤਿਆਰੇ ਨੂੰ ਹਥਿਆਰ ਵੇਚਣ ਵਾਲੇ ਗੰਨ ਸ਼ਾਪ ਦੇ ਮਾਲਕ ਵਿਰੁੱਧ ਪੁਲਿਸ ਕੋਲ ਪਟੀਸ਼ਨ ਦਾਇਰ ਕੀਤੀ ਹੈ। ਸ਼ਰਤ ਕੋਪੂ ਯੂਨੀਵਰਸਿਟੀ ਆਫ ਮਿਸੋਰੀ ਕਨਸਾਸ ਸਿਟੀ ਵਿਚ ਕੰਪਿਊਟਰ ਸਾਇੰਸ 'ਚ ਮਾਸਟਰ ਡਿਗਰੀ ਕਰਨ ਲਈ ਕੁਝ ਮਹੀਨੇ ਪਹਿਲਾਂ ਹੀ ਅਮਰੀਕਾ ਆਇਆ ਸੀ। ਵਾਰੰਗਲ ਵਾਸੀ ਕੋਪੂ ਆਪਣੇ ਇਕ ਰਿਸ਼ਤੇਦਾਰ ਦੇ ਫਿਸ਼ ਐਂਡ ਚਿਕਨ ਰੈਸਟੋਰੈਂਟ ਵਿਚ ਕੰਮ ਕਰਦਾ ਸੀ। ਮੌਕੇ ਦੇ ਗਵਾਹਾਂ ਤੇ ਕੈਮਰਿਆਂ ਦੇ ਫੁੱਟੇਜ਼ ਤੋਂ ਪਤਾ ਲੱਗਾ ਹੈ ਕਿ ਇਕ ਵਿਅਕਤੀ ਰੈਸਟੋਰੈਂਟ ਵਿਚ ਦਾਖਲ ਹੋਇਆ ਜਿਸ ਨੇ ਇਕ ਤੌਲੀਏ ਵਿਚ ਗੰਨ



ਲਪੇਟੀ ਹੋਈ ਸੀ।

ਕੋਪੂ ਨੇ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਸ ਵਿਅਕਤੀ ਨੇ ਉਸ ਦੇ ਪਿਛਲੇ ਪਾਸੇ ਗੋਲੀ ਮਾਰਕੇ ਉਸ ਦੀ ਹੱਤਿਆ ਕਰ ਦਿੱਤੀ। ਦੋਸ਼ੀ ਦੀ ਪਛਾਣ ਮਾਰਲਿਨ ਮੈਕ ਵਜੋਂ ਹੋਈ ਸੀ ਜਿਸ ਨੇ ਬਾਅਦ ਵਿਚ ਪੁਲਿਸ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ ਜਿਸ ਦੌਰਾਨ ਉਸ ਨੇ ਦੌੜਣ ਦੀ ਕੋਸ਼ਿਸ਼ ਕੀਤੀ ਪਰ ਇਸੇ ਦੌਰਾਨ ਉਹ ਪੁਲਿਸ ਹੱਥੋਂ ਮਾਰਿਆ ਗਿਆ। ਪਟੀਸ਼ਨ ਅਨੁਸਾਰ ਕੋਪੂ ਨੂੰ ਮਾਰਨ ਦੇ 8 ਦਿਨਾਂ ਬਾਅਦ ਉਹ ਗੰਨ ਸ਼ਾਪ 'ਤੇ ਗਿਆ ਤੇ ਗੰਨ ਸ਼ਾਪ ਵਾਲਿਆਂ ਨੇ ਉਸ ਦਾ ਅਪਰਾਧਕ ਰਿਕਾਰਡ ਹੋਣ ਦੇ ਬਾਵਜੂਦ ਉਸ ਨੂੰ ਸੈਮੀ ਆਟੋਮੈਟਿਕ ਏ ਕੇ ਸਟਾਈਲ ਪਿਸਤੌਲ ਵੇਚਿਆ ਜੋ ਉਸ ਨੇ ਪੁਲਿਸ ਅਧਿਕਾਰੀਆਂ ਉਪਰ ਹਮਲਾ ਕਰਨ ਲਈ ਵਰਤਿਆ ਸੀ।

# ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ 20 ਅਕਤੂਬਰ ਨੂੰ ਹੋਵੇਗਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):–** ਯਮਲਾ ਜੱਟ ਫਾਉਡੇਸ਼ਨ ਦੇ ਮੁੱਖ ਮੈਂਬਰਾ ਦੀ ਬੀਤੇ ਦਿਨੀ ਇੱਕ ਅਹਿੰਮ ਮੀਟਿੰਗ ਹੋਈ। ਇਸ ਮਟਿੰਗ ਵਿੱਚ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਤ ਮੇਲੇ ਦੇ ਸਬੰਧਤ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਾਲ ਮੇਲਾ 20 ਅਕਤੂਬਰ 2019, ਦਿਨ ਐਤਵਾਰ ਦੁਪਿਹਰ 12 ਵਜੇ ਤੇ ਲੈ ਕੇ ਸਾਮ 6 ਵਜੇ ਤੱਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਪਿਛਲੇ ਸਾਲ ਦੀ ਤਰ੍ਹਾਂ ਮਨਇਆ ਜਾਵੇਗਾ। ਇਸ ਮੇਲੇ ਵਿੱਚ ਬਹੁਤ ਸਾਰੇ ਨਾਮਵਰ ਗਇਕ ਵੀ ਪਹੁੰਚ ਰਹੇ ਹਨ। ਜਿੰਨ੍ਹਾਂ ਵਿੱਚ ਵਿਸ਼ੇਸ਼ ਲੋਕਾ ਦੀ ਪੁਰਜ਼ੋਰ ਮੰਗ 'ਤੇ ਬਰਜਿੰਦਰ ਮਚਲਾ ਜੱਟ, ਬੁਲੰਦ ਆਵਾਜ਼ ਅਤੇ ਕਲਮ ਦੇ ਧਨੀ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਸਪੈਸ਼ਲ ਕਨੇਡਾ ਤੋਂ ਮੱਖਣ ਬਰਾੜ, ਐਚ. ਐਸ. ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣਾ ਗਿੱਲ, ਕਾਂਤਾ ਸਹੋਤਾ, ਉਕਾਰ ਗਿੱਲ, ਪੱਪੂ ਬਰਾੜ, ਸੁਲਤਾਨ ਅਖਤਰ, ਅਕਾਸਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿਕ ਹਮੇਸ਼ਾ ਵਾਂਗ ਆਪਣੀ ਗਾਇਕੀ ਦਾ ਰੰਗ ਬੰਨਣਗੇ। ਇਸ ਤੋਂ ਇਲਾਵਾ ਛੋਟੀ ਉਮਰੇ ਵੱਡੀ ਗਾਇਕੀ ਵੱਲ ਵੱਧ ਰਹੇ ਛੋਟੇ ਬੱਚੇ ਅਮਨਜੋਤ ਸਿੰਘ ਅਤੇ ਇੰਦਰਜੀਤ ਸਿੰਘ (ਮਾਛੀਵਾੜਾ ਬ੍ਰਦਰਜ਼) ਵੀ ਆਪਣੀ ਗਾਇਕੀ ਦੇ ਰੰਗ ਬੰਨਣਗੇ। ਇਸ ਮੇਲੇ ਵਿੱਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾ ਨੂੰ ਖਾਸ ਤੌਰ 'ਤੇ ਖੁੱਲੇ ਅਖਾੜੇ ਵਿੱਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿੱਚ ਦਾਖਲਾ ਅਤੇ ਲੰਗਰਾ ਦਾ ਫਰੀ ਪ੍ਰਬੰਧ ਹੋਵੇਗਾ। ਇਸੇ ਤਰ੍ਹਾਂ ਬੱਚਿਆ ਅਤੇ ਬੀਬੀਆ ਦੇ ਬੈਠਣ ਲਈ ਵੀ ਉਚੇਚੇ ਪ੍ਰਬੰਧ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਰਾਜਿੰਦਰ ਬਰਾੜ ਨਾਲ ਫੋਨ (559) 824-9028 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਜੀ.ਐਚ.ਜੀ. ਅਕੈਡਮੀ ਵੱਲੋਂ ਕੀਰਤਨ ਅਤੇ ਭਾਸ਼ਨ ਮੁਕਾਬਲੇ 16 ਨਵੰਬਰ ਨੂੰ ਹੋਣਗੇ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਜਿੱਥੇ ਬੱਚਿਆ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਸਲਾਨਾ ਗਿੱਧੇ ਅਤੇ ਭੰਗੜੇ ਦੇ ਸਿਖਲਾਈ ਕੈਂਪ ਲਾਉਂਦੀ ਹੈ। ਉਸੇ ਉਪਰਾਲੇ ਨੂੰ ਅੱਗੇ ਤੋਰਦੇ ਹੋਏ ਬੱਚਿਆ ਨੂੰ ਧਰਮ ਦੀ ਸਿੱਖਿਆ ਅਤੇ ਉਤਸ਼ਾਹਤ ਕਰਨ ਲਈ ਅਕੈਡਮੀ ਵੱਲੋਂ ਇਸ ਸਾਲ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਬੱਚਿਆ ਦੇ ਕੀਰਤਨ ਅਤੇ ਭਾਸ਼ਨ ਮੁਕਾਬਲੇ ਕਰਵਾਏ ਜਾਣਗੇ। ਇਹ ਪ੍ਰੋਗਰਾਮ 16 ਨਵੰਬਰ 2019 ਦਿਨ ਸ਼ਨੀਵਾਰ ਨੂੰ ਹੋਵੇਗਾ। ਕੀਰਤਨ ਮੁਕਾਬਲੇ 6 ਸਾਲ ਦੀ ਉਮਰ ਤੋਂ 18 ਸਾਲ ਦੀ ਉਮਰ ਦੇ ਦਰਮਿਆਨ ਬੱਚਿਆ ਦੇ ਹੋਣਗੇ। ਜਿੰਨ੍ਹਾਂ ਨੂੰ ਕ੍ਰਮਵਾਰ 500, 300 ਅਤੇ 250 ਡਾਲਰ ਦੇ ਇਨਾਮ ਦਿੱਤੇ ਜਾਣਗੇ। ਸਪੀਚ ਮੁਕਾਬਲੇ ਬੱਚਿਆ ਦੇ ਦੋ ਵੱਖ-ਵੱਖ ਉਮਰ ਗਰੁੱਪ ਹੋਣਗੇ। ਜਿਸ ਵਿੱਚ ਪਹਿਲਾ 10 ਸਾਲ ਤੋਂ 14 ਸਾਲ ਅਤੇ ਦੂਸਰਾ ਗਰੁੱਪ 14 ਸਾਲ ਤੋਂ 18 ਸਾਲ ਦਾ ਹੋਵੇਗਾ। ਜਿੰਨ੍ਹਾਂ ਨੂੰ ਪਹਿਲੇ ਸਥਾਨ ਵਾਲੇ ਨੂੰ ਤਿੰਨ ਸੌ ਡਾਲਰ, ਦੂਜੇ ਸਥਾਨ ਵਾਲੇ ਨੂੰ ਦੋ ਸੌ ਡਾਲਰ ਅਤੇ ਤੀਜੇ ਸਥਾਨ ਵਾਲੇ ਨੂੰ ਇਕ ਸੌ ਡਾਲਰ ਦਿੱਤਾ ਜਾਵੇਗਾ। ਇਹ ਸਮੁੱਚਾ ਪ੍ਰੋਗਰਾਮ 'ਸਿੱਖ ਇੰਨਸਟੀਚਿਊਟ' (ਗੁਰਦੁਆਰਾ ਸਿੰਘ ਸਭਾ) 4827 North Parkway Drive, Fresno, CA 93722 ਵਿਖੇ ਹੋਵੇਗਾ। ਪ੍ਰੋਗਰਾਮ ਵਿੱਚ ਹਿੱਸਾ ਲੈਣ ਅਤੇ ਆਪਣੇ ਰਜਿਸਟ੍ਰੇਸ਼ਨ ਸੰਬੰਧੀ ਉਦੇਦੀਪ ਸਿੰਘ ਸਿੱਧੂ ਨਾਲ ਫੋਨ ਨੰਬਰ (559) 355-4065 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਨੂੰ ਸਨਮਾਨਿਤ ਕਰਦੇ ਹੋਏ ਯਾਦਗਾਰੀ ਮੈਡਲ ਅਤੇ ਗੁਟਕਾ ਸਾਹਿਬ ਭੇਟ ਵਜੋਂ ਦਿੱਤਾ ਜਾਵੇਗਾ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ।

# ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਜਨਮ ਦਿਵਸ ਦੀਆਂ ਤਿਆਰੀਆਂ ਮੁਕੰਮਲ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ 4, 5, 6 ਅਕਤੂਬਰ 2019 ਨੂੰ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ ਜਨਮ ਦਿਵਸ ਮਨਾਉਣ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਸੰਸਥਾ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬਾਬਾ ਬੁੱਢਾ ਜੀ ਐਸੋਸੀਏਸ਼ਨ ਆਫ ਅਮਰੀਕਾ ਵੱਲੋਂ 4 ਅਕਤੂਬਰ ਸ਼ੁੱਕਰਵਾਰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ ਅਤੇ 6 ਅਕਤੂਬਰ ਐਤਵਾਰ ਨੂੰ ਭੋਗ ਪੈਣ ਉਪਰੰਤ ਸਵੇਰੇ 10 ਵਜੇ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿੱਥੇ ਗੁਰੂ ਘਰ ਦੇ ਕਥਾਵਾਚਕ ਅਤੇ ਕੀਰਤਨੀਏ ਸਿੰਘਾਂ ਤੋਂ ਇਲਾਵਾ ਭਾਰਤ ਤੋਂ ਪਹੁੰਚੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਜੁਝਾਰ ਸਿੰਘ ਦੁਪਹਿਰ ਦੇ ਦੀਵਾਨਾਂ ਵਿਚ ਅਤੇ ਸੋਮਵਾਰ ਤੋਂ ਸ਼ਨਿਚਰਵਾਰ ਸ਼ਾਮ ਦੇ ਦੀਵਾਨਾਂ ਵਿਚ ਬਾਬਾ ਬੁੱਢਾ ਜੀ ਦੇ ਜੀਵਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਣਗੇ। ਸੰਸਥਾ ਵੱਲੋਂ ਤਿੰਨੇ ਦਿਨ ਲੰਗਰਾਂ ਦੀ ਸੇਵਾ ਨਿਭਾਈ ਜਾਵੇਗੀ। ਬਾਬਾ ਬੁੱਢਾ ਜੀ ਸੰਸਥਾ ਵੱਲੋਂਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਪਹੁੰਚਣ ਦੀ ਅਪੀਲ ਕੀਤੀ ਜਾ ਰਹੀ ਹੈ।




BERKSHIRE HATHAWAY
BH HS BERKSHIRE HATHAWAY HOMESERVICES
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
MLS
7412 Elsie Ave., Sacramento, CA 95828



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਪੈਰਾਡਾਈਜ਼ ਬਾਲਰੂਮ 'ਚ 'ਸਹਾਇਤਾ ਨਾਈਟ ਬੇ ਏਰੀਆ' ਫੰਡ ਰੇਜ਼ਿੰਗ ਸਮਾਗਮ 6 ਅਕਤੂਬਰ

## ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਹੋਵੇਗਾ ਇਹ ਫੰਡ ਰੇਜ਼ਿੰਗ- ਡਾ.ਸੰਧੂ

**ਫਰੀਮਾਂਟ (ਬਿਓਰੋ)–** ਕੈਲੀਫੋਰਨੀਆਂ ਅਧਾਰਿਤ ਮਨੁੱਖਤਾ ਦੀ ਇਸ ਵੇਲੇ ਸਭ ਤੋਂ ਵੱਡੀ ਸੇਵਾ ਕਰ ਰਹੀ 'ਸਹਾਇਤਾ ਸੰਸਥਾ' ਵਲੋਂ ਇਸ ਵੇਲੇ ਪੰਜਾਬ ਵਿਚ ਹੜ੍ਹ ਪ੍ਰਭਾਵਿਤ, ਦੁਖੀ ਤੇ ਲੋੜਵੰਦ ਪਰਿਵਾਰਾਂ ਦੀ ਦੋਵੇਂ ਹੱਥ ਵਧਾ ਕੇ ਸੇਵਾ ਕੀਤੀ ਜਾ ਰਹੀ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਡਾ. ਹਰਕੇਸ਼ ਸੰਧੂ ਦੀ ਅਗਵਾਈ ਵਾਲੀ ਇਹ ਸੰਸਥਾ ਇਸ ਤੋਂ ਪਹਿਲਾਂ ਪੰਜਾਬ ਵਿਚ ਜਿੱਥੇ ਹਜ਼ਾਰਾਂ ਲੋਕਾਂ ਨੂੰ ਅੱਖਾਂ ਦੀ ਰੌਸ਼ਨੀ ਦੇ ਚੁੱਕੀ ਹੈ ਉੱਥੇ ਲਵਾਰਿਸ, ਅਪੰਗ ਅਤੇ ਨਿਆਸਰੇ ਬੱਚਿਆਂ ਨੂੰ ਸਾਂਭ ਸੰਭਾਲਣ 'ਚ ਵੀ ਲੱਗੀ ਹੋਈ ਹੈ।

ਕਰਜ਼ੇ ਨਾਲ ਮਰਨ ਵਾਲੇ ਬਹੁਤ ਸਾਰੇ ਪਰਿਵਾਰਾਂ ਦੇ ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰਨ ਪੱਖੋਂ ਵੀ ਮਦਦ ਕਰ ਰਹੀ ਹੈ। ਆਪਣੇ ਆਪ ਵਿਚ ਅਨੋਖੀ ਮਿਸਾਲ ਬਣੀ ਇਸ ਸੰਸਥਾ ਲਈ ਇਕ ਵਿਸ਼ੇਸ਼ ਸਮਾਗਮ 6 ਅਕਤੂਬਰ ਦਿਨ ਐਤਵਾਰ ਨੂੰ ਸ਼ਾਮ 5:30 ਤੋਂ ਲੈ ਕੇ ਦੇਰ ਰਾਤ ਤੱਕ ਪੈਰਾਡਾਈਜ਼ ਬਾਲਰੂਮ, 4100 ਪ ਰਿ ਆ ਲ ਟਾ ਬੁਲੇਵਾਰਡ ਵਿਖੇ





'ਸਹਾਇਤਾ ਨਾਈਟ ਬੇ ਏਰੀਆ' ਦੇ ਨਾਮ ਹੇਠ ਕਰਵਾਇਆ ਜਾ ਰਿਹਾ ਹੈ। ਇਸ ਨਾਈਟ ਵਿਚ ਜਿੱਥੇ ਮਨੋਰੰਜਨ ਦੀ ਵਿਵਸਥਾ ਵੀ ਹੋਵੇਗੀ ਉੱਥੇ ਸਹਾਇਤਾ ਸੰਸਥਾ ਵਲੋਂ ਭਾਰਤ ਵਿਚਲੇ ਪ੍ਰੋਜੈਕਟਾਂ ਦੀ ਪੇਸ਼ਕਾਰੀ, ਪੰਜਾਬ ਦੇ ਹੜ੍ਹ ਪ੍ਰਵਾਭਿਤ ਪਰਿਵਾਰਾਂ ਤੇ ਕਰਜ਼ਾਈ ਕਿਸਾਨਾਂ ਦੀ ਕੀਤੀ ਜਾ ਰਹੀ ਸੇਵਾ ਪ੍ਰਤੀ ਪ੍ਰੈਜੈਂਟੇਸ਼ਨ ਵੀ ਵਿਖਾਈ ਜਾਵੇਗੀ। ਜਿੱਥੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਵਲੋਂ ਇਸ ਮੌਕੇ 'ਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਜਾਵੇਗਾ ਉੱਥੇ ਹਾਜ਼ਰ ਸਹਿਯੋਗੀਆਂ ਦੇ ਮਨੋਰੰਜਨ ਦਾ ਵੀ ਪ੍ਰਬੰਧ ਹੋਵੇਗਾ। ਡਾ. ਹਰਕੇਸ਼ ਸੰਧੂ ਅਤੇ ਸਰੂਪ ਸਿੰਘ ਝੱਜ ਅਨੁਸਾਰ ਇਸ ਨਾਈਟ ਦੌਰਾਨ ਸਹਾਇਤਾ ਸੰਸਥਾ ਦੀ ਸਮੁੱਚੀ ਕਾਰਜਸ਼ੈਲੀ ਅਤੇ ਕੰਮਾਂ ਬਾਰੇ ਵੀ ਵਿਸਥਾਰ 'ਚ ਚਾਨਣਾ ਪਾਇਆ ਜਾਵੇਗਾ। ਦਾਖਲੇ ਲਈ ਮਾਮੂਲੀ ਐਂਟਰੀ ਫੀਸ ਰੱਖੀ ਗਈ ਹੈ। ਸੋ ਸਹਾਇਤਾ ਸੰਸਥਾ ਵਲੋਂ ਪੰਜਾਬ ਤੇ ਪੰਜਾਬੀਅਤ ਨਾਲ ਹਿਤ ਰੱਖਣ ਵਾਲੇ ਪੰਜਾਬੀਆਂ ਨੂੰ ਇਸ ਨਾਈਟ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ ਗਿਆ ਹੈ।

# ਪਾਕਿ ਵੱਲੋਂ ਕਰਤਾਰਪੁਰ ਲਾਂਘੇ ਦੇ ਉਦਘਾਟਨ ਸਮਾਗਮ ਲਈ ਮਨਮੋਹਨ ਸਿੰਘ ਨੂੰ ਸੱਦਾ ਦੇਣ ਦਾ ਫ਼ੈਸਲਾ, ਪਰ ਮਨਮੋਹਨ ਸਿੰਘ ਵੱਲੋਂ ਇਨਕਾਰ

**ਇਸਲਾਮਾਬਾਦ–** ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਉਹ 9 ਨਵੰਬਰ ਨੂੰ ਕਰਤਾਰਪੁਰ ਲਾਂਘੇ ਦੇ ਉਦਘਾਟਨ ਸਮਾਗਮ ਲਈ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਮਨਮੋਹਨ ਸਿੰਘ ਨੂੰ ਸੱਦਾ ਭੇਜਣਗੇ। ਕੁਰੈਸ਼ੀ ਨੇ ਕਿਹਾ ਕਿ ਇਮਰਾਨ ਖ਼ਾਨ ਦੀ ਅਗਵਾਈ ਵਾਲੀ ਸਰਕਾਰ ਨੇ ਉਦਘਾਟਨੀ ਸਮਾਗਮ ਉਚੇਚੇ ਤੌਰ 'ਤੇ ਮਨਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਕਿ ਸਰਕਾਰ ਨੇ ਮੁੱਖ ਸਮਾਗਮ ਲਈ ਵੱਡੀਆਂ ਤਿਆਰੀਆਂ ਕੀਤੀਆਂ ਹਨ। ਸ੍ਰੀ ਕੁਰੈਸ਼ੀ ਨੇ ਕਿਹਾ, ''ਅਸੀਂ ਸਾਬਕਾ ਭਾਰਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸੱਦਣ ਦਾ ਫੈਸਲਾ ਲਿਆ ਹੈ। ਉਨ੍ਹਾਂ ਦਾ ਸਿੱਖ ਭਾਈਚਾਰੇ 'ਚ ਚੰਗਾ ਆਦਰ ਮਾਣ ਹੈ ਤੇ ਉਹ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹਨ। ਮੈਂ ਪਾਕਿਸਤਾਨ ਸਰਕਾਰ ਵੱਲੋਂ ਉਨ੍ਹਾਂ ਨੂੰ ਸੱਦਾ ਭੇਜਦਾ ਹਾਂ। ਅਸੀਂ ਉਨ੍ਹਾਂ ਨੂੰ ਲਿਖਤੀ ਸੱਦਾ ਪੱਤਰ ਵੀ ਭੇਜਾਂਗੇ।' ਵਿਦੇਸ਼ ਮੰਤਰੀ ਨੇ ਕਿਹਾ, 'ਅਸੀਂ ਚਾਹੁੰਦੇ ਹਾਂ ਕਿ ਸਾਰੇ ਸਿੱਖ ਸ਼ਰਧਾਲੂ ਕਰਤਾਰਪੁਰ ਆਉਣ ਅਤੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਜਸ਼ਨਾਂ ਵਿੱਚ ਸ਼ਰੀਕ ਹੋਣ।'

ਇਸ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦਫ਼ਤਰ ਨੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ



ਪਾਕਿਸਤਾਨ ਵੱਲੋਂ ਕੋਈ ਸੱਦਾ ਭੇਜੇ ਜਾਣ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ। ਸੂਤਰਾਂ ਨੇ ਹਾਲਾਂਕਿ ਇਸ਼ਾਰਾ ਕੀਤਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸ਼ਾਇਦ ਇਸ ਸਮਾਗਮ ਵਿੱਚ ਸ਼ਾਮਲ ਨਾ ਹੋਣ। ਉਧਰ ਕਾਂਗਰਸ ਨੇ ਵੀ ਹਾਲ ਦੀ ਘੜੀ ਇਸ ਮੁੱਦੇ 'ਤੇ ਚੁੱਪੀ ਵੱਟੀ ਹੋਈ ਹੈ। ਚੇਤੇ ਰਹੇ ਕਿ ਪ੍ਰਧਾਨ ਮੰਤਰੀ ਵਜੋਂ ਆਪਣੇ ਦਸ ਸਾਲਾਂ ਦੇ ਕਾਰਜਕਾਲ ਦੌਰਾਨ ਮਨਮੋਹਨ ਸਿੰਘ ਇਕ ਵਾਰ ਵੀ ਪਾਕਿਸਤਾਨ ਨਹੀਂ ਗਏ। ਪਾਕਿਸਤਾਨ ਵਿੱਚ ਰਾਵੀ ਦਰਿਆ ਦੇ ਕੰਢੇ ਨੇੜੇ ਸਥਾਪਿਤ ਗੁਰਦੁਆਰਾ ਕਰਤਾਰਪੁਰ, ਭਾਰਤ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਡੇਰਾ ਬਾਬਾ ਨਾਨਕ ਗੁਰਦੁਆਰੇ ਦਰਮਿਆਨ ਲਗਪਗ ਚਾਰ ਕਿਲੋਮੀਟਰ ਦਾ ਫ਼ਾਸਲਾ ਹੈ।

ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਸਾਲ 1539 ਵਿੱਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ 18 ਸਾਲ ਕਰਤਾਰਪੁਰ ਵਿੱਚ ਰਹੇ। ਦੋਵਾਂ ਮੁਲਕਾਂ ਦਰਿਆਨ ਲਾਂਘੇ ਦੇ ਖੁੱਲ੍ਹਣ ਨਾਲ ਸਿੱਖ ਸ਼ਰਧਾਲੂ ਕਰਤਾਰਪੁਰ ਗੁਰਦੁਆਰੇ ਦੇ ਦਰਸ਼ਨ ਦੀਦਾਰ ਕਰ ਸਕਣਗੇ। ਲਾਂਘਾ, ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਤਿੰਨ ਦਿਨ ਪਹਿਲਾਂ 9 ਨਵੰਬਰ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤਾ ਜਾਵੇਗਾ।

# ਪੰਜਾਬ ਜ਼ਿਮਨੀ ਚੋਣਾਂ: ਆਖਰੀ ਦਿਨ 49 ਉਮੀਦਵਾਰਾਂ ਵੱਲੋਂ ਕਾਗਜ਼ ਦਾਖਲ

**ਚੰਡੀਗੜ੍ਹ–** ਫਗਵਾੜਾ (ਐਸ.ਸੀ.), ਮੁਕੇਰੀਆਂ, ਦਾਖਾ ਅਤੇ ਜਲਾਲਾਬਾਦ ਵਿਧਾਨ ਸਭਾ ਹਲਕਿਆਂ ਲਈ ਹੋ ਰਹੀਆਂ ਜ਼ਿਮਨੀ ਚੋਣਾਂ ਲਈ ਨਾਮਜ਼ਦਗੀ ਦੇ ਆਖਰੀ ਦਿਨ 49 ਉਮੀਦਵਾਰਾਂ ਨੇ ਕਾਗਜ਼ ਦਾਖਲ ਕੀਤੇ। ਮੁੱਖ ਚੋਣ ਅਧਿਕਾਰੀ, ਪੰਜਾਬ ਦੇ ਤਰਜਮਾਨ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਫਗਵਾੜਾ ਲਈ 16 ਉਮੀਦਵਾਰਾਂ ਨੇ ਕਾਗਜ਼ ਦਾਖਲ ਕੀਤੇ, ਜਦਕਿ ਮੁਕੇਰੀਆਂ ਲਈ 11 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਕਾਗਜ਼



ਦਾਖਲ ਕੀਤੇ ਗਏ ਹਨ। ਇਸੇ ਤਰ੍ਹਾਂ ਦਾਖਾ ਲਈ 11 ਉਮੀਦਵਾਰਾਂ ਵਲੋਂ ਅੱਜ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਗਏ, ਜਿਸ ਨਾਲ ਇਥੋਂ ਦੇ ਕੁੱਲ ਉਮੀਦਵਾਰਾਂ ਦੀ ਗਿਣਤੀ 16 ਹੋ ਗਈ ਹੈ। ਜਲਾਲਾਬਾਦ ਲਈ ਅੱਜ 10 ਉਮੀਦਵਾਰਾਂ ਨੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ। ਚਾਰੇ ਵਿਧਾਨ ਸਭਾ ਹਲਕਿਆਂ ਲਈ ਕੁਲ 54 ਉਮੀਦਵਾਰਾਂ ਵੱਲੋਂ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਗਏ ਹਨ। ਪਹਿਲੇ ਦਿਨ 5 ਉਮੀਦਵਾਰਾਂ ਨੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਸਨ। ਪਹਿਲੀ ਅਕਤੂਬਰ ਨੂੰ ਕਾਗਜ਼ਾਂ ਦੀ ਪੜਤਾਲ ਕੀਤੀ ਜਾਵੇਗੀ। ਨਾਮਜ਼ਦਗੀ ਕਾਗਜ਼ ਵਾਪਸ ਲੈਣ ਦੀ ਅੰਤਿਮ ਤਰੀਕ 3 ਅਕਤੂਬਰ ਹੈ।




# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 27ਵਾਂ ਸਥਾਪਨਾ ਦਿਵਸ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ, ਕੈਲੀਫੋਰਨੀਆ ਦਾ 27ਵਾਂ ਸਥਾਪਨਾ ਦਿਵਸ ਸਾਧਸੰਗਤਿ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ 27, 28 ਅਤੇ 29 ਸਤੰਬਰ ਨੂੰ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਦਿਨ ਸ਼ੁੱਕਰਵਾਰ 27 ਸਤੰਬਰ 2019 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਦਿਨ ਸ਼ਨੀਵਾਰ 28 ਸਤੰਬਰ 2019 ਸ਼ਾਮ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਦੀ ਸੇਵਾ ਕੀਤੀ ਗਈ। ਇਹ ਸੇਵਾ ਸ੍ਰੀ ਜਸਵੰਤ ਸਿੰਘ ਸ਼ੀਮਾਰ, ਬੀਬੀ ਕੁਲਵਿੰਦਰ ਕੌਰ ਸ਼ੀਮਾਰ ਅਤੇ ਪਰਿਵਾਰ ਵਲੋਂ ਸ਼ਰਧਾ ਭਾਵਨਾ ਨਾਲ ਕੀਤੀ ਗਈ।

ਇਸ ਉਪਰੰਤ ਸ਼ਾਮ 6 ਵਜੇ ਤੋਂ 9 ਵਜੇ ਤੱਕ ਕੀਰਤਨ ਦਿਵਾਨ ਸਜਾਏ ਗਏ ਜਿਨ੍ਹਾਂ ਵਿੱਚ ਭਾਈ ਅਮ੍ਰਿਤਪਾਲ ਸਿੰਘ ਜੀ ਸੰਗਰੂਰ ਵਾਲੇ ਅਤੇ ਗੁਰੂਘਰ ਦੇ ਹਜ਼ੂਰੀ ਰਾਗੀ ਜਥੇ (ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ) ਵਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ।

ਦਿਨ ਐਤਵਾਰ 29 ਸਤੰਬਰ 2019 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10 ਵਜੇ ਪਏ ਗਏ ਉਪਰੰਤ ਭਾਈ ਤਾਜਵਿੰਦਰ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਗੁਰੂਘਰ ਦੇ ਹਜ਼ੂਰੀ ਰਾਗੀ ਜਥੇ ਅਤੇ ਬੱਚਿਆਂ ਵਲੋਂ ਕੀਰਤਨ ਦਿਵਾਨ ਸਜਾਏ ਗਏ। ਇਸ ਮੌਕੇ ਸੇਵਕ ਪਰਿਵਾਰਾਂ ਨੂੰ ਸੇਵਾਵਾਂ ਦੇ ਲਈ ਸ੍ਰੀ ਸਿਰੋਪਾਉ ਸਾਹਿਬ ਭੇਟ ਕੀਤੇ ਗਏ। ਜਿਨ੍ਹਾਂ ਪਰਿਵਾਰਾਂ ਨੇ ਗੁਰੂਘਰ ਦੀਆਂ ਨਵੀਆਂ ਉਸਾਰੀ ਅਧੀਨ ਇਮਾਰਤਾਂ ਲਈ ਮਾਇਆ ਦਾ ਯੋਗਦਾਨ ਪਾਇਆ ਉਨ੍ਹਾਂ ਨੂੰ ਵੀ ਗੁਰੂਘਰ ਵਲੋਂ ਸ੍ਰੀ ਸਿਰੋਪਾਉ ਸਾਹਿਬ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਸ਼ੁਭ ਮੌਕੇ ਤੇ ਸੈਕਰਾਮੈਂਟੋ ਕਾਉਂਟੀ ਸੁਪਰਵਾਈਜ਼ਰ ਬੀਬੀ ਸੂ ਫਰੋਸਟ ਖ਼ਾਸ ਤੌਰ ਤੇ ਪਹੁੰਚੇ। ਬੀਬੀ ਸੂ ਫਰੋਸਟ ਨੂੰ ਉਨ੍ਹਾਂ ਵਲੋਂ ਗੁਰੂਘਰ ਦੀਆਂ ਨਵੀਆਂ ਉਸਾਰੀ ਅਧੀਨ ਇਮਾਰਤਾਂ ਵਿੱਚ ਦਿੱਤੇ ਗਏ ਯੋਗਦਾਨ ਲਈ ਸੰਗਤਾਂ, ਮੌਜੂਦਾ ਪ੍ਰਬੰਧਕ ਕਮੇਟੀ ਅਤੇ ਸਾਬਕਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਵਲੋਂ ਸ੍ਰੀ ਸਿਰੋਪਾਉ ਸਾਹਿਬ ਬਖਸ਼ਿਸ਼ ਕੀਤੇ ਗਏ।

ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰਾਂ ਦੀ ਸੇਵਾ ਸ੍ਰੀ ਸ਼ੁਭਾਸ ਬੰਗਾ, ਸ੍ਰੀ ਜਸਵਿੰਦਰ ਬੰਗਾ ਅਤੇ ਸ੍ਰੀ ਅਵਤਾਰ ਜੱਸਲ ਅਤੇ ਪਰਿਵਾਰਾਂ ਵਲੋਂ ਹੋਈ। ਵੱਖ ਵੱਖ ਬੁਲਾਰਿਆਂ ਨੇ ਅਤੇ ਬੱਚਿਆਂ ਨੇ ਗੁਰੂਘਰ ਦੇ ਸਥਾਪਨਾ ਦਿਵਸ ਮੌਕੇ ਫਾਊਂਡਰ ਮੈਬਰਾਂ ਨੂੰ ਉਨ੍ਹਾਂ ਦੀ ਇਸ ਮਹਾਨ ਦੇਣ ਲਈ ਯਾਦ ਕੀਤਾ। ਸ੍ਰੀ ਅਜੈ ਪੜਵੱਗਾ ਜੀ ਦੇ ਯਤਨਾਂ ਸਦਕਾ ਇਹ ਸਮਾਗਮ ਵੱਖ ਵੱਖ ਫੇਸਬੁੱਕ ਅਤੇ ਯੂਟਿਊਬ ਚੈਨਲਾਂ ਤੇ ਸਿੱਧੇ ਪ੍ਰਸਾਰਿਤ ਕੀਤੇ ਗਏ। ਇਸ ਦੇ ਨਾਲ ਹੀ ਸ੍ਰੀ ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਦੇਸ਼ ਦੁਆਬਾ) ਵੱਲੋਂ ਲਾਈਵ ਕਵਰੇਜ ਕੀਤੀ। ਸ੍ਰੀ ਬਲਜੀਤ ਸਿੰਘ ਕਾਹਮਾ ਨੇ ਸਟੇਜ ਦੀ ਸੇਵਾ ਬਾਖ਼ੂਬੀ ਨਿਭਾਈ, ਸੰਗਤਾਂ ਨੂੰ ਗੁਰੂਘਰ ਦੀਆਂ ਇਮਾਰਤਾਂ ਦੀ ਉਸਾਰੀ ਵਿੱਚ ਤਨ ਮਨ ਅਤੇ ਧੰਨ ਨਾਲ ਸੇਵਾਵਾਂ ਲਈ ਬੇਨਤੀ ਕੀਤੀ ਅਤੇ ਆਈਆਂ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ।

ਆਪ ਜੀ ਨੂੰ ਇਹ ਜਾਣ ਕਿ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਗੁਰੂਘਰ ਦੀਆਂ ਨਵੀਆਂ ਇਮਾਰਤਾਂ ਦੀ ਉਸਾਰੀ ਚੱਲ ਰਹੀ ਹੈ। ਉਸਾਰੀ ਅਧੀਨ ਇਮਾਰਤਾਂ ਵਿੱਚ ਮਾਇਆ ਦੇ ਯੋਗਦਾਨ ਅਤੇ ਹੋਰ ਸੇਵਾਵਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ:

ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678
ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842
ਸ੍ਰੀ ਇੰਦਰਜੀਤ ਪੜਵੱਗਾ (ਜ. ਸਕੱਤਰ) 916-276-2538
ਸ੍ਰੀ ਗੁਰੂ ਰਵਿਦਾਸ ਟੈਪਲ ਰਿਓ ਲਿੰਡਾ
6221 16th Street, Rio linda, CA 95673
ਗੁਰੂ ਘਰ ਫ਼ੋਨ: (916) 992-1710

**(ਤਸਵੀਰਾਂ ਦੇਖੋ ਸਫਾ 13 'ਤੇ)**


# ਅਦਾਰਾ 'ਦੇਸ਼ ਦੁਆਬਾ' ਵੱਲੋਂ ਧੰਨਵਾਦ

ਅਦਾਰਾ 'ਦੇਸ਼ ਦੁਆਬਾ' ਉਹਨਾਂ ਸਾਰੇ ਮਾਣਯੋਗ ਪਰਿਵਾਰਾਂ ਦਾ ਕੋਟਿਨ-ਕੋਟਿ ਧੰਨਵਾਦ ਕਰਦਾ ਹੈ, ਜਿਹਨਾਂ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਸਥਾਪਨਾ ਦਿਵਸ 'ਤੇ ਅਦਾਰਾ 'ਦੇਸ਼ ਦੁਆਬਾ' 'ਚ ਵਧਾਈਆਂ ਦੇ ਕੇ ਸਹਿਯੋਗ ਕੀਤਾ, ਜਿਹਨਾਂ ਵਿਚ ਸ੍ਰੀ ਕੇਵਲ ਬੋਲੀਨਾ, ਹੰਸ ਰਾਜ ਕਾਜਲਾ, ਸ੍ਰੀ ਰਮੇਸ਼ ਬੰਗੜ, ਸ੍ਰੀ ਸਤਨਾਮ ਸਿੰਘ ਮੰਡਾਲੀ, ਸ੍ਰੀ ਡੀ. ਐਸ. ਰਾਣਾ, ਮਨਜੀਤ ਭਾਰਦਵਾਜ ਅਤੇ ਪਰਿਵਾਰ ਸ਼ਾਮਲ ਹਨ।

## ਅਲਵਿਦਾ ਸ਼ੈਰਿਫ਼ ਡਿਪਟੀ ਸੰਨਦੀਪ ਸਿੰਘ ਧਾਲੀਵਾਲ!

# ਡਿਪਟੀ ਸੰਨਦੀਪ ਧਾਲੀਵਾਲ ਦਾ ਫਿਊਨਰਲ 2 ਅਕਤੂਬਰ ਨੂੰ ਹਿਊਸਟਨ ਵਿੱਚ ਸਰਕਾਰੀ ਸਨਮਾਨਾਂ ਨਾਲ ਹੋਵੇਗਾ

ਹੈਰਿਸ ਕਾਉਂਟੀ ਸ਼ੈਰਿਫ ਡਿਪਟੀ ਸੰਨਦੀਪ ਸਿੰਘ ਧਾਲੀਵਾਲ (42) ਨੂੰ ਲੰਘੇ ਸ਼ੁੱਕਰਵਾਰ ਇੱਕ ਟ੍ਰੈਫ਼ਿਕ ਸਟਾਪ ਦੌਰਾਨ ਇੱਕ ਸਿਰਫਿਰੇ ਸਪੈਂਨਿਸ਼ ਮੂਲ ਦੇ ਰਾਬਰਟ ਸੋਲਸ (47) ਨਾਮੀਂ ਕਾਤਲ ਨੇ ਪਿੱਛੋਂ ਗੋ.ਲੀਆਂ ਮਾਰਕੇ ਸ਼ਹੀਦ ਕਰ ਦਿੱਤਾ ਸੀ।





ਉਹਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਮਿਤੀ 2 ਅਕਤੂਬਰ ਦਿਨ ਬੁੱਧਵਾਰ ਨੂੰ ਬੈਰੀ ਸੈਂਟਰ, ਸਾਇਪਰਸ (Berry Centre Cypress) ਵਿਖੇ ਸਵੇਰੇ 10 ਵਜੇ ਤੋਂ ਦੁਪਿਹਰ 12 ਵਜੇ ਦਰਮਿਆਨ ਹੋਵੇਗਾ। ਉਪਰੰਤ ਭੋਗ 'ਸਿੱਖ ਨੈਸ਼ਨਲ ਸੈਂਟਰ' ਗੁਰਦਵਾਰਾ ਸਹਿਬ ਹਿਊਸਟਨ ਵਿੱਖੇ ਪਵੇਗਾ। ਡਿਪਟੀ ਸੰਨਦੀਪ ਸਿੰਘ ਧਾਲੀਵਾਲ ਜਿਸ ਦਾ ਪਿਛਲਾ ਪਿੰਡ ਧਾਲੀਵਾਲ ਵੇਟ, ਜ਼ਿਲ੍ਹਾ ਕਪੂਰਥਲਾ ਵਿੱਚ ਪੈਂਦਾ ਹੈ। ਉਹਨਾਂ ਦਾ ਜਨਮ ਸ. ਪਿਆਰਾ ਸਿੰਘ ਧਾਲੀਵਾਲ ਰਿਟਾ. ਇੰਡੀਅਨ ਆਰਮੀ ਅਤੇ ਸਵ. ਮਾਤਾ ਸੁਰਿੰਦਰ ਕੌਰ ਧਾਲੀਵਾਲ ਦੇ ਘਰ ਹੋਇਆ। ਡਿਪਟੀ ਧਾਲੀਵਾਲ ਆਪਣੇ ਪਿੱਛੇ ਦੋ ਬੇਟੀਆਂ ਉਮਰ 13 ਅਤੇ 10 ਸਾਲ, ਬੇਟਾ ਉਮਰ 5 ਸਾਲ ਅਤੇ ਪਤਨੀ ਛੱਡ ਗਏ ਨੇ। ਡਿਪਟੀ ਸੰਨਦੀਪ ਸਿੰਘ ਧਾਲੀਵਾਲ ਕਰੀਬ ਕਰੀਬ 25 ਕੁ ਸਾਲ ਪਹਿਲਾਂ ਅਮਰੀਕਾ ਆਏ, ਇੱਥੇ ਆਕੇ ਉਹ ਕਲਚਰਲ ਪ੍ਰੋਗਰਾਮਾਂ ਵਿੱਚ ਆਪਣੇ ਭੰਗੜੇ ਦੇ ਜੌਹਰ ਵਿਖਾਕੇ ਛਾਏ ਰਹੇ। ਸੰਨਦੀਪ ਨੂੰ ਬਾਡੀ ਬਣਾਉਣ ਦਾ ਬੇਹੱਦ ਸ਼ੋਕ ਸੀ 'ਤੇ ਅਕਸਰ ਜਿੰਮ ਵਿੱਚ ਹੀ ਮਿਲਦੇ ਸਨ। ਕੁਝ ਚਿਰ ਪਿੱਛੋਂ ਸੈਰਿਫ ਟਿੱਡ ਗੁੰਜਾਲਸ ਦੇ ਕਹਿਣ ਤੇ 2008 ਵਿੱਚ ਬਤੌਰ ਡੀਟਿੰਸ਼ਨ ਅਫਸਰ ਹੈਰਿਸ ਕਾਉਂਟੀ ਸ਼ੈਰਿਫ ਪੁਲਿਸ ਵਿੱਚ ਭਰਤੀ ਹੋ ਗਏ। 2014 ਵਿੱਚ ਉਹਨਾਂ ਨੂੰ ਪੈਟਰੋਲਿੰਗ ਦੀ ਨੌਕਰੀ ਮਿਲੀ, ਇਸੇ ਦੌਰਾਨ ਉਹਨਾਂ ਲੀਗਲ ਅੜਚਨਾਂ ਨੂੰ ਪਾਰ ਕਰਕੇ ਪੱਗ ਬੰਨ੍ਹਣੀ ਸ਼ੁਰੂ ਕੀਤੀ ਤੇ 2015 ਵਿੱਚ ਅਮਰੀਕਾ ਦੇ ਪਹਿਲੇ ਪਗੜੀਧਾਰੀ ਪੁਲਿਸ ਅਫਸਰ ਬਣੇ। ਉਹ ਹਿਊਸਟਨ ਏਰੀਏ ਦੀ ਸ਼ਾਨ ਸਨ, ਪੰਜਾਬੀ ਭਾਈਚਾਰੇ ਦਾ ਮਾਣ ਸਨ। ਜਿਨ੍ਹੇਂ ਲੋਕ ਵੀ ਅੱਜ ਤੱਕ ਡਿਪਟੀ ਸੰਨਦੀਪ ਧਾਲੀਵਾਲ ਨੂੰ ਮਿਲੇ ਹਰ ਕੋਈ ਇਹੀ ਕਹਿੰਦਾ ਕਿ ਐਨਾਂ ਮਿਲਣਸਾਰ, ਐਨਾਂ ਵਧੀਆ ਸੁਭਾ.. ਜਿੰਨੀ ਉਸਦੀ ਸਿਫ਼ਤ ਕੀਤੀ ਜਾਵੇ ਥੋੜੀ ਹੈ। ਜਦੋਂ 2017 ਵਿੱਚ ਹਰੀਕੇਨ ਹਾਰਵੀ ਆਇਆ ਸੀ ਓਦੋਂ ਸਾਊਥ ਈਸਟ ਟੈਕਸਾਸ ਵਿੱਚ ਭਾਰੀ ਤਬਾਹੀ ਹੋਈ ਸੀ, ਇਸ ਤਬਾਹੀ ਦੀ ਭਰਭਾਈ ਲਈ ਡਿਪਟੀ ਸੰਨਦੀਪ ਸਿੰਘ ਧਾਲੀਵਾਲ ਨੇ ਦਿਨ ਰਾਤ ਇੱਕ ਕਰ ਦਿੱਤਾ, ਖ਼ਤਰਨਾਕ ਥਾਂਵਾਂ ਤੇ ਜਾ ਕੇ ਆਪਣੀ ਜਾਨ ਜੋਖਮ ਵਿੱਚ ਪਾਕੇ ਲੋਕਾਂ ਦੀ ਮੱਦਦ ਕੀਤੀ, ਸੰਨਦੀਪ ਯੁਨਾਈਟਡ ਸਿੱਖ ਜਥੇਬੰਦੀ ਦਾ ਸਰਗਰਮ ਮੈਂਬਰ ਵੀ ਸੀ। ਸੰਨਦੀਪ ਧਾਲੀਵਾਲ ਦੀ ਇੱਕ ਅਵਾਜ਼ ਤੇ ਪੰਜਾਬੀ ਪੂਰੇ ਅਮੈਰਿਕਾ ਵਿੱਚੋਂ ਓਸ ਸਮੇਂ 25 ਵੱਡੇ ਟਰੱਕ ਰਸਦ ਤੇ ਹੋਰ ਰੋਜ਼ ਵਰਤੋਂ ਵਾਲਾ ਸਮਾਨ ਦੇ ਲੈਕੇ ਹਿਊਸਟਨ ਲਈ ਰਵਾਨਾ ਹੋਵੇ, ਜਿਹੜੀ ਕਿ ਇੱਕ ਮਿਸਾਲ ਸੀ..! ਹਿਊਸਟਨ ਏਰੀਏ ਦੇ ਲੋਕ ਡਿਪਟੀ ਸੰਨਦੀਪ ਧਾਲੀਵਾਲ ਨੂੰ ਇੱਕ ਫ਼ਰਿਸ਼ਤੇ ਦੇ ਤੌਰ ਤੇ ਵੇਖਦੇ ਸਨ। ਪਿੱਛੇ ਜਿਹੇ ਸਾਊਥ ਅਮਰੀਕਾ ਦੇ ਦੇਸ਼ ਪੋਰਤੋ ਰੀਕੋ ਵਿੱਚ ਤੁਫਾਨ ਆਇਆ, ਡਿਪਟੀ ਸੰਨਦੀਪ ਓਥੇ ਵੀ ਸ਼ੈਰਿਫ ਡਿਪਾਟਮੈਂਟ ਵੱਲੋਂ ਸਿਵਾਵਾਂ ਨਿਭਾਕੇ ਆਇਆ ਸੀ। ਸ਼ਨੀਵਾਰ ਰਾਤ ਨੂੰ ਡਿਪਟੀ ਸੰਨਦੀਪ ਧਾਲੀਵਾਲ ਦੀ ਯਾਦ ਵਿੱਚ ਕੈਂਡਲ ਲਾਈਟ ਵਿਜ਼ਲ ਰੱਖਿਆ ਗਿਆ, ਜਿੱਥੇ ਸੰਨਦੀਪ ਨੂੰ ਯਾਦ ਕਰਦਿਆਂ ਗੋਰੇ ਗੋਰੀਆਂ ਧਾਹਾਂ ਮਾਰਕੇ ਰੋਂਦੇ ਵੇਖੇ ਗਏ। ਹਰ ਇੱਕ ਨੂੰ ਇਸ ਤਰਾਂ ਮਹਿਸੂਸ ਹੋ ਰਿਹਾ ਜਿਵੇਂ ਸਾਡੇ ਆਪਣੇ ਪਰਿਵਾਰ ਦਾ ਜੀਅ ਸਾਨੂੰ ਛੱਡਕੇ ਤੁਰ ਗਿਆ ਹੋਵੇ। ਹਿਊਸਟਨ ਤੋਂ ਪੱਤਰਕਾਰ ਜਸਵੰਤ ਜੱਸੀ ਨੇ ਦੱਸਿਆ ਕਿ ਹੋਰ ਦੋ ਕੁ ਮਹੀਨੇ ਤੱਕ ਡਿਪਟੀ ਸੰਨਦੀਪ ਧਾਲੀਵਾਲ ਪੈਟਰੋਲਿੰਗ ਬੰਦ ਕਰਕੇ ਸ਼ੈਰਿਫ ਦੇ ਦਫਤਰ ਵਿੱਚ ਨੌਕਰੀ ਕਰਨ ਜਾ ਰਹੇ ਸਨ ਕਿ ਇਹ ਭਾਣਾ ਵਰਤ ਗਿਆ 'ਤੇ ਸਿੱਖ ਭਾਈਚਾਰੇ ਦਾ ਹੀਰੋ, ਪੰਜਾਬੀਆਂ ਦਾ ਹੀਰਾ ਪੁੱਤ ਸਦਾ ਲਈ ਸਾਥੋਂ ਦੂਰ ਚੱਲਿਆ ਗਿਆ। ਡਿਪਟੀ ਸੰਨਦੀਪ ਸਿੰਘ ਧਾਲੀਵਾਲ ਦੁਨੀਆਂ ਭਰ ਵਿੱਚ ਸਿੱਖਾਂ ਦੀ ਐਸੀ ਪਹਿਚਾਣ ਛੱਡ ਗਿਆ ਕਿ ਸ਼ਾਇਦ ਅਸੀਂ ਸਾਰੀ ਜਿੰਦਗੀ ਵੀ ਸਿੱਖੀ ਦਾ ਪਰਚਾਰ ਕਰਦੇ ਰਹਿੰਦੇ ਤਾਂ ਵੀ ਸ਼ਾਇਦ ਇਸ ਮੁਕਾਮ ਤੇ ਨਾਂ ਪਹੁੰਚ ਸਕਦੇ। ਡਿਪਟੀ ਸੰਨਦੀਪ ਧਾਲੀਵਾਲ ਬੇਸ਼ੱਕ ਸਰੀਰਰ ਤੌਰ ਤੇ ਸਾਥੋਂ ਦੂਰ ਜਾ ਚੁੱਕਿਆ, 'ਲੇਕਿਨ ਉਸਦੀ ਯਾਦ ਹਮੇਸ਼ਾ ਦਿਲ ਅੰਦਰ ਭੰਖੜੇ ਦੇ ਕੰਢੇ ਵਾਂਗ ਖੁੱਭੀ ਰਹੇਗੀ। ਉਹ ਹਮੇਸ਼ਾਂ ਸਾਡੇ ਦਿਲਾਂ ਅੰਦਰ ਧੜਕਦਾ ਰਹੇਗਾ। ਇਹ ਸਮਾਂ ਧਾਲੀਵਾਲ ਪਰਿਵਾਰ ਲਈ ਬਹੁਤ ਔਖਾ ਹੈ, ਲੇਕਿਨ ਅੱਜ ਇਸ ਮੁਸ਼ਕਲ ਘੜੀ ਵਿੱਚ ਸਾਰਾ ਸੰਸਾਰ ਧਾਲੀਵਾਲ ਪਰਿਵਾਰ ਨਾਲ ਮੋਢੇ ਨਾਲ ਮੋਢਾ ਲਾਕੇ ਖੜਾ ਹੈ। ਸੰਨਦੀਪ ਵੀਰ ਤੇਰੀ ਘਾਟ ਤਾਂ ਕਦੇ ਵੀ ਪੂਰੀ ਨਹੀਂ ਹੋ ਸਕਦੀ ਪਰ ਜਿਹੜਾ ਤੂੰ ਰਾਹ ਦੁਸੇਰਾ ਕਰ ਚੱਲਿਆ ਉਸ ਤੇ ਚੱਲਣ ਦੀ ਕੋਸ਼ਿਸ਼ ਕਰਾਂਗੇ..!

ਅਲਵਿਦਾ ਦੋਸਤ



ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'
558-333-5776



ਫਗਵਾੜੇ ਤੋਂ ਬਸਪਾ ਦੇ ਉਮੀਦਵਾਰ ਭਗਵਾਨ ਦਾਸ ਸਿੱਧੂ ਨੇ ਆਪਣੇ ਨਾਮਜ਼ਦਗੀ ਪੇਪਰ ਭਰੇ। ਇਸ ਦਰਮਿਆਨ ਸਮਰਥਕਾਂ ਦੀ ਭਾਰੀ ਭੀੜ ਨੇ ਉਹਨਾਂ ਦੇ ਸਮਰਥਨ ਵਿਚ ਰੈਲੀ ਅਤੇ ਪ੍ਰਦਰਸ਼ਨ ਆਯੋਜਿਤ ਕੀਤਾ।

A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

ਦੇਸ਼ ਦੁਆਬਾ

## ਸ੍ਰੀ ਸੀ. ਐਲ. ਚੁੰਬਰ ਨੂੰ ਯਾਦ ਕਰਦਿਆਂ

# ਕੌਮੀ ਉਡਾਰੀਆਂ ਦੀ ਲੋੜ ਕਿਉਂ?

**30 ਜੂਨ 1998 ਦੇ 'ਕੌਮੀ ਉਡਾਰੀਆਂ' (ਜਲੰਧਰ) ਦੀ ਇਕ ਸੰਪਾਦਕੀ**

ਜਨਵਰੀ 1985 ਵਿਚ ਗਦਰੀ ਬਾਬਾ ਅਤੇ ਆਦਿ ਧਰਮ ਮੰਡਲ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜੀਵਨ ਸੰਦੇਸ਼ ਨੂੰ ਪ੍ਰਚਾਰਨ, ਪ੍ਰਸਾਰਨ ਲਈ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਬੇਧਿਆਨੀ 'ਚ ਪ੍ਰਕਾਸ਼ਿਤ ਹੋ ਗਿਆ। ਦਸੰਬਰ 1985 ਵਿਚ 'ਕੌਮੀ ਉਡਾਰੀਆਂ' ਕੌਮ ਨੂੰ ਸਾਹਿਤਕ ਉਡਾਰੀ ਮਾਰਨ ਲਈ ਸ਼ੁਰੂ ਕੀਤਾ। ਇਸ ਦੌਰਾਨ ਕੌਮ ਦੇ ਦੁਸ਼ਮਣਾਂ ਤੋਂ ਟਾਡਾ ਐਕਟ ਤੋਂ ਲੈ ਕੇ 7 ਫਰਵਰੀ 1997 ਨੂੰ ਫਗਵਾੜੇ ਵਿਖੇ ਹੋਏ ਸਾਜਿਸ਼ੀ ਐਕਸੀਡੈਂਟ ਕਾਰਨ ਪਤਨੀ ਤੇ ਬੱਚੇ ਸਹਿਤ ਤਿੰਨ ਹਫਤੇ ਡੀ. ਐਮ. ਸੀ. ਲੁਧਿਆਣਾ ਵਿਚ ਦਾਖਲ ਰਹਿਣ ਤੱਕ ਅਤੇ ਅੱਜ ਤੱਕ ਇਸ ਐਕਸੀਡੈਂਟ ਬਾਰੇ ਪੁਲਿਸ ਵੱਲੋਂ ਸਾਡੇ ਬਿਆਨ ਨਾ ਲੈਣ ਦੇ ਸਰਟੀਫਿਕੇਟ ਮਿਲ ਚੁੱਕੇ ਹਨ। ਦੋ ਸਾਥੀਆਂ ਹੀਰਿਆਂ ਤੋਂ ਹੱਥ ਧੋ ਬੈਠੇ ਹਾਂ। ਲੱਗਭੱਗ ਅੱਧੀ ਦਰਜਨ ਜ਼ਖਮੀ ਹੋਏ। ਪਰ ਪੁਲਿਸ ਅਤੇ ਕੌਮ ਦੇ ਆਗੂ ਮੂਕ ਦਰਸ਼ਕ ਬਣੇ ਹੋਏ ਹਨ ਅਤੇ ਅਸੀਂ ਮੌਜੂਦਾ ਅਤੇ ਭਵਿੱਖ ਦੇ ਢਾਂਚੇ ਦੇ ਅਧਿਐਨ ਵਿਚ ਰੁੱਝੇ ਹੋਏ ਹਾਂ।

ਉਮਰ ਦੇ ਪੰਜਵੇਂ ਦਹਾਕੇ ਵਿਚ ਸ਼ਾਮਲ ਡੀ. ਐਮ. ਸੀ. ਹਸਪਤਾਲ ਵਿਖੇ ਹੀ ਹੋ ਗਿਆ ਸੀ ਪਰ ਮਨ ਬਚਪਨ ਵਾਲਾ ਹੀ ਹੈ ਕਿ ਅੱਗੇ ਹੀ ਅੱਗੇ ਰਹਿਣਾ ਹੈ। ਬਚਪਨ ਵਿਚ ਪਿੰਡ ਦੇ ਨਾਂ ਨੂੰ ਚਮਕਾਉਣ ਦੀ ਚੇਟਕ ਲੱਗੀ ਰਹਿੰਦੀ ਸੀ। ਹੁਣ 'ਜੋ ਪਿੰਡੇ ਸੋਹੀ ਬ੍ਰਹਮੰਡੇ' ਅਨੁਸਾਰ ਮਨੁੱਖ ਨੂੰ ਮਨੁੱਖੀ ਅਧਿਕਾਰ ਅਤੇ ਫਰਜ਼ ਮਿਲਣ ਦਿਵਾਉਣ ਦੀ ਚੇਟਕ ਲੱਗੀ ਹੋਈ ਹੈ। ਬਚਪਨ ਵਿਚ ਜਿਸ ਤਰ੍ਹਾਂ ਦਿਨੇ ਡੱਟ ਕੇ ਕਣਕ ਵੱਢਣ ਅਤੇ ਸ਼ਾਮੀਂ ਆਪਣੀ ਵਿਧਵਾ ਮਾਂ ਨੂੰ ਹੱਥਾਂ 'ਤੇ ਪਏ ਛਾਲਿਆਂ ਦਾ ਵਾਸਤਾ ਪਾ ਕੇ ਵਾਢੀ ਨਾ ਭੇਜਣ ਲਏ ਤਰਲੇ ਕਰਨੇ ਪਰ ਸਵੇਰੇ ਹਿਰਨਾਂ ਵਾਂਗ ਕਣਕ ਵੱਢਣ ਦੌੜ ਜਾਣਾ। ਉਸੇ ਤਰ੍ਹਾਂ ਹੁਣ ਵੀ ਸਮਾਜਿਕ ਕੰਮਾਂ ਵਿਚ ਆਉਂਦੀਆਂ ਮੁਸ਼ਕਿਲਾਂ ਨਾਲ ਮਨ ਤੇ ਛਾਲੇ ਪੈ ਜਾਂਦੇ ਹਨ ਪਰ ਜਦੋਂ ਸਵੇਰ ਪੈਂਦੀ ਹੈ ਤਾਂ ਫਿਰ ਆਪਣੇ ਕੰਮ 'ਤੇ ਦੌੜ ਪੈਂਦੇ ਹਾਂ।

ਐਕਸੀਡੈਂਟ ਤੋਂ ਬਾਅਦ ਹਸਪਤਾਲੋਂ ਰਾਜ਼ੀ ਹੋ ਕੇ ਜਦ ਘਰ ਆਏ ਤਾਂ ਆਪਣੀ ਲਾਇਬ੍ਰੇਰੀ ਨੂੰ ਸ਼ਿੰਗਾਰਿਆ ਕਿ ਅੱਗੇ ਨਾਲੋਂ ਵੀ ਜ਼ੋਰ-ਸ਼ੋਰ ਨਾਲ ਕੰਮ ਕਰਾਂਗੇ ਤਾਂ ਜੋ ਕੌਮ 'ਚ ਸਦੀਆਂ ਤੋਂ ਪਏ ਅਗਿਆਨਤਾ ਦੇ ਘਾਟੇ ਨੂੰ ਸਾਹਿਤ ਰਾਹੀਂ ਪੂਰਾ ਕਰਾਂਗੇ ਪਰ ਪੰਜਾਬ ਦੇ ਮੋਹਰੀ ਦਿਮਾਗੀ ਤੌਰ 'ਤੇ ਪਿਛਾੜੀ ਹੋਣ ਕਾਰਨ ਸਮੇਂ ਦੀ ਨਜ਼ਾਕਤ ਨੂੰ ਨਾ ਸਮਝ ਸਕੇ। ਚੋਣਾਂ ਵਿਚ ਪਾਰਟੀ ਦੀ ਹਾਰ ਤੋਂ ਬਾਅਦ ਵਰਕਰਾਂ ਅਤੇ ਆਮ ਜਨਤਾ ਨੂੰ ਜਿਸ ਤਰ੍ਹਾਂ ਦੀਆਂ ਰਾਜਨੀਤਿਕ ਹਾਲਾਤਾਂ ਦੀਆਂ ਵਿਆਖਿਆਵਾਂ ਕਰਨੀਆਂ ਸਨ, ਉਹ ਪ੍ਰੈਸ ਦੀ ਘਾਟ ਕਾਰਨ ਨਾ ਹੋ ਸਕੀਆਂ। ਵਿਰੋਧੀ ਪਾਰਟੀਆਂ ਅਤੇ ਵਿਰੋਧੀ ਪ੍ਰੈਸ ਨੇ ਅਫਵਾਹਾਂ ਦਾ ਬਾਜ਼ਾਰ ਗਰਮ ਰੱਖਿਆ। ਜੰਗ ਉਦੋਂ ਤੱਕ ਜਾਰੀ ਰਹਿਣੀ ਚਾਹੀਦੀ ਹੈ ਜਦੋਂ ਤੱਕ ਇਸ ਧਿਰ ਦੀ ਮਾਨਸਿਕ ਮੌਤ ਨਾ ਹੋ ਜਾਵੇ। ਆਗੂਆਂ ਨੂੰ ਮਾਨਸਿਕ, ਸਰੀਰਕ ਅਤੇ ਸਮਾਜਿਕ ਪੱਖੋਂ ਤੰਦਰੁਸਤ ਹੋਣਾ ਚਾਹੀਦਾ ਹੈ। ਪੰਜਾਬ ਦੀ ਲੀਡਰਸ਼ਿਪ ਵਿਚ ਅਜਿਹੀ ਤੰਦਰੁਸਤੀ ਦੀ ਘਾਟ ਹੋਣ ਕਾਰਨ ਸਮਾਜ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਿਕੜਮਬਾਜ਼ੀ ਨਾਲ ਪਾਰਟੀ ਵਿਚ ਸਥਿਤੀ ਤਾਂ ਸਾਰਥਕ ਹੋ ਸਕਦੀ ਹੈ ਪਰ ਸਮਾਜ ਵਿਚ ਨਹੀਂ। ਸਮਾਜ ਤਾਂ ਹਾਥੀ ਹੁੰਦਾ ਹੈ ਅਤੇ ਸਮਾਜ ਦੀਆਂ ਲੋੜਾਂ ਅਤੇ ਆਸ਼ਾਵਾਂ 'ਤੇ ਪੂਰੇ ਉਤਰਨ ਲਈ ਹਾਥੀ ਵਰਗਾ ਦਿਮਾਗ ਚਾਹੀਦਾ ਹੈ। ਵੈਰੀਆਂ ਨੇ ਹਾਥੀ ਦਾ ਸਿਰ ਵਢਵਾ ਕੇ ਗਣੇਸ਼ ਦੇ ਸਿਰ'ਤੇ ਰੱਖ ਦਿੱਤਾ ਤੇ ਉਸਦੀ ਸਵਾਰੀ ਚੂਹਾ ਵਿਰੋਧੀਆਂ ਦੀਆਂ ਜੜ੍ਹਾਂ ਕੁਤਰਣ ਲਈ ਹੈ। ਦਿਮਾਗੀ ਏਕਤਾ ਬਿਨਾਂ ਸਮਾਜਿਕ ਏਕਤਾ ਚਿਰ ਸਥਾਈ ਨਹੀਂ। ਜੰਗ ਵੱਡੀਆਂ ਫੌਜਾਂ ਨਾਲ ਨਹੀਂ ਵਧੀਆ ਫੌਜਾਂ ਨਾਲ ਜਿੱਤੀ ਜਾਂਦੀ ਹੈ। ਵਿਚਾਰਕ ਜੰਗਾਂ ਦਾ ਜਿੱਤਣਾ ਚਿਰ ਸਥਾਈ ਹੁੰਦਾ ਹੈ। ਵਿਚਾਰਕ ਜੰਗਾਂ ਜਿੱਤਣ ਲਈ ਵਿਚਾਰਵਾਨਾਂ ਦੀ ਫੌਜ ਚਾਹੀਦੀ ਹੈ ਅਤੇ ਉਨ੍ਹਾਂ ਕੋਲ ਆਧੁਨਿਕ ਨਵੀਨਤਮ ਵਿਚਾਰਕ ਹਥਿਆਰ ਹੋਣੇ ਚਾਹੀਦੇ ਹਨ।

ਕੌਮੀ ਉਡਾਰੀਆਂ ਦਾ ਮੁੜ ਪ੍ਰਕਾਸ਼ਨ ਜਾਂ ਪਹਿਲੀ ਸ਼ੁਰੂਆਤ ਕੋਈ ਦਿਮਾਗੀ ਅਯਾਸ਼ੀ ਜਾਂ ਵਿਉਪਾਰਕ ਜਾਂ ਰਾਜਨੀਤਿਕ ਹਿੱਤਾਂ ਲਈ ਸਾਧਨ ਨਹੀਂ। ਕੌਮੀ ਉਡਾਰੀਆਂ ਕਾਰਨ ਕਈ ਵੇਰਾਂ ਆਰਥਿਕ ਸੰਕਟਾਂ ਦਾ ਸ਼ਿਕਾਰ ਹੋਣਾ ਪਿਆ। ਜਦੋਂ ਅਸੀਂ ਉਡਾਰੀ ਮਾਰਦੇ ਹਾਂ ਤਾਂ ਭੋਲੇ ਪੁਰਸ਼ ਸੜਦੇ ਹਨ ਪਰ ਜਦੋਂ ਅਸੀਂ ਉਡਦੇ-ਉਡਦੇ ਧਰਤੀ ਤੇ ਆਲ੍ਹਣਿਆਂ 'ਚ ਆਰਾਮ ਕਰਨ ਜਾਂ ਭੋਜਨ ਛਕਣ ਲਈ ਆਉਂਦੇ ਹਾਂ ਤਾਂ ਭੋਲੇ ਪੁਰਸ਼ ਖੁਸ਼ੀ ਨਾਲ ਕਿਲਕਾਰੀਆਂ ਮਾਰਦੇ ਨੇ। ਅਸੀਂ ਭੋਲੇ ਲੋਕਾਂ ਨੂੰ ਮੌਕੇ ਦਿੰਦੇ ਹਾਂ ਕਿ ਉਹ ਉਡਾਰੀਆਂ ਮਾਰਨ ਪਰ ਉਹ ਸਿਰਫ ਛੜੱਪੇ ਮਾਰ ਕੇ ਥੱਕ-ਟੁੱਟ ਕੇ ਬਹਿ ਜਾਂਦੇ ਹਨ।

ਲਿਖਾਰੀ, ਗਾਇਕ ਅਤੇ ਐਕਟਰ ਸਮਾਜ ਨੂੰ ਦਿਸ਼ਾ-ਨਿਰਦੇਸ਼ ਦਿੰਦੇ ਹਨ। ਕਈ ਵੇਰਾਂ ਤਾਂ ਰਾਜਨੀਤੀਵਾਨਾਂ ਨੂੰ ਵੀ ਇਹਨਾਂ ਦਿਸ਼ਾ-ਨਿਰਦੇਸ਼ਾਂ ਨਾਲ ਕਾਫੀ ਸਹੂਲਤ ਮਿਲਦੀ ਹੈ। ਸਮਾਜ ਨੂੰ ਆਪਣੇ ਏਜੰਡੇ ਤੇ ਲਾਮਬੰਦ ਕਰਨ ਲਈ ਲਿਖਾਰੀਆਂ, ਗਾਇਕਾਂ ਅਤੇ ਐਕਟਰਾਂ ਨੂੰ ਸਮਾਜ ਨਾਲ ਵੱਧ ਤੋਂ ਵੱਧ ਸਮਾਂ ਮਿਲਣਾ-ਗਿਲਣਾ ਚਾਹੀਦਾ ਹੈ ਕਿਉਂਕਿ ਮਿਲਦਿਆਂ-ਗਿਲਦਿਆਂ ਦੇ ਰਿਸ਼ਤੇ ਨਾਤੇ ਹੁੰਦੇ ਹਨ।

ਇਕ ਲਿਖਾਰੀ ਵਜੋਂ ਸਮਾਜ ਪ੍ਰਤੀ ਆਪਣਾ ਫਰਜ਼ ਨਿਭਾਉਣ ਲਈ ਕੌਮੀ ਉਡਾਰੀਆਂ ਦਾ ਮੁੜ ਪ੍ਰਕਾਸ਼ਨ ਕੀਤਾ ਹੈ। ਇਹ ਤਾਂ ਸਿਰਫ ਟਰੇਲਰ ਹੈ। ਇਸਨੂੰ ਚੰਗੀ ਤਰ੍ਹਾਂ ਹਫਤਾਵਾਰ ਦੇ ਰੂਪ 'ਚ ਪੇਸ਼ ਕਰਨ ਦੇ ਸਾਥੀਆਂ ਦੇ ਉਦਮ ਸ਼ੁਰੂ ਹੋ ਗਏ ਹਨ। ਆਪਣੇ ਵਿਚਾਰ ਨੂੰ ਦਬਾਅ ਕੇ ਨਾ ਰੱਖੋ ਅਤੇ ਇਸ ਤੋਂ ਵੱਡੀ ਕੋਈ ਗੁਲਾਮੀ ਨਹੀਂ। ਵਿਚਾਰਾਂ ਦਾ ਆਦਾਨ-ਪ੍ਰਦਾਨ ਹੋਣਾ ਹੀ ਮਨੁੱਖਤਾ ਦੇ ਮਾਨਸਿਕ ਵਿਕਸ ਲਈ ਜ਼ਰੂਰੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਆਦਿਵਾਸੀ ਭਾਰਤ ਦੇਸ਼ ਦੇ ਅਸਲੀ ਮਾਲਿਕ ਹਨ

ਅਸ਼ਵਨੀ ਕੁਮਾਰ 'ਬਲਾਚੌਰ'

ਆਦਿ-ਵਾਸੀ ਕੌਣ ਹਨ? ਇਸ ਵਿਸ਼ੇ 'ਤੇ ਇਤਿਹਾਸਕਾਰਾਂ ਵਿਚ ਕੋਈ ਮਤਭੇਦ ਨਹੀਂ ਕਿ ਆਰੀਅਨ ਲੋਕ ਵਿਦੇਸ਼ੀ ਹਨ। ਪਰ ਫਿਰ ਵੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਮੂਲ ਨਿਵਾਸੀ ਕੌਣ ਹਨ। ਅਨੁਸੂਚਿਤ ਜਾਤੀਆਂ ਜਿਹਨਾਂ ਨੂੰ ਅਛੂਤ ਬਣਾ ਦਿੱਤਾ ਗਿਆ ਅਤੇ ਬ੍ਰਾਹਮਣਵਾਦੀ ਸਰਕਾਰਾਂ ਦਾ ਵਿਰੋਧ ਕਰਦੇ ਹਨ, ਅਨੁਸੂਚਿਤ ਜਾਤੀ ਜਨ-ਜਾਤੀ ਜਿਨ੍ਹਾਂ ਦੀ ਸੱਭਿਅਤਾ ਅੱਜ ਵੀ ਵੱਖਰੀ ਦਿਖਾਈ ਦਿੰਦੀ ਹੈ ਅਤੇ ਜਿਹਨਾਂ 'ਤੇ ਹਿੰਦੂ ਕੋਡ ਬਿਲ ਲਾਗੂ ਨਹੀਂ ਹੁੰਦੇ ਅਤੇ ਪਿਛੜੇ ਵਰਗਾਂ ਦੇ ਲੋਕ ਜਿਹਨਾਂ ਨੂੰ ਆਰੀਆ ਬ੍ਰਾਹਮਣਾਂ ਨੇ ਹੱਕ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ। ਇਹਨਾਂ ਵਰਗਾਂ ਨੂੰ 6000 ਜਾਤਾਂ ਵਿਚ ਵੰਡ ਦਿੱਤਾ। ਕੀ ਇਹ ਸਾਬਤ ਨਹੀਂ ਹੁੰਦਾ ਕਿ ਇਹ ਲੋਕ ਮੂਨ ਨਿਵਾਸੀ ਹਨ। ਇਤਨਾ ਹੀ ਨਹੀਂ ਜਿਨ੍ਹਾਂ ਲੋਕਾਂ ਨੇ ਧਰਮ ਬਦਲੀ ਕੀਤੀ ਜਿਹਨਾਂ ਨੂੰ ਅਲਪ ਸੰਖਿਅਕ ਘੱਟ ਗਿਣਤੀ ਕਿਹਾ ਜਾਂਦਾ ਹੈ, ਉਹ ਵੀ ਮੂਲ ਨਿਵਾਸੀ ਹਨ। ਕੀ ਕੋਈ ਸਭਿਅਤਾ ਸੰਸਕ੍ਰਿਤੀ ਅਤੇ ਧਰਮ ਆਪਣੇ ਹੀ ਕਰੋੜਾਂ ਭਰਾਵਾਂ ਨੂੰ ਹੱਕ ਅਧਿਕਾਰ ਤੋਂ ਵਾਂਝੇ ਰੱਖਣ ਦੀ ਸਾਜਿਸ਼ ਕਰ ਸਕਦਾ ਹੈ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਆਰੀਆ ਲੋਕ ਆਦਿ-ਵਾਸੀਆਂ ਦੇ ਵਿਰੋਧੀ ਸਨ। ਵੈਦਿਕ ਸਾਹਿਤ ਵਿਚ ਵੀ ਕਈ ਸਬੂਤ ਮਿਲਦੇ ਹਨ। ਜਿਹਨਾਂ ਵਿਚ ਅਨਾਰੀਆ, ਦਾਸ ਦਸਉ, ਅਸੁਰ, ਰਾਖਸ਼ਿਸ਼ ਜਿਹੇ ਸੰਬੋਧਨ ਆਦਿ-ਵਾਸੀਆਂ ਨਾਲ ਸਬੰਧਤ ਹਨ। ਇਨ੍ਹਾਂ ਕਾਰਨਾਂ ਕਰਕੇ ਅਸੀਂ ਅਨੁਸੂਚਿਤ ਜਾਤੀ, ਅਨੁਸੂਚਿਤ ਜਨ-ਜਾਤੀ (15ਗ), ਪਿਛੜਾ ਵਰਗ (3743 ਜਾਤਾਂ) ਭਾਰਤ ਦੀ ਜਨਸੰਖਿਆ ਦਾ 52ਗ ਅਤੇ ਘੱਟ ਗਿਣਤੀ ਨੂੰ ਜਿਸ ਵਿਚ (ਸਿੱਖ, ਇਸਾਈ, ਮੁਸਲਮਾਨ, ਬੋਧੀ ਆਦਿ) ਨੂੰ ਮੈਂ ਭਾਰਤ ਦੇਸ਼ ਦੇ ਆਦਿ-ਵਾਸੀ (ਮੂਲ ਨਿਵਾਸੀ) ਮੰਨਦਾ ਹਾਂ। ਸਮੱਸਿਆਵਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਹ ਵਰਗ ਸਭ ਤੋਂ ਜ਼ਿਆਦਾ ਸਮੱਸਿਆਵਾਂ ਵਿਚ ਫਸੇ ਹੋਏ ਹਨ। ਇਨ੍ਹਾਂ ਦੀਆਂ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਵਿਦਿਅਕ ਸਮੱਸਿਆਵਾਂ ਗੰਭੀਰ ਰੂਪ ਵਿਚ ਪ੍ਰਗਟ ਹੋ ਚੁੱਕੀਆਂ ਹਨ। ਇਸ ਵਿਚ ਕੋਈ ਸ਼ੱਕ ਵਾਲੀ ਗੱਲ ਨਹੀਂ ਰਹੀ। ਭਾਰਤ ਸਰਕਾਰ ਦੇ ਨਾਲ-ਨਾਲ ਪ੍ਰਦੇਸ਼ਕ ਕੋਰਟਾਂ ਅਤੇ ਆਹਲਾ ਕੋਰਟਾਂ ਵੀ ਇਸ ਗੱਲ ਨੂੰ ਮੰਨਦੀਆਂ ਹਨ। ਭਾਰਤ ਸਰਕਾਰ ਨੇ ਖੁਦ ਐਸ. ਸੀ., ਐਸ. ਟੀ. ਲਈ ਕਮਿਸ਼ਨ ਮੁਕੱਰਰ ਕੀਤੇ ਅਤੇ ਸੰਵਿਧਾਨਕ ਮਾਨਤਾ ਦਿੱਤੀ। ਇਸ ਤਰ੍ਹਾਂ ਇਹਨਾਂ ਵਰਗਾਂ ਦੀਆਂ ਵਿਸ਼ੇਸ਼ ਸਮੱਸਿਆਵਾਂ ਖੁਦ ਭਾਰਤ ਸਰਕਾਰ ਮੰਨਦੀ ਹੈ।

ਖੁਦ ਭਾਰਤ ਸਰਕਾਰ ਨੇ ਅਨੁਸੂਚਿਤ ਜਾਤੀ-ਜਨ ਜਾਤੀਆਂ ਦੇ ਇਲਾਵਾ ਜਿਨ੍ਹਾਂ ਜਾਤੀਆਂ ਨੂੰ ਸ਼ਾਸਨ ਪ੍ਰਸ਼ਾਸਨ ਵਿਚ ਹਿੱਸੇਦਾਰੀ ਨਹੀਂ ਦਿੱਤੀ ਗਈ, ਇਸ ਤਰ੍ਹਾਂ ਦੀਆਂ ਜਾਤੀਆਂ ਨੂੰ ਲੱਭਣ ਅਤੇ ਉਹਨਾਂ ਦੀ ਹਿੱਸੇਦਾਰੀ ਨੂੰ ਸੁਰੱਖਿਅਤ ਰੱਖਣ ਲਈ ਮੰਡਲ ਕਮਿਸ਼ਨ ਦੀ ਨਿਯੁਕਤੀ ਕੀਤੀ ਅਤੇ ਉਸ ਕਮਿਸ਼ਨ ਦੀ ਰਿਪੋਰਟ ਨੂੰ ਮਾਨਤਾ ਦਿੱਤੀ ਗਈ। 16 ਨਵੰਬਰ 1992 ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਹੀ ਇਸ ਗੱਲ ਨੂੰ ਮਾਨਤਾ ਦਿੱਤੀ ਹੈ।

ਸਮਾਜਿਕ ਵਿਵਸਥਾ ਦੇ ਨਜ਼ਰੀਏ ਤੋਂ: ਮੁੱਠੀ ਭਰ ਸਵਰਨਾਂ (ਆਰੀਆ-ਬ੍ਰਾਹਮਣਾਂ) ਨੇ ਆਪਣੇ ਹਿੱਤਾਂ ਦੇ ਲਈ, ਇਕ ਵਿਵਸਥਾ (ਜਾਤ-ਪਾਤੀ ਸਿਸਟਮ) ਦਾ ਨਿਰਮਾਣ ਕੀਤਾ। ਇਹ ਵਿਵਸਥਾ ਮੁੱਠੀ ਭਰ ਲੋਕਾਂ ਦੇ ਹਿੱਤ ਵਿਚ ਹੈ ਪਰ ਬਹੁ-ਗਿਣਤੀ ਲੋਕਾਂ ਦੇ ਹਿੱਤਾਂ ਦੇ ਵਿਰੋਧੀ ਹੈ। ਗੈਰ ਬਰਾਬਰੀ ਦੀ ਇਸ ਵਿਵਸਥਾ ਦੀ ਸਿਰਫ ਇੰਨੀ ਹੀ ਵਿਸ਼ੇਸ਼ਤਾ ਨਹੀਂ ਹੈ। ਇਸ ਦੀ ਇਕ ਹੋਰ ਵੀ ਵਿਸ਼ੇਸ਼ਤਾ ਹੈ ਕਿ ਆਦਿ-ਵਾਸੀਆਂ ਦੀਆਂ 6000 ਜਾਤਾਂ, ਇਸ ਵਿਵਸਥਾ ਦੀਆਂ ਸ਼ਿਕਾਰ ਹੀ ਨਹੀਂ ਸਗੋਂ ਬਰਾਬਰ ਰੂਪ ਵਿਚ ਸ਼ਿਕਾਰ ਹਨ। ਕੁਝ ਜਾਤਾਂ ਘੱਟ ਸ਼ਿਕਾਰ ਹਨ ਅਤੇ ਕੁਝ ਜ਼ਿਆਦਾ। ਅਨੁਸੂਚਿਤ ਜਾਤੀ, ਜਨ-ਜਾਤੀ ਦੇ ਲੋਕ ਇਸ ਸਮਾਜਿਕ ਵਿਵਸਥਾ ਦੇ ਸਭ ਤੋਂ ਜ਼ਿਆਦਾ ਸ਼ਿਕਾਰ ਹਨ। ਪ੍ਰੰਤੂ ਪਿਛਲੇ ਸਮੇਂ ਦੌਰਾਨ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਨਾਨਕ ਦੇਵ ਜੀ, ਸੰਤ ਤੁਕਾ ਰਾਮ, ਸੰਤ ਚੋਖਾ ਮੇਲਾ, ਗੁਰੂ ਘਾਸੀਦਾਸ, ਨਾਮਦੇਵ, ਸਤਿਗੁਰੂ ਕਬੀਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ਼ਾਹੂ ਜੀ ਮਹਾਰਾਜ, ਰਾਸ਼ਟਰ ਪਿਤਾ ਜੋਤੀ ਰਾਉ ਫੂਲੇ, ਪੈਰੀਅਰ ਈ. ਵੀ. ਰਾਮਾ ਸਵਾਮੀ ਨਾਇਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਇਨ੍ਹਾਂ ਮਹਾਂਪੁਰਖਾਂ ਦੀ ਜੀਵਨ ਭਰ ਅਟੁੱਟ ਘਾਲਣਾ ਸਦਕਾ ਇਹ ਲੋਕ (ਆਦਿਵਾਸੀ) ਉਪਰ ਉਠ ਸਕੇ ਅਤੇ ਉਹਨਾਂ ਵਿਚ ਇਸ ਵਿਵਸਥਾ ਦੇ ਖਿਲਾਫ, ਵਿਰੋਧ ਦੀ ਭਾਵਨਾ ਪੈਦਾ ਹੋਈ। ਬੇਸ਼ੱਕ ਪਿਛੜਾ ਵਰਗ ਇਸ ਵਿਵਸਥਾ ਦਾ ਘੱਟ ਸ਼ਿਕਾਰ ਹੈ ਤਾਂ ਵੀ ਉਨ੍ਹਾਂ ਵਿਚ ਜਾਗ੍ਰਿਤੀ ਦੀਆਂ ਕੋਸ਼ਿਸ਼ਾਂ ਨਾ ਹੋਣ ਕਾਰਨ, ਇਹ ਵਰਗ ਅੱਜ ਇਸ ਵਿਵਸਥਾ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹੋ ਗਿਆ। ਮੰਡਲ ਆਯੋਗ ਅਨੁਸਾਰ 3743 ਪਿਛੜੀਆਂ ਜਾਤੀਆਂ ਹਨ ਅਤੇ ਇਨ੍ਹਾਂ ਸਾਰੀਆਂ ਜਾਤੀਆਂ ਨੂੰ ਮਿਲਾ ਕੇ ਪਿਛੜਾ ਵਰਗ ਬਣਨਾ ਚਾਹੀਦਾ ਹੈ। ਪਰ ਅਜਿਹਾ ਵਰਗ ਅੱਜ ਵੀ ਜ਼ੋਰਾਂ 'ਤੇ ਹੈ। ਇਵੇਂ ਹੀ ਅਨੁਸੂਚਿਤ ਜਾਤੀ, ਜਨਜਾਤੀਆਂ ਵਿਚ ਵੀ ਜਾਤੀ ਭਾਵਨਾ ਬਹੁਤ ਹੈ, ਪਰ ਇਸ ਤੋਂ ਇਲਾਵਾ ਉਨ੍ਹਾਂ ਵਿਚ ਇਕ ਵਰਗ ਹੋਣ ਦੀ ਭਾਵਨਾ ਹੋਂਦ ਹੈ, ਜਿਹੜੀ ਹੋਂਦ ਜਾਤੀ-ਭਾਵਨਾ ਨੂੰ ਸਮੁੱਚੇ ਤੌਰ 'ਤੇ ਦਬਾਅ ਕੇ ਰੱਖਦੀ ਹੈ।

**ਇਤਿਹਾਸਕ ਦ੍ਰਿਸ਼ਟੀਕੋਣ-** ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਹ ਵਰਗ ਕੁਦਰਤੀ ਤੌਰ 'ਤੇ ਇਕ ਹੀ ਸਮਾਜ ਨਾਲ ਸਬੰਧ ਰੱਖਦੇ ਹਨ। ਪਰ ਇਤਿਹਾਸਕ ਪ੍ਰਕਿਰਿਆ ਵਿਚ ਅਲੱਗ-ਅਲੱਗ ਨਾਵਾਂ ਨਾਲ ਅੱਜ ਜਾਣਿਆ ਪਛਾਣਿਆ ਜਾਂਦਾ ਹੈ। ਇਤਿਹਾਸ ਨੇ ਇਸ ਨੂੰ ਕਿਵੇਂ ਮੋੜ ਦਿੱਤਾ? ਇਸਨੂੰ ਜਾਨਣਾ ਹੋਵੇਗਾ। ਹੁਣ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣੀ ਚਾਹੀਦੀ ਕਿ ਆਰੀਆ ਲੋਕ (ਬ੍ਰਾਹਮਣ) ਬਾਹਰ ਤੋਂ ਭਾਰਤ ਆਏ ਅਤੇ ਇੱਥੇ ਦੇ ਮੂਲ ਨਿਵਾਸੀਆਂ 'ਤੇ ਅਤੇ ਉਹਨਾਂ ਦੀ ਸਭਿਅਤਾ ਸੰਸਕ੍ਰਿਤੀ 'ਤੇ ਹਮਲਾ ਕੀਤਾ। ਮੂਲ ਨਿਵਾਸੀਆਂ ਦੀ ਸਿੰਧੂ ਘਾਟੀ ਸੰਸਕ੍ਰਿਤੀ ਖਤਮ ਕਰ ਦਿੱਤੀ, ਸਿੰਧੂ ਸੰਸਕ੍ਰਿਤੀ ਨੂੰ ਹੀ ਦਰਾਵੜਾਂ ਦੀ ਸੰਸਕ੍ਰਿਤੀ ਮੰਨਿਆ ਜਾਂਦਾ ਹੈ, ਸਿਰਫ ਬਾਬਰ ਹੀ ਨਹੀਂ ਆਰੀਆ ਬ੍ਰਾਹਮਣ ਵੀ ਹਮਲਾਵਰ ਸੀ ਅਤੇ ਅੱਜ ਵੀ ਹਨ। ਹਮਲਾਵਰ ਆਰੀਆ ਬ੍ਰਾਹਮਣਾਂ ਨੇ ਭਾਰਤ ਦੇ ਆਦਿਵਾਸੀਆਂ ਤੇ ਆਪਣੀ ਮਰਜ਼. ਦੀ ਸਮਾਜਿਕ-ਵਿਵਸਥਾ ਲਾਗੂ ਕੀਤੀ, ਜਿਸ ਵਿਚ ਪਹਿਲਾਂ ਤਿੰਨ ਹੀ ਵਰਣ ਹੁੰਦੇ ਸੀ, ਜਿਸ ਵਿਚ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਆਉਂਦੇ ਸਨ। ਦਾਸ, ਦਸਉ, ਅਨਾਰੀਆ, ਅਸੁਰ, ਬਾਨਰ, ਰਾਖਸ਼ਸ਼, ਭੀਲ, ਚੰਡਾਲ ਆਦਿ ਨਾਮ ਆਰੀਆ ਬ੍ਰਾਹਮਣਾਂ ਨੇ ਇੱਥੋਂ ਦੇ ਆਦਿਵਾਸੀਆਂ ਨੂੰ ਦਿੱਤੇ ਗਏ। ਅੱਜ ਅਸੀਂ ਦੇਖਦੇ ਹ ਾਂ ਕਿ ਇਸ ਦੇਸ਼ ਭਾਰਤ ਵਿਚ ਬੜੀ ਵੱਡੀ ਸੰਖਿਆ ਸ਼ੂਦਰਾਂ ਦੀ ਹੈ। ਚਤੁਰ ਵਰਣ-ਵਿਵਸਥਾ ਨੂੰ ਲਾਗੂ ਕਰਨ ਲਈ ਆਰੀਆ (ਬ੍ਰਾਹਮਣਾਂ) ਨੇ ਬਹੁਤ ਸੰਘਰਸ਼ ਕੀਤਾ ਅਤੇ ਆਰੀਆ ਇਸ ਵਿਚ ਸਫਲ ਵੀ ਹਏ। ਜਦ ਇਸ ਦਾ ਗੰਭੀਰ ਅਸਰ ਸਮਾਜ 'ਤੇ ਪੈਣਾ ਸ਼ੁਰੂ ਹੋਇਆ ਤਾਂ ਇਸਦੇ ਵਿਰੋਧ ਵਿਚ ਗੌਤਮ ਬੁੱਧ ਨੇ ਸਮਾਜਿਕ ਕ੍ਰਾਂਤੀ ਦਾ ਅੰਦੋਲਨ ਸ਼ੁਰੂ ਕੀਤਾ। ਇਸ ਅੰਦੋਲਨ ਵਿਚ ਧਰਮ 'ਚੋਂ ਛੇਕੇ ਗਏ ਕਸ਼ੱਤਰੀਆਂ ਨੇ ਬੁੱਧ ਦਾ ਸਾਥ ਦਿੱਤਾ। ਇਸ ਦੇ ਨਾਲ ਨਾਲ ਬੁੱਧ ਨੂੰ ਮੂਲ ਨਿਵਾਸੀਆਂ ਦਾ ਭਾਰੀ ਮਾਤਰਾ ਵਿਚ ਸਮਰਥਨ ਮਿਲਿਆ। ਬੁੱਧ ਭਾਰਤ ਦੇਸ਼ ਦਾ ਰਾਜਾ ਸੀ। ਧਰਮ 'ਚੋਂ ਕੱਢੇ ਗਏ ਕਸ਼ੱਤਰੀਆਂ ਦਾ ਸਾਥ ਇਸ ਲਈ ਮਿਲਿਆ ਕਿਉਂਕਿ ਉਹ ਆਰੀਆ ਤੋਂ ਦੁਖੀ ਸਨ। ਬੁੱਧ ਦੀ ਸਮਾਜਿਕ ਕ੍ਰਾਂਤੀ ਦੀ ਵਿਚਾਰਧਾਰਾ ਮਾਨਣ ਦੇ ਮਾਣ ਸਨਮਾਨ ਦੇ ਮਿਆਰ ਸਥਾਪਤ ਕਰਨ ਵਾਲੀ ਸੀ। ਇੱਥੇ ਇਹ ਵਰਣਨਯੋਗ ਹੈ ਕਿ ਅੱਜ ਵੀ ਸ਼ਾਕੀਆ ਜਾਤੀ ਦੇ ਲੋਕ ਉਤਰ ਪ੍ਰਦੇਸ਼, ਬਿਹਾਰ ਵਿਚ ਮਿਲਦੇ ਹਨ। ਜੋ ਕਈ ਸ਼ਾਕੀਆ ਵੰਸ਼ ਨਾਲ ਸਬੰਧਤ ਰਹੇ ਹੋਣਗੇ। ਮਹਾਤਮਾ ਬੁੱਧ ਸ਼ਾਕੀਆ ਵੰਸ਼ ਵਿਚੋਂ ਸੀ। ਇਸਨੂੰ ਸਭ ਲੋਕ ਜਾਣਦੇ ਹਨ। ਬੁੱਧ ਜਿਸ ਸ਼ਾਕੀਆ ਵੰਸ਼ ਵਿਚੋਂ ਸੀ, ਉਸ ਜਾਤੀ ਦੇ ਲੋਕ ਅੱਜ ਮੰਡਲ ਕਮਿਸ਼ਨ ਦੇ ਦਾਇਰੇ ਵਿਚ ਸ਼ਾਮਲ ਹਨ, ਇਸ ਤੋਂ ਪਤਾ ਲੱਗਦਾ ਹੈ ਕਿ ਸਮੇਂ ਦੇ ਚੱਕਰ ਵਿਚ ਕੀ-ਕੀ ਕੁਝ ਹੋਇਆ। ਚਤੁਰ ਵਰਣ ਵਿਵਸਥਾ ਦੇ ਖਿਲਾਫ ਜਦ ਬੁੱਧ ਨੂੰ ਭਾਰੀ ਮਾਤਰਾ ਵਿਚ ਸਮਰਥਨ ਮਿਲਿਆ ਤਦ ਬੁੱਧ ਨੇ ਚਾਰ ਵਰਣ ਵਿਵਸਥਾ ਜਿਸ ਵਿਚਾਰਧਾਰਾ 'ਤੇ ਖੜ੍ਹੀ ਸੀ, ਉਸ ਵਿਚਾਰਧਾਰਾ ਨੂੰ ਹੀ ਵੰਗਾਰਿਆ। ਐਸਾ ਕੋਈ ਬਾਕੀ ਸਵਾਲ ਨਹੀਂ ਸੀ ਰਹਿ ਗਿਆ ਜਿਸ ਦਾ ਬੁੱਧ ਨੇ ਦਲੀਲ ਪਤੇ ਆਧਾਰਿਤ ਖੰਡਨ ਨਾ ਕੀਤਾ ਹੋਵੇ। ਇਸ ਤਰ੍ਹਾਂ ਵਰਣ-ਵਿਵਸਥਾ ਦੀ ਵਿਚਾਰਧਾਰਾ ਅਤੇ ਧਰਾਤਲ ਡਗਮਗਾਇਆ।

ਇਸ ਨਾਲ ਆਰੀਆ ਦੀ ਵਿਵਸਥਾ ਡਾਵਾਂਡੋਲ ਬਣ ਗਈ। ਪੜ੍ਹਨ ਅਤੇ ਪੜ੍ਹਾਉਣ ਦੇ ਨਾਲ-ਨਾਲ ਬ੍ਰਾਹਮਣਾਂ ਨੇ ਜੋ ਵਿਸ਼ੇਸ਼ ਧਾਰਮਿਕ ਅਧਿਕਾਰ ਆਪਣੇ ਲਈ ਅਲੱਗ ਰੱਖੇ ਸੀ, ਸਭ ਦੇ ਸਭ ਖਤਰੇ ਵਿਚ ਪੈ ਗਏ। ਜਿਹਨਾਂ 'ਤੇ ਆਰੀਆ (ਬ੍ਰਾਹਮਣਾਂ) ਦੀ ਜ਼ਿੰਦਗੀ ਦਾ ਨਿਰਵਾਹ ਹੁੰਦਾ ਸੀ। ਇਸ ਨਾਲ ਬ੍ਰਾਹਮਣਾਂ ਦੇ ਸਾਹਮਣੇ ਜ਼ਿੰਦਗੀ ਦਾ ਨਿਰਵਾਹ ਕਰਨ ਦੀ ਸਮੱਸਿਆ ਪੈਦਾ ਹੋ ਗਈ ਤੇ ਜੋ ਕੰਮ ਮਿਲਦਾ ਬ੍ਰਾਹਮਣ (ਆਰੀਆ) ਉਹੀ ਕਰਨ ਲੱਗ ਪਏ।

ਸਮਰਾਟ ਅਸ਼ੋਕ ਦੀ ਸੈਨਾ ਵਿਚ ਕਈ ਬ੍ਰਾਹਮਣ ਸ਼ਾਮਲ ਹੋਏ। ਸਮਰਾਜ਼ ਅਸ਼ੋਕ ਦਾ ਪੜਪੋਤਾ ਰਾਜਾ ਬਹਦਰਥ ਹਾਲੇ ਛੋਟੀ ਉਮਰ ਦਾ ਹੀ ਸੀ ਕਿ ਉਸਦ ਪਿਤਾ ਦਾ ਦਿਹਾਂਤ ਹੋ ਗਿਆ। ਨਾਬਾਲਗ ਬਹਦਰਥ ਰਾਜੇ ਦਾ ਸੈਨਾਪਤੀ ਪੁਸ਼ਪ ਸ਼ੁੰਗ ਮਿੱਤਰਾ ਜੋ ਆਰੀਆ ਬ੍ਰਾਹਮਣ ਸੀ, ਬਣਿਆ 'ਤੇ ਰਾਜ ਦੇ ਸਾਰੇ ਕੰਮਕਾਜ ਦੀ ਦੇਖਭਾਲ ਕਰਨ ਲੱਗਾ। ਇਕ ਦਿਨ ਭਰੇ ਦਰਬਾਰ ਵਿਚ ਧੋਖੇਬਾਜ਼ ਬ੍ਰਾਹਮਣ ਸੈਨਾਪਤੀ ਪੁਸ਼ਪ ਸ਼ੂੰਗ ਮਿੱਤਰਾ ਨੇ ਨਾਬਾਲਗ ਰਾਜਾ ਬਹਦਰਥ ਦਾ ਸਿਰ ਕਲਮ ਕਰ ਦਿੱਤਾ ਅਤੇ ਖੁਦ ਰਾਜਾ ਬਣ ਬੈਠਾ।

ਪੁਸ਼ਪ ਸ਼ੂੰਗ ਮਿੱਤਰਾ ਨੇ ਆਪ ਰਾਜਾ ਹੋਣ ਦੀ ਘੋਸ਼ਣਾ ਹੀ ਨਹੀਂ ਕੀਤੀ ਬਲਕਿ ਬ੍ਰਾਹਮਣ ਧਰਮ ਨੂੰ ਰਾਜ ਧਰਮ ਘੋਸ਼ਿਤ ਕਰ ਦਿੱਤਾ ਤੇ ਇਸ ਤਰ੍ਹਾਂ ਬ੍ਰਾਹਮਣੀ ਧਰਮ (ਆਰੀਆ ਧਰਮ) ਸਥਾਪਤ ਕੀਤਾ। ਆਰੀਆ ਧਰਮ ਹੀ ਅੱਜ ਦਾ ਹਿੰਦੂ ਧਰਮ ਹੈ। ਇਸ ਲਈ ਇਸਲਾਮ ਧਰਮ ਜਿਸ ਤਰ੍ਹਾਂ ਵਿਦੇਸ਼ੀ ਹੈ, ਉਸੇ ਤਰ੍ਹਾਂ ਆਰੀਆ ਧਰਮ (ਹਿੰਦੂ ਧਰਮ) ਵੀ ਵਿਦੇਸ਼ੀ ਧਰਮ ਹੈ। ਇਹ ਵਿਚਾਰ ਕਰਨ ਵਾਲੀ ਗੱਲ ਹੈ। ਇਸ ਤੋਂ ਆਦਿ ਵਾਸੀ ਜੋ ਧਰਮ ਪ੍ਰਵਰਤਨ ਕਰਕੇ ਬੋਧੀ ਬਣ ਗਏ ਸਨ ਅਤੇ ਧਰਮ 'ਚੋਂ ਛੇਕੇ ਗਏ ਕਸ਼ੱਤਰੀ ਬੁੱਧ ਧਰਮ ਵਿਚ ਚਲੇ ਗਏ ਸੀ, ਉਹਨਾਂ ਵਿਚੋਂ ਖਲਬਲੀ ਮੱਚ ਗਈ, ਕੁਝ ਲੋਕਾਂ ਨੇ ਬ੍ਰਾਹਮਣੀ ਧਰਮ ਨਾਲ ਸਮਝੌਤਾ ਕੀਤਾ, ਕੁਝ ਲੋਕਾਂ ਨੇ ਵਿਰੋਧ ਜਾਰੀ ਰੱਖਿਆ। ਜਿਨ੍ਹਾਂ ਨੇ ਬ੍ਰਾਹਮਣੀ ਧਰਮ ਨਾਲ ਸਮਝੌਤਾ ਕੀਤਾ, ਉਨ੍ਹਾਂ ਨੂੰ ਸ਼ੂਦਰ ਦਾ ਦਰਜਾ ਦਿੱਤਾ ਗਿਆ, ਜਿਨ੍ਹਾਂ ਨੇ ਵਿਰੋਧ ਕੀਤਾ, ਉਹਨਾਂ ਦੀ ਜਾਇਦਾਦ ਅਤੇ ਹਰ ਮਹੱਤਵਪੂਰਨ ਅਧਿਕਾਰਾਂ ਤੋਂ ਵਾਂਝੇ ਕਰ ਦਿੱਤਾ ਗਿਆ।

ਇਸੇ ਹੀ ਰਾਜਾ ਪੁਸ਼ਪਾ ਸ਼ੂੰਗ ਮਿੱਤਰਾ ਦੇ ਵੱਲ 185-ਬੀ. ਸੀ. ਮਨੂੰ ਸਿਮਰਤੀ ਲਿਖੀ ਗਈ। ਜਿਸ ਵਿਚ ਦੰਡ ਵਿਧਾਨ ਦੀ ਵਿਵਸਥਾ ਲਿਖੀ ਗਈ, ਬੋਧੀ ਭਿਕਸ਼ੂਆਂ ਦੇ ਸਿਰਾਂ ਦੇ ਕੱਟਣ ਵਾਲੇ ਵਿਅਕਤੀਆਂ ਨੂੰ ਸੋਨੇ ਦੀਆਂ ਮੋਹਰਾਂ ਦੇਣ ਦਾ ਐਲਾਨ ਪੁਸ਼ਪ ਮਿੱਤਰਾ ਨੇ ਕੀਤਾ। ਹੈਰਾਨੀ ਵਾਲੀ ਗੱਲ ਹੈ ਕਿ ਪੁਸ਼ਪ ਮਿੱਤਰਾ ਬੋਧੀ ਸੀ। ਇਸ ਭਾਰਤੀ ਬ੍ਰਾਹਮਣ ਨੇ ਚੀਨ ਵਿਚ ਜਾ ਕੇ ਬੁੱਧ ਧਰਮ ਗ੍ਰਹਿਣ ਕੀਤਾ ਅਤੇ ਆਪਣਾ ਨਾਂ ਪੁਸ਼ਪ ਮਿੱਤਰਾ ਬਦਲ ਕੇ ਪੁਸ਼ਪ ਸ਼ੂੰਗ ਮਿੱਤਰਾ ਰੱਖਿਆ।

ਇਸ ਤਰ੍ਹਾਂ ਆਰੀਆ (ਬ੍ਰਾਹਮਣਾਂ) ਨੇ ਬੁੱਧ ਧਰਮ ਵਿਚ ਘੁਸਪੈਠ ਕਰਕੇ ਇਸਨੂੰ ਖਤਮ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਇਹ ਸਾਰੇ ਤੱਥ ਅਤੇ ਸੱਚ ਬਾਬਾ ਸਾਹਿਬ ਡਾ. ਅੰਬੇਡਕਰ ਨੇ 'ਅਛੂਤ ਕੌਣ ਤੇ ਕਿਵੇਂ" ਗ੍ਰੰਥ ਵਿਚ ਦਿੱਤੇ ਹਨ। ਜਿਨ੍ਹਾਂ ਨੇ ਪੁਸ਼ਪ ਸ਼ੂੰਗ ਮਿੱਤਰਾ ਨੂੰ ਰਾਜਾ ਅਤੇ ਉਸਦੀ ਨੀਤੀਆਂ ਨੂੰ ਨਹੀਂ ਮੰਨਿਆ ਤੇ ਲੰਮੇ ਸਮੇਂ ਲਈ ਲੜਦੇ ਰਹੇ ਅਤੇ ਲੜਾਈ ਦੀ ਭਾਵਨਾ ਲੈ ਕੇ ਜੰਗਲਾਂ ਵਿਚ ਚਲੇ ਗਏ ਕਿਉਂਕਿ ਉਨ੍ਹਾਂ ਦੀ ਸੰਪਤੀ (ਜਾਇਦਾਦ) ਪਹਿਲਾਂ ਹੀ ਜ਼ਬਤ ਹੋ ਚੁੱਕੀ ਸੀ।

ਇਹ ਲੜਾਈ ਕਾਫੀ ਲੰਮਾ ਸਮਾਂ ਚਲਦੀ ਰਹੀ। ਇਸ ਨਾਲ ਜਿਹੜੇ ਆਦਿਵਾਸੀ ਜੰਗਲਾਂ ਵਿਚ ਸੰਘਣੀ ਆਬਾਦੀ ਬਣਾ ਕੇ ਰਹਿੰਦੇ ਸੀ, ਉਹਨਾਂ ਵਿਚ ਬਿਖਰਾਅ ਆਉਣਾ ਸ਼ੁਰੂ ਹੋ ਗਿਆ, ਕੁਝ ਲੋਕ ਜੰਗਲਾਂ ਵਿਚ ਹੀ ਰਹੇ ਜੋ ਆਦਿਵਾਸੀ ਨਾਂ ਨਾਲ ਜਾਣੇ ਗਏ। ਅੱਜ ਇਸਨੂੰ ਐਸ. ਟੀ. ਕਿਹਾ ਜਾਂਦਾ ਹੈ। ਜੋ ਲੋਕ ਜੰਗਲਾਂ ਵਿਚੋਂ ਨਿਕਲ ਕੇ ਪਿੰਡਾਂ ਦੇ ਆਸ-ਪਾਸ ਰਹਿਣ ਲੱਗ ਪਏ, ਉਹਨਾਂ ਦੀ ਜਾਇਦਾਦ ਜ਼ਬਤ ਹੋ ਚੁੱਕੀ ਸੀ, ਜ਼ਿੰਦਗੀ ਨਿਰਵਾਹ ਲਈ ਕੋਈ ਸਾਧਨ ਨਹੀਂ ਸੀ, ਇਸ ਲਈ ਮਰੇ ਹੋਏ ਪਸ਼ੂਆਂ ਦਾ ਮਾਸ ਖਾ ਕੇ ਜੀਵਨ ਗੁਜ਼ਾਰਨ ਲੱਗੇ। ਇਨ੍ਹਾਂ ਨਾਲ ਸਪਰਸ਼ (ਛੂਹਣਾ) ਕਰਨਾ ਵੀ ਮਨ੍ਹਾ ਕਰ ਦਿੱਤਾ। ਇਸ ਤਰ੍ਹਾਂ ਇਹ ਲੋਕ (ਐਸ. ਸੀ.) ਅਛੂਤ ਬਣੇ। ਜਿਨ੍ਹਾਂ ਨੇ ਬ੍ਰਾਹਮਣੀ ਧਰਮ ਅਤੇ ਪੁਸ਼ਪ ਸ਼ੂੰਗ ਨਾਲ ਸਮਝੌਤਾ ਕੀਤਾ ਸੀ। ਉਨ੍ਹਾਂ ਨੂੰ (ਓ. ਬੀ. ਸੀ.) ਪੱਛੜੇ ਵਰਗ ਕਹਿੰਦੇ ਹਨ। ਇਸ ਤਰ੍ਹਾਂ ਦਲਿਤ ਅਤੇ ਪੱਛੜੇ ਵਰਗ ਅਲੱਗ-ਅਲੱਗ ਦਿਖਾਈ ਤਾਂ ਦਿੰਦੇ ਹਨ, ਪਰ ਇਤਿਹਾਸਕ ਤੌਰ 'ਤੇ ਬਿਖਰ ਚੁੱਕੇ ਹਨ। ਪਰ ਇਤਿਹਾਸ ਵਿਚ ਕਦੀ ਇਕ ਹੀ ਸੀ। ਉਹਨਾਂ ਨੂੰ ਵਰਤਮਾਨ ਵਿਚ ਇਕੱਠਾ ਕਰਨਾ ਅਤੇ ਜਥੇਬੰਦ ਕਰਨਾ ਜ਼ਰੂਰੀ ਹੋ ਗਿਆ ਹੈ। ਜਦ ਮੁਗਲ ਰਾਜਿਆਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਉਹਨਾਂ ਨੇ ਇਸਲਾਮ ਧਰਮ ਵੀ ਨਾਲ ਲਿਆਂਦਾ।

ਬ੍ਰਾਹਮਣੀ ਵਿਵਸਥਾ ਤੋਂ ਤੰਗ ਲੋਕ ਧਰਮ ਪ੍ਰਵਰਤਨ ਕਰਕੇ ਮੁਸਲਮਾਨ ਬਣ ਗਏ। ਤਕਰੀਬਨ 330 ਸਾਲ ਮੁਗਲਾਂ ਨੇ ਭਾਰਤ ਤੇ ਰਾਜ ਕੀਤਾ ਅਤੇ ਹਿਸ ਦੌਰ ਵਿਚ ਆਦਿਵਾਸੀ ਲੋਕ ਧਰਮ ਪ੍ਰਵਰਤਨ ਕਰਕੇ ਮੁਸਲਮਾਨ ਬਣਦੇ ਰਹੇ। ਜਦ ਅੰਗਰੇਜ਼ ਇਸ ਦੇਸ਼ ਵਿਚ ਆਏ ਅਤੇ ਉਨ੍ਹਾਂ ਨੇ ਮੁਸਲਿਮ ਰਾਜ ਖਤਮ ਕਰ ਦਿੱਤਾ ਅਤੇ ਖੁਦ ਦੇਸ਼ ਵਿਚ ਫਿਰ ਆਦਿਵਾਸੀ ਧਰਮ ਬਦਲ ਕੇ ਆਉਂਦੇ ਰਹੇ।

ਇਸ ਤਰ੍ਹਾਂ ਇਸਾਈ ਧਰਮ ਭਾਰਤ ਵਿਚ ਫੈਲਿਆ। ਅੰਗਰੇਜ਼ਾਂ ਅਤੇ ਮੁਸਲਮਾਨਾਂ ਦੇ ਰਾਜ ਕਾਲ ਵਿਚ ਸਿੱਖ ਧਰਮ ਹੋਂਦ ਵਿਚ ਆਇਆ। ਇਸ ਵਿਚ ਹੀ ਆਦਿਵਾਸੀ ਲੋਕ ਧਰਮ ਬਦਲ ਕੇ ਆਏ। ਇਸ ਤਰ੍ਹਾਂ ਬੁੱਧ ਧਰਮ ਵਿਚ ਵੀ ਜ਼ਿਆਦਾ ਲੋਕ ਦਲਿਤ ਸ਼ਾਮਲ ਹੋਏ।

ਇਤਿਹਾਸ ਇਹ ਤੱਥ ਪੇਸ਼ ਕਰਦਾ ਹੈ ਕਿ ਆਦਿਵਾਸੀ ਅਤੇ ਇਨ੍ਹਾਂ 'ਚੋਂ ਧਰਮ ਬਦਲਣ ਵਾਲੇ ਸਿੱਖ, ਇਸਾਈ, ਬੋਧੀ, ਮੁਸਲਮਾਨ ਇਕ ਹੀ ਸਮਾਜ ਵਿਚੋਂ ਹਨ। ਇਕ ਹੀ ਖ਼ੂਨ ਰਿਸ਼ਤੇ ਦੇ ਲੋਕ ਹਨ। ਇਸ ਲਈ ਇਨ੍ਹਾਂ ਨੂੰ ਇਕੱਠੇ ਕਰਨਾ ਸਿਰਫ ਨਿਆਂ ਵਾਲੀ ਗੱਲ ਹੀ ਨਹੀਂ ਬਲਕਿ ਜ਼ਰੂਰੀ ਵੀ ਹੈ। ਇਨ੍ਹਾਂ ਨੂੰ ਜਥੇਬੰਦ ਕਰਕੇ ਇਨ੍ਹਾਂ ਨਾਲ ਹੋ ਰਹੇ ਭੇਦਭਾਵ ਨੂੰ ਇਸ ਤਰ੍ਹਾਂ ਭਾਈਚਾਰਾ ਬਣਾ ਕੇ ਮਿਟਾਇਆ ਜਾ ਸਕਦਾ ਹੈ।

**ਜਲੰਧਰ ਤੋਂ ਸ੍ਰੀ ਸੀ ਐਲ ਚੁੰਬਰ ਦੁਆਰਾ ਪ੍ਰਕਾਸਿਤ ਕੀਤੇ ਜਾਂਦੇ ਰਹੇ 'ਕੌਮੀ ਉਡਾਰੀਆਂ' ਵਿਚੋਂ ਧੰਨਵਾਦ ਸਹਿਤ**

Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਭਗਵਾਨ ਵਾਲਮੀਕ ਟੈਂਪਲ ’ਚ ਹਫਤਾਵਾਰੀ ਪ੍ਰੋਗਰਾਮ





**ਯੂਬਾ ਸਿਟੀ (ਬਿਊਰੋ)–** ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਬੀਤੇ ਐਤਵਾਰ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵੇਨਿਊ ਯੂਬਾ ਸਿਟੀ ਵਿਖੇ ਪ੍ਰੋਗਰਾਮ ਕਰਵਾਇਆ ਗਿਆ। ਸਭ ਤੋਂ ਪਹਿਲਾਂ ਰਮਾਇਣ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਤੇ ਉਪਰੰਤ ਆਰਤੀ ਤੇ ਅਰਦਾਸ ਕੀਤੀ ਗਈ। ਉਪਰੰਤ ਮਾਤਾ ਸਵਰਨ ਕੌਰ ਭਗਾਣੀ ਤੇ ਜੋਗਿੰਦਰ ਸਿੰਘ ਸ਼ੌਕੀ ਵੱਲੋਂ ਸ਼ਸ਼ਦ ਗਾਇਨ ਕੀਤਾ ਗਿਆ। ਸਾਰਾ ਦਿਨ ਲੰਗਰਾਂ ਦੀ ਸੇਵਾ ਚਲਦੀ ਰਹੀ। ਉਪਰੰਤ ਭਾਰਤ ਤੋਂ ਆਏ ਨਵੇਂ ਪਰਿਵਾਰ ਮਾਸਟਰ ਰਜਿੰਦਰ ਸਿੰਘ ਨਾਹਰ ਤੇ ਉਹਨਾਂ ਦੀ ਪਤਨੀ ਬੀਬੀ ਸ਼ਿਮਲਾ ਦੇਵੀ ਜੀ ਦਾ ਸਭਾ ਵੱਲੋਂ ਸਿਰੋਪੇ ਪਾ ਕੇ ਸਨਮਾਨਿਤ ਕਰਦਿਆਂ ਅਮਰੀਕਾ ਵਿਚ ਆਉਣ ਤੇ ਜੀ ਆਇਆਂ ਕਿਹਾ ਗਿਆ। ਇਸ ਦਿਨ ਲੰਗਰਾਂ ਦੀ ਸੇਵਾ ਸੰਤੋਖ ਸਿੰਘ ਗਿੱਲ ਤੇ ਸਮੂਹ ਪਰਿਵਾਰ ਵੱਲੋਂ ਬਹੁਤ ਪਿਆਰ ਤੇ ਸ਼ਰਧਾ ਭਾਵਨਾ ਨਾਲ ਕੀਤੀ ਗਈ। ਪ੍ਰੋਗਰਾਮ ਦੇ ਅੰਤ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਵੱਲੋਂ ਆਈਆਂ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ ਕਰਦਿਆਂ ਸੰਗਤਾਂ ਨੂੰ 13 ਅਕਤੂਬਰ ਨੂੰ ਸਤਿਗੁਰ ਵਾਲਮੀਕ ਜੀ ਪ੍ਰਗਟ ਦਿਵਸ ਤੇ ਵੱਡੀ ਗਿਣਤੀ ਸ਼ਮੂਲੀਅਤ ਕਰਨ ਦ ਬੇਨਤੀ ਕੀਤੀ ਗਈ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਸਕੱਤਰ ਵਿਸ਼ਾਲ ਸ਼ਰਬਤੀ ਵੱਲੋਂ ਦਿੱਤੀ ਗਈ।

# ਧੰਮ-ਚੱਕਰ ਪਰਿਵਰਤਨ ਦਿਵਸ ਸਮਾਗਮ ਦੀਆਂ ਤਿਆਰੀਆਂ ਜੋਰਾਂ ’ਤੇ


**ਜਲੰਧਰ (ਤਰਸੇਮ ਜਲੰਧਰੀ)–** ਅੰਬੇਡਕਰ ਮਿਸ਼ਨ ਸੋਸਾਇਟੀ (ਰਜਿ.) ਦੁਆਰਾ ਧੰਮ -ਚੱਕਰ ਪਰਿਵਰਤਨ ਦਿਵਸ ਸਮਾਗਮ ਦਾ ਆਯੋਜਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ 14 ਅਕਤੂਬਰ ਦਿਨ ਸੋਮਵਾਰ ਸਵੇਰੇ 9.30 ਵਜੇ ਕੀਤਾ ਜਾ ਰਿਹਾ ਹੈ. ਇਹ ਸਮਾਗਮ ਸਤਿਕਾਰਯੋਗ ਭੰਤੇ ਪ੍ਰਗਿਆਨੰਦ ਮਹਾਥੇਰੋ, ਜੋ ਬਾਬਾ ਸਾਹਿਬ ਡਾ. ਅੰਬੇਡਕਰ ਨੂੰ 14 ਅਕਤੂਬਰ, 1956 ਨੂੰ ਬੁੱਧ ਧੰਮ ਦੀਕਸ਼ਾ ਦੇਣ ਵਾਲੇ 5 ਭਿਕਸ਼ੂਆਂ ’ਚੋਂ ਇੱਕ ਸਨ, ਨੂੰ ਸਮਰਪਿਤ ਹੋਵੇਗਾ. ਸਮਾਗਮ ਦੇ ਮੁਖ ਮਹਿਮਾਨ ਡਾ. (ਭਿਕਸ਼ੂ) ਸਵਰੂਪਾਨੰਦ ਲਖਨਊ ਤੋਂ ਅਤੇ ਮੁਖ ਬੁਲਾਰੇ ਸ਼੍ਰੀ ਤਾਰਾ ਰਾਮ, ਉੱਘੇ ਅੰਬੇਡਕਰੀ ’ਤੇ ਪ੍ਰਮੁੱਖ ਸਮਾਜਿਕ ਕਾਰਜਕਰਤਾ ਜੋਧਪੁਰ ਤੋਂ ਅਤੇ ਲਾਹੌਰੀ ਰਾਮ ਬਾਲੀ ਸੰਪਾਦਕ ਭੀਮ ਪਤ੍ਰਿਕਾ ਹੋਣਗੇ। ਅੰਬੇਡਕਰ ਮਿਸ਼ਨ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਦਾ ਜਾਇਜਾ ਲੈਣ ਲਈ ਸੋਸਾਇਟੀ ਦੀ ਮੀਟਿੰਗ ਅੰਬੇਡਕਰ ਭਵਨ ਵਿਖੇ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਲਾਹੌਰੀ ਰਾਮ ਬਾਲੀ, ਸੋਹਨ ਲਾਲ ਡੀ ਪੀ ਆਈ ਕਾਲਿਜਾਂ (ਸੇਵਾਮੁਕਤ), ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਪਰਮਿੰਦਰ ਸਿੰਘ ਅਤੇ ਤਿਲਕ ਰਾਜ ਸ਼ਾਮਿਲ ਹੋਏ. ਵਰਿੰਦਰ ਕੁਮਾਰ ਨੇ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਜੋਰਾਂ ’ਚ ਚੱਲ ਰਹੀਆਂ ਹਨ. ਉਨ੍ਹਾਂ ਨੇ ਅੱਗੇ ਦੱਸਿਆ ਕਿ ਇਸ ਸਮਾਗਮ ਵਿਚ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਪੈਂਟਿੰਗ, ਕਵੀਤਾਵਾਂ/ਗੀਤ-ਗਾਇਨ ਅਤੇ ਭਾਸ਼ਣ ਮੁਕਾਬਲੇ ਵੀ ਹੋਣਗੇ।




# ਕੁਕਰੇਜਾ ਵੱਲੋਂ ਗੁਰੂ ਨਾਨਕ ਸਾਹਿਬ ਦਾ ਯਾਦਗਾਰੀ ਸਿੱਕਾ ਕਰਤਾਰਪੁਰ ਸਾਹਿਬ ਵਿਖੇ ਭੇਟ ਕੀਤਾ ਗਿਆ

**ਲਾਹੌਰ–** ਲੁਧਿਆਣਾ ਸ਼ਹਿਰ ਅਧਾਰਤ ਕਾਰੋਬਾਰੀ ਅਤੇ ਸਮਾਜ ਸੇਵੀ ਹਰਜਿੰਦਰ ਸਿੰਘ ਕੁਕਰੇਜਾ, ਗੁਰਦੁਆਰਾ ਕਰਤਾਰਪੁਰ ਸਾਹਿਬ, ਪਾਕਿਸਤਾਨ ਵਿਖੇ ਪੌਂਚੇ, ਜੋ ਕਿ ਸਿੱਖ ਧਰਮ ਦੇ ਪਵਿੱਤਰ ਸਥਾਨਾਂ ਵਿਚੋਂ ਇਕ ਹੈ ਅਤੇ ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਵਸ ਨੂੰ ਸਮਰਪਿਤ ਯਾਦਗਾਰੀ ਸਿੱਕੇਦਾ ਉਦਘਾਟਨ ਕੀਤਾ। ਕੁਕਰੇਜਾ ਨਾਲ ਕਰਤਾਰਪੁਰ ਸਾਹਿਬ ਦੇ ਇਤਿਹਾਸਕ ਗੁਰੂਦ-ਆਰਾ ਸਾਹਿਬ ਦੇ ਸੇਵਾ-ਸੰਭਾਲ ਕਰਨ ਵਾਲੇ ਭਾਈ ਗੋਬਿੰਦ ਸਿੰਘ ਵੀ ਸ਼ਾਮਲ ਹੋਏ । ਇਹ ਉਹ ਸਥਾਨ ਹੈ ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ 18 ਸਾਲ ਬਿਤਾਏ।

ਹਰਜਿੰਦਰ ਸਿੰਘ ਕੁਕਰੇਜਾ ਦਾ ਕਹਿਣਾ ਹੈ, "ਇਸ ਇਤਿਹਾਸਕ ਸਾਲ ਨੂੰ ਮਨਾਉਣ ਲਈ, ਅੱਸੀ ਆਪਣੇ ਪਰਿਵਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਯਾਦਗਾਰੀਸਿੱਕੇ ਤਿਆਰ ਕੀਤੇ ਹਨ, ਜੋ ਅਸੀਂ ਦੁਨੀਆਂ ਭਰ ਵਿਚ ਵੱਸਦੇ ਸਿੱਖਾਂ ਨੂੰ ਵੰਡਾਂਗੇ।" "ਮੈਂ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਯਾਦਗਾਰੀ ਸਿੱਕੇ ਦਾ ਉਦਘਾਟਨ ਕੀਤਾ ਕਿਉਂਕਿ ਇਹ ਸਿੱਖਾਂ ਦਾ ਮਦੀਨਾ ਹੈ।", ਹਰਜਿੰਦਰ ਸਿੰਘ ਕੁਕਰੇਜਾ ਨੇ ਕਿਹਾ। ਕਰਤਾਰਪੁਰ ਲਾਂਘੇ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਹਰਜਿੰਦਰ ਸਿੰਘ ਕੁਕਰੇਜਾ ਦਾ ਕਹਿਣਾ ਹੈ, "ਕਰਤਾਰਪੁਰ ਲਾਂਘਾ ਭਾਰਤ ਅਤੇ ਪਾਕਿਸਤਾਨ ਵਿਚਾਲੇ ਆਪਸੀ ਸਹਿਯੋਗ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗਾ ਅਤੇ ਸਿੱਖਾਂ ਨੂੰ ਉਨ੍ਹਾਂ ਦੇ ਇਕ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਦਾ ਮੌਕਾ ਦੇਵੇਗਾ।"



ਹਰਜਿੰਦਰ ਸਿੰਘ ਕੁਕਰੇਜਾ ਨੇ ਕਿਹਾ ਕਿ ਉਹ ਮਹਿਸੂਸ ਕਰਦੇ ਹਨ, "ਇਹ ਸਿੱਖਾਂ ਅਤੇ ਗੁਰੂ ਨਾਨਕ ਦੇਵ ਨਾਮ ਲੇਵਾ ਸੰਗਤ ਲਈ ਇੱਕ ਵਿਸ਼ੇਸ਼ ਵਰ੍ਹਾ ਹੈ ।" ਲਾਂਘੇ ਦੇ ਪਾਕਿਸਤਾਨੀ ਪਾਸੇ ਵਿਕਾਸ ਕਾਰਜਾਂ ਦਾ ਲੇਖਾ ਜੋਖਾ ਕਰਦਿਆਂ ਹਰਜਿੰਦਰ ਸਿੰਘ ਕੁਕਰੇਜਾ ਨੇ ਮਹਿਸੂਸ ਕੀਤਾ ਕਿ, "ਭਾਰਤ ਦੇ ਨਾਲ-ਨਾਲ ਪਾਕਿਸਤਾਨ ਵਿਚ ਵੀ ਗੁਰੂ ਨਾਨਕ ਦੇ 550 ਵੇ ਪ੍ਰਕਾਸ਼ ਪੁਰਬ ਨੂੰ ਲੈ ਕੇ ਖਾਸਾ ਉਤਸ਼ਾਹ ਹੈ। ਸਾਈਟ ’ਤੇ ਸੈਂਕੜੇ ਲੋਕਾਂ ਦੇ ਨਾਲ ਕੰਮ ਪੂਰੇ ਜੋਰਾਂ-ਸ਼ੋਰਾਂ’ ਤੇ ਚੱਲਰਿਹਾ ਹੈ। ਮੈਂ ਅਰਦਾਸ ਕਰਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਦੀ ਅਸਲ ਜਨਮ ਦਿਹਾੜੇ ਤੋਂ ਪਹਿਲਾਂ, ਸਿੱਖ ਸੰਗਤਾਂ ਅਸਲ ਵਿਚ ਉਹ ਜਗ੍ਹਾ ਵੇਖ ਸਕਣਗੀਆਂ। ਜਿਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਮਹੱਤਵਪੂਰਨ ਸਾਲ ਬਤੀਤ ਕੀਤੇ ਸਨ।" **(ਤਸਵੀਰ ਅਤੇ ਰਿਪੋਰਟ– ਪੱਤਰਕਾਰ ਬਾਬਰ ਜਲੰਧਰੀ)**


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦੇ ਕੌਮੀ ਪ੍ਰਧਾਨ ਸੁਰੇਸ਼ ਰਾਠੌਰ ਪੁਰਾਤਨ ਮੰਦਰ ਦੇਹਰਾ ਸ੍ਰੀ ਗੁਰੂ ਰਵਿਦਾਸ ਚੱਕ ਹਕੀਮ ਦੇ ਦਰਸ਼ਨ ਲਈ ਪਹੁੰਚੇ

**ਜਲੰਧਰ (ਬਿਊਰੋ)–** ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਚਰਨ ਛੋਹ ਧਰਤੀ ਇੱਥੇ ਗੁਰੂ ਜੀ 70 ਦਿਨ ਰੁਕੇ ਅਤੇ ਉਹਨਾਂ ਦੇ ਨਾਲ ਸਤਿਗੁਰੂ ਕਬੀਰ ਜੀ ਵੀ ਸਨ। ਉਸ ਸਥਾਨ 'ਤੇ ਇਤਿਹਾਸਕ ਅਤੇ ਪੁਰਾਤਨ ਮੰਦਰ ਦੇ ਦਰਸ਼ਨ ਕਰਕੇ ਰੋਮ-ਰੋਮ ਪ੍ਰਸੰਨ ਹੋ ਗਏ। ਪਾਵਨ ਸਥਾਨ ਦੇ ਦਰਸ਼ਨ ਕਰਕੇ ਖੁਸ਼ ਹੋਏ ਸ੍ਰੀ ਸੁਰੇਸ਼ ਰਾਠੌਰ ਵਿਧਾਇਕ ਜਵਾਲਾਪੁਰ ਉਤਰਾਖੰਡ ਅਤੇ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦੇ ਕੌਮੀ ਪ੍ਰਧਾਨ ਦੀਆਂ ਅੱਖਾਂ ਨਮ ਹੋ ਗਈਆਂ। ਇਸ ਪਾਵਨ ਸਥਾਨ ਦਾ ਇਤਿਹਾਸ ਜਾਣ ਕੇ ਉਹ ਖੁਸ਼ ਹੋਏ। ਵਰਣਨਯੋਗ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਕਬੀਰ ਜੀ ਮਹਾਰਾਜ ਸੰਨ 1485 ਨੂੰ ਚੂਹਰਕਾਨੀ (ਪਾਕਿਸਤਾਨ) ਦੀ



ਯਾਤਰਾ ਦੇ ਦੌਰਾਨ ਚੱਕ ਹਕੀਮ ਦੇ ਇਸੇ ਸਥਾਨ 'ਤੇ ਪੜਾਅ ਕੀਤਾ ਸੀ। ਇੱਥੇ ਗੁਰੂ ਰਵਿਦਾਸ ਜੀ ਨੇ ਫਕੀਰ ਮੀਆਂ ਜੀ ਨੂੰ ਧਾਰਮਿਕ ਉਪਦੇਸ਼ ਦਿੱਤਾ। ਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਮਹਾਰਾਜ ਨੇ ਇਸੇ ਸਥਾਨ ਤੇ ਇਕ ਖੂਹ ਦਾ ਨਿਰਮਾਣ ਵੀ ਕਰਵਾਇਆ ਜੋ ਅੱਜ ਵੀ ਇਸ ਸਥਾਨ 'ਤੇ ਸਥਾਪਤ ਹੈ। ਬਾਅਦ ਵਿਚ ਲੱਗਭੱਗ 213 ਸਾਲ ਪਹਿਲਾਂ ਸ੍ਰੀ 108 ਸੰਤ ਹੀਰਾ ਦਾਸ ਜੀ ਮਹਾਰਾਜ ਨੇ ਇਸੇ ਪਾਵਨ ਸਥਾਨ ਤੇ ਘੋਰ ਤਪ ਕੀਤਾ ਅਤੇ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਇੱਥੇ ਇਕ ਸ਼ਾਨਦਾਰ ਮੰਦਰ ਦਾ ਨਿਰਮਾਣ ਕਰਵਾਇਆ, ਜੋ ਸੰਨ 1888 ਨੂੰ ਸੰਪੂਰਨ ਹੋਇਆ, ਜੋ ਅੱਜ ਵੀ ਸੁਸ਼ੋਭਿਤ ਹੈ।

# ਪੱਤਰਕਾਰ ਰਵੀਸ਼ ਕੁਮਾਰ ਦਾ ਗੌਰੀ ਲੰਕੇਸ਼ ਐਵਾਰਡ ਨਾਲ ਸਨਮਾਨ

**ਨਵੀਂ ਦਿੱਲੀ–** ਐਨ. ਡੀ. ਟੀ. ਵੀ. ਦੇ ਪ੍ਰਬੰਧਕੀ ਸੰਪਾਦਕ ਰਵੀਸ਼ ਕੁਮਾਰ ਨੂੰ ਪਲੇਠੇ ਗੌਰੀ ਲੰਕੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

ਗੌਰੀ ਲੰਕੇਸ਼ ਟਰੱਸਟ ਨੇ ਪੱਤਰਕਾਰ ਤੇ ਸਮਾਜਿਕ ਕਾਰਕੁੰਨ ਗੌਰੀ ਲੰਕੇਸ਼ ਦੀ 5 ਸਤੰਬਰ ਨੂੰ ਦੂਜੀ ਬਰਸੀ ਮੌਕੇ ਕੁਮਾਰ ਨੂੰ ਇਹ ਐਵਾਰਡ ਦੇਣ ਦਾ ਐਲਾਨ ਕੀਤਾ ਸੀ। ਲੰਕੇਸ਼ ਦੀ ਦੋ ਸਾਲ ਪਹਿਲਾਂ ਬੰਗਲੂਰੂ ਸਥਿਤ ਉਸਦੀ ਰਿਹਾਇਸ਼ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਬੰਗਲੂਰੂ ਵਿਚ ਐਵਾਰਡ ਹਾਸਲ ਕਰਨ ਮਗਰੋਂ ਰਵੀਸ਼ ਨੇ ਕਿਹਾ ਕਿ ਭਾਰਤੀ ਮੀਡੀਆ ਮੁਲਕ ਵਿਚ ਜਮਹੂਰੀਅਤ ਦਾ ਕਤਲ ਕਰ ਰਿਹਾ ਹੈ।

# ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ, 'ਸਮਕਾਲ ਤੇ ਪਰਵਾਸ' ਦਾ ਲੋਕ ਅਰਪਣ 6 ਅਕਤੂਬਰ ਨੂੰ ਕੀਤਾ ਜਾਵੇਗਾ

**ਸਟਾਕਟਨ (ਬਿਊਰੋ)–** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਕੈਲੀਫੋਰਨੀਆਂ ਦੀਆਂ ਸਾਹਿਤਕ ਤੇ ਸਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ 6 ਅਕਤੂਬਰ, ਐਤਵਾਰ ਨੂੰ ਇੱਕ ਸ਼ਾਨਦਾਰ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਕਰਵਾਇਆ ਜਾ ਰਿਹਾ ਹੈ।

ਸੰਮੇਲਨ ਦਾ ਆਰੰਭ ਸਵੇਰੇ 11:00 ਵਜੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਪਤ ਸ਼ਬਦ ਕੀਰਤਨ ਰਾਹੀਂ ਕੀਤਾ ਜਾਵੇਗਾ। ਮਨਜੀਤ ਕੌਰ ਸੇਖੋਂ ਮੰਚ ਸੰਚਾਲਨ ਕਰਨਗੇ।

ਇਸ ਸੰਮੇਲਨ ਦੇ ਕੁਲ ਤਿੰਨ ਸ਼ੈਸਨ ਹੋਣਗੇ। ਪਹਿਲੇ ਸ਼ੈਸਨ ਵਿੱਚ 'ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਅਤੇ ਹਰਮਹਿੰਦਰ ਚਾਹਿਲ ਦੁਆਰਾ ਸੰਪਾਦਤ ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ' ਸਮਕਾਲ ਤੇ ਪਰਵਾਸ' ਲੋਕ ਅਰਪਣ ਕੀਤਾ ਜਾਵੇਗਾ। ਪੰਜਾਬੀ ਸਾਹਿਤ ਖੇਤਰ ਦੇ ਨਾਮਵਰ ਲੇਖਕ ਅਤੇ ਅਲੋਚਕ ਜਸਵੀਰ ਰਾਣਾ ਇਸ ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ-ਪੱਤਰ 'ਸਮਕਾਲ ਦਾ ਪਰਵਾਸ' ਪੜ੍ਹਨਗੇ। ਇਸ ਉਪਰੰਤ ਡਾਕਟਰ ਅਮਰੀਕ ਸਿੰਘ ਇਸ ਸੰਗ੍ਰਹਿ ਬਾਰੇ ਆਪਣੇ ਵਿਦਵਤਾ ਭਰਪੂਰ ਵਿਚਾਰ ਸਾਂਝੇ ਕਰਨਗੇ। ਇਸ ਤੋਂ ਬਾਅਦ ਕਹਾਣੀ-ਸੰਗ੍ਰਹਿ ਰਿਲੀਜ਼




ਕੀਤਾ ਜਾਵੇਗਾ। ਦੂਸਰਾ ਸ਼ੈਸਨ ਵਿੱਚ ਮਨਜੀਤ ਕੌਰ ਸੇਖ਼ੋਂ, ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ ਆਦਿ ਆਪਣੀਆਂ ਕਹਾਣੀਆਂ ਪੜ੍ਹਨਗੇ।

ਤੀਸਰਾ ਸ਼ੈਸਨ ਕਵੀ ਦਰਬਾਰ ਹੋਵੇਗਾ, ਜਿਸ ਵਿੱਚ ਹਾਜ਼ਰ ਸ਼ਾਇਰ ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਦਾ ਪਾਠ ਕਰਨਗੇ। ਇਸ ਭਾਗ ਦਾ ਮੰਚ ਸੰਚਾਲਨ ਜਸਵੰਤ ਸਿੰਘ ਸ਼ਾਦ ਕਰਨਗੇ। ਸਵੇਰੇ 10:00 ਤੋਂ 11:00 ਵਜੇ ਇਕਤਰਤਾ ਅਤੇ ਚਾਹ ਪਾਣੀ ਹੋਵੇਗਾ। ਇਸ ਉਪਰੰਤ ਮਿਥੀ ਤਰਤੀਬ ਅਨੁਸਾਰ ਪ੍ਰੋਗਰਾਮ ਸ਼ਾਮ 5:00 ਵਜੇ ਤੱਕ ਚਲੇਗਾ। ਸਮੂਹ ਸਾਹਿਤ ਪ੍ਰੇਮੀਆਂ ਨੂੰ ਵਕਤ ਸਿਰ, ਸਮੇਲਨ ਦੇ ਨਿਸ਼ਚਤ ਸਥਾਨ: 'ਸੈਕਰਾਮੈਂਟੋ ਵੈਲੀ ਚਾਰਟਰ ਸਕੂਲ, 2999 ਸੈਲਰਜ਼ ਵੇਅ' (ਵੈਸਟ ਸੈਕਰਾਮੈਂਟੋ ਗੁਰਦਵਾਰਾ ਸਾਹਿਬ ਦੇ ਪਿੱਛੇ) ਪਹੁੰਚਣ ਦੀ ਨਿਮਰਤਾ ਪੂਰਵਕ ਅਪੀਲ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ: ਹਰਜਿੰਦਰ ਪੰਧੇਰ, ਪਰਧਾਨ ਪੰਜਾਬੀ ਸਾਹਿਤ ਸਭਾ ਸਟਾਕਟਨ (ਫੋਨ; 209-610-5055) ਅਤੇ ਡਾ. ਅਮਰੀਕ ਸਿੰਘ, ਪ੍ਰਿੰਸੀਪਲਸੈਕਰਾਮੈਂਟੋ ਵੈਲੀ ਚਾਰਟਰ ਸਕੂਲ (ਫੋਨ; 916-212-8550) ਤੇ ਸੰਪਰਕ ਕੀਤਾ ਜਾ ਸਕਦਾ ਹੈ। **– ਹਰਜਿੰਦਰ ਪੰਧੇਰ**

'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਮਨਮੋਹਨ ਵਾਰਿਸ ਦਾ ਸਿੰਗਲ ਟਰੈਕ 'ਮਿਲ ਨਹੀਂ ਸਕਦੀ' ਰਿਲੀਜ਼

ਜਲੰਧਰ– ਪੰਜਾਬੀ ਗਾਇਕ ਮਨਮੋਹਨ ਵਾਰਿਸ ਦਾ ਸਿੰਗਲ ਟਰੈਕ 'ਮਿਲ ਨਹੀਂ ਸਕਦੀ' ਰਿਲੀਜ਼ ਹੋ ਚੁੱਕਾ ਹੈ। ਲੰਮੇ ਅਰਸੇ ਬਾਅਦ ਉਹ ਸੈਡ ਸੌਂਗ ਲੈ ਕੇ



ਸਰੋਤਿਆਂ ਦੇ ਰੂਬਰੂ ਹੋਏ ਹਨ। ਇਸ ਗੀਤ ਬਾਰੇ ਦੱਸਦਿਆਂ ਪ੍ਰੋਡਿਊਸਰ ਅਵਤਾਰ ਲਾਖਾ ਯੂ. ਐਸ. ਏ. ਨੇ ਦੱਸਿਆ ਕਿ ਇਸ ਗੀਤ ਨੂੰ ਗੀਤਕਾਰ ਸੁਖਪਾਲ ਔਜਲਾ ਨੇ ਲਿਖਿਆ ਹੈ ਅਤੇ ਸੰਗੀਤ ਸੰਗਤਾਰ ਨੇ ਤਿਆਰ ਕੀਤਾ ਹੈ। ਵੀਡੀਓ ਨਵਰਾਜ ਨੇ ਬਣਾਇਆ ਹੈ। ਪ੍ਰੋਜੈਕਟ ਦੀਪ ਅਲਾਚੌਰੀਆ ਦੀ ਦੇਖ-ਰੇਖ 'ਚ ਤਿਆਰ ਕੀਤਾ ਗਿਆ ਜੋ ਕਿ ਇਸ ਵੇਲੇ ਪੰਜਾਬੀ ਚੈਨਲਾਂ ਦਾ ਸ਼ਿੰਗਾਰ ਬਣਿਆ ਹੋਇਆ ਹੈ, ਜਿਸ ਨੂੰ ਵਿਸ਼ਵ ਭਰ ਵਿਚ ਟੋਟਲ ਐਂਟਰਟੇਨਮੈਂਟ ਵੱਲੋਂ ਰਿਲੀਜ਼ ਕੀਤਾ ਗਿਆ ਹੈ। ਇਸ ਨੂੰ ਯੂ-ਟਿਊਬ 'ਤੇ ਭਰਵਾਂ ਹੁੰਗਾਰਾ ਮਿਲਿਆ ਹੈ।

# Former Yuba City Councilman Tej Maan Announces Campaign for Open Sutter County District 4 Supervisor Seat

Tej Maan
For Supervisor

YUBA CITY, CA - Former Yuba City Councilman Tej Maan today announced that he is a candidate for the Sutter County Board of Supervisors District 4 seat. The seat will become open when incumbent Supervisor Jim Whiteaker retires at the end of his current term. "I'm proud to announce my campaign to be the next Sutter County 4th District Supervisor," stated Maan. "I have had the honor and privilege of serving the residents of Sutter County in local elective office for two four year terms on the Yuba City Council and working together we have made important progress for Sutter County. In my time in local government, we promoted transparency, accountability and built



trust - I'm looking forward to building upon that trust and support again in my race for Supervisor and am prepared to dedicate myself full-time to the job."

With extensive leadership experience and service in the local region, in addition to two terms on the Yuba City Council, Maan has also served as: President of the Yuba-Sutter Fair Board, Ambassador to the Yuba-Sutter Chamber of Commerce, Chairman of the American Red Cross Board, Member of the Yuba-Sutter General Plan Advisory Committee, a Yuba-Sutter Lead Graduate and he has held leadership roles in many other community service organizations. Currently, Maan serves as Vice-President of the Yuba City Kiwanis as well as a member of the Yuba-Sutter Chamber Board of Directors and remains active in several volunteer organizations.

While serving on the Yuba City Council Maan stressed that some of his main accomplishments were: bringing leadership focus to repairing long-neglected levees to ensure the safety of our communities. Prioritizing public safety to ensure law enforcement had the tools needed to push back against gang activity and keep our neighborhoods safe. Promoting economic growth by attracting business and jobs through smart zoning planning and promoting a pro-business leadership climate.

A long-term resident and community leader, Maan and his wife make their home in Yuba City where he continues the family legacy of farming and community service. The primary race for Sutter County Supervisor District 4 is scheduled for March 3, 2020 - candidate filing will begin on November 11, 2019 and close December 6, 2019.

For additional information about Tej Maan and his campaign for Sutter County District 4 Supervisor visit: www.TejMaan.com or call Tej directly at: (530) 300-7800.

# ਪੰਜਾਬੀ ਭਾਈਚਾਰੇ ਵੱਲੋਂ ਨਸਲਵਾਦੀ ਘਟਨਾਵਾਂ ਸਬੰਧੀ ਗਵਰਨਰ ਜੇ-ਇੰਸਲੀ ਨਾਲ ਮੁਲਾਕਾਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪਿਛਲੇ ਦਿਨੀਂ ਟੈਕਸਸ ਦੇ ਸ਼ਹਿਰ ਹਿਊਸਟਨ ਵਿਚ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਦੀ ਡਿਊਟੀ ਦੌਰਾਨ ਟਰੈਫਿਕ ਦੀ ਉਲੰਘਣਾ ਕਰਨ ’ਤੇ ਰੋਕਣ ਕਾਰਨ ਅਚਨਚੇਤ ਪਿੱਛੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਿਸ ਦਾ ਪੰਜਾਬੀ ਭਾਈਚਾਰੇ ਵੱਲੋਂ ਅਮਰੀਕਾ ਭਰ ਵਿਚ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਹੈ। ਇਸ ਸਬੰਧੀ ਪੰਜਾਬੀ ਭਾਈਚਾਰੇ ਦੇ ਡੈਲੀਗੇਟ ਨੇ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ- ਇੰਸਲੀ ਨਾਲ ਮੁਲਾਕਾਤ ਕਰਕੇ ਵਿਚਾਰ ਚਰਚਾ ਕੀਤੀ। ਸੰਦੀਪ ਸਿੰਘ ਧਾਲੀਵਾਲ ਪੱਗੜੀਧਾਰੀ ਪੁਲਿਸ ਅਫਸਰ ਸਨ, ਜਿਹਨਾਂ ਨੇ 42 ਸਾਲ ਦੀ ਉਮਰ ਵਿਚ ਸਮਾਜ ਸੇਵੀ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਸੇਵਾ ਕਰਕੇ ਸਾਰਿਆਂ ਲਈ ਹਰਮਨ ਪਿਆਰੇ ਸਾਬਤ ਹੋ ਗਏ। ਅਮਰੀਕਾ ਵਿਚ ਪਹਿਲਾਂ ਵੀ ਪੱਗੜੀਧਾਰੀ ਸਿੱਖਾਂ ਨਾਲ ਵਾਰਦਾਤਾਂ ਵਾਪਰ ਚੁੱਕੀਆਂ ਹਨ। ਗਵਰਨਰ ਨੇ ਪੰਜਾਬੀ ਭਾਈਚਾਰੇ ਦੇ ਵਫਦ ਕਰਨ ਸਿੰਘ ਸਿੱਧੂ, ਮਨਮੋਹਨ ਸਿੰਘ ਢਿੱਲੋਂ ਤੇ ਜਸਵਿੰਦਰ ਸਿੰਘ ਸੰਧਾਵਾਲੀਆ ਨੂੰ ਭਰੋਸਾ ਦਿਵਾਇਆ ਕਿ ਵਾਸ਼ਿੰਗਟਨ ਸਟੇਟ ਵਿਚ ਅਜਿਹੀ ਘਟਨਾ ਨਹੀਂ ਵਾਪਰੇਗੀ।



# ਗਲਾਸਗੋ ਵਿਖੇ ਸੈਮਸਾ ਦੇ ਪ੍ਰਬੰਧਾਂ ਹੇਠ ਹੋਈ 21ਵੀਂ ਯੂ.ਕੇ. ਏਸ਼ੀਅਨ ਫੁੱਟਬਾਲ ਚੈਂਪੀਅਨਸ਼ਿਪ

**ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਿਸ਼ ਨਸਲੀ ਘੱਟਗਿਣਤੀ ਖੇਡ ਸੰਸਥਾ (ਸੈਮਸਾ) ਦੇ ਪ੍ਰਬੰਧਾਂ ਹੇਠ ਗਲਾਗਸੋ ਵਿਖੇ 21ਵੀਂ ਯੂ.ਕੇ. ਏਸ਼ੀਅਨ ਫੁੱਟਬਾਲ ਚੈਂਪੀਅਨਸ਼ਿਪ ਕਰਵਾਈ ਗਈ। ਜਿਸ ਵਿੱਚ ਵੱਖ ਵੱਖ ਰੰਗਾਂ, ਨਸਲਾਂ, ਭਾਈਚਾਰਿਆਂ ਦੇ ਹੁਨਰਮੰਦ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਮੰਚ ਮੁਹੱਈਆ ਕਰਵਾਉਣ ਦੇ ਮਨਸ਼ੇ ਤਹਿਤ ਪਿਛਲੇ 21 ਵਰ੍ਹਿਆਂ ਤੋਂ ਸੈਮਸਾ ਵੱਲੋਂ ਕੋਸ਼ਿਸ਼ਾਂ ਜਾਰੀ ਹਨ। ਗਲਾਸਗੋ ਸਿਟੀ ਕੌਂਸਲ, ਰੌਇਲ ਨੇਵੀ, ਰੌਇਲ ਏਅਰ ਫੋਰਸ, ਬਰਿਟਿਸ਼ ਆਰਮੀ, ਰੇਂਜਰਜ ਫੁੱਟਬਾਲ ਕਲੱਬ, ਸੈਲਟਿਕ ਫੁੱਟਬਾਲ ਕਲੱਬ, ਪੋਲਿਸ ਸਕੌਟਲੈਂਡ, ਸਪੋਰਟਸ ਕੌਂਸਲ ਫੌਰ ਗਲਾਸਗੋ, ਗਲਾਸਗੋ ਸਪੋਰਟ ਅਤੇ ਗਲਾਸਗੋ ਲਾਈਵ ਸਮੇਤ ਹੋਰ ਵੀ ਅਨੇਕਾਂ ਵੱਕਾਰੀ ਸੰਸਥਾਂਵਾਂ ਵੱਲੋਂ ਇੰਗਲੈਂਡ ਭਰ 'ਚੋਂ ਪਹੁੰਚੇ ਖਿਡਾਰੀਆਂ ਨੂੰ ਜੀ ਆਇਆਂ ਕਿਹਾ ਗਿਆ।

ਇਸ ਚੈਂਪੀਅਨਸ਼ਿਪ ਦੌਰਾਨ ਸਪੋਰਟਿੰਗ ਬੰਗਾਲ, ਕੌਪਿਸ ਯੂਨਾਈਟਡ, ਗੁਰਖਾਜ਼, ਬੋਲਟਨ ਯੂਨਾਈਟਡ, ਬਲੈਕ-ਬਰਨ ਯੂਨਾਈਟਡ, ਵੈੱਲ ਫਾਊਂਡੇਸ਼ਨ, ਆਜ਼ਾਦ ਸਪੋਰਟਸ, ਬੰਗਾਲ ਡਰੈਗਨ ਆਦਿ ਕਲੱਬਾਂ ਨੇ ਹਿੱਸਾ ਲਿਆ। ਗਲਾਸਗੋ ਗਰੀਨ ਫੁੱਟਬਾਲ ਸੈਂਟਰ ਦੇ ਮੈਦਾਨਾਂ 'ਚ ਹੋਏ ਗਹਿਗੱਚ ਮੁਕਾਬਲਿਆਂ 'ਚੋਂ ਕੌਪਿਸ ਯੂਨਾਈਟਡ ਫੁੱਟਬਾਲ ਕਲੱਬ ਅਤੇ ਆਜ਼ਾਦ ਸਪੋਰਟਸ ਫੁੱਟਬਾਲ ਕਲੱਬ ਫਾਈਨਲ ਮੁਕਾਬਲੇ ਲਈ ਜੇਤੂ ਟੀਮਾਂ ਵਜੋਂ ਉੱਭਰ ਕੇ ਸਾਹਮਣੇ ਆਈਆਂ।

ਜ਼ਿਕਰਯੋਗ ਹੈ ਕਿ ਹਰ ਵਰ੍ਹੇ ਹੀ ਫਾਈਨਲ ਮੈਚ ਵਿਸ਼ਵ ਪ੍ਰਸਿੱਧ ਫੁੱਟਬਾਲ ਕਲੱਬਾਂ ਰੇਂਜਰਜ਼ ਅਤੇ ਸੈਲਟਿਕ ਦੇ ਮੈਦਾਨਾਂ ਵਿੱਚ ਕਰਵਾ ਕੇ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਮੰਚ 'ਤੇ ਵਿਚਰਣ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਚੈਂਪੀਅਨਸ਼ਿਪ ਦਾ ਫਾਈਨਲ ਮੈਚ ਇਬਰੌਕਸ ਸਥਿਤ ਰੇਂਜਰਜ ਦੇ ਮੈਦਾਨ ਵਿੱਚ ਕਰਵਾਇਆ ਗਿਆ ਜਿੱਥੇ ਮੈਚ ਤੋਂ ਪਹਿਲਾਂ ਰੇਂਜਰਜ਼ ਦੇ ਮੈਨੇਜਿੰਗ ਡਾਇਰੈਕਟਰ ਸਟੂਅਰਟ ਰੌਬਰਟਸਨ ਨੇ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ। ਦਿਲਚਸਪ ਮੁਕਾਬਲੇ ਦੌਰਾਨ ਆਜ਼ਾਦ ਸਪੋਰਟਸ ਕਲੱਬ ਨੇ 5 ਗੋਲ ਦਾਗ ਕੇ ਆਪਣੀ ਜਿੱਤ ਦਰਜ਼ ਕੀਤੀ ਜਦੋਂ ਕਿ ਕੋਪਿਸ ਯੂਨਾਈਟਡ ਕਲੱਬ 2 ਗੋਲ ਕਰਕੇ ਉਪ ਜੇਤੂ ਰਹੀ।

# ਸ੍ਰੀ ਕਾਂਤੀ ਮੋਹਣ (ਸਰਪੰਚ ਮੁਠੱਡਾ) ਵੱਲੋਂ ਪੁਲਿਸ ਦੇ ਖਿਲਾਫ ਲਾਇਆ ਧਰਨਾ ਹੋਇਆ ਫਤਿਹ

**ਫਿਲੌਰ (ਜਲੰਧਰ)–** ਫਿਲੌਰ ਦੇ ਪਿੰਡ ਕੰਗ ਰਾਈਆਂ ਵਿਖੇ 26 ਅਗਸਤ 2019 ਨੂੰ ਪਿੰਡ ਦੇ ਦੋ ਵਿਅਕਤੀਆਂ ਉਤੇ ਪਿੰਡ ਦੇ ਬਾਹਰੋਂ ਮੰਗਵਾਏ ਗਏ ਹਮਲਾਵਰਾਂ ਵੱਲੋਂ ਗੰਭੀਰ ਹਮਲਾ ਕੀਤਾ ਗਿਆ। ਇਸ ਘਟਨਾ ਵਿਚ ਇਹਨਾਂ ਵਿਅਕਤੀਆਂ ਨੂੰ ਕਾਫੀ ਗੰਭੀਰ ਚੋਟਾਂ ਲੱਗੀਆਂ, ਜਿਸ ਦੇ ਵਿਰੋਧ ਵਿਚ ਮੁਠੱਡਾ ਕਲਾਂ ਦੇ ਸਰਪੰਚ ਸ੍ਰੀ ਕਾਂਤੀ ਮੋਹਣ ਜੀ ਦੀ ਅਗਵਾਈ ਵਿਚ ਆਪਣੇ ਸਾਥੀਆਂ ਸਮੇਤ ਡੀ. ਐਸ. ਪੀ. ਦਫਤਰ ਦੇ ਸਾਹਮਣੇ 22 ਸਤੰਬਰ ਤੋਂ ਇਸ ਮਾਮਲੇ ਦੇ ਦੋਸ਼ੀਆਂ ਉਤੇ ਸਹੀ ਢੰਗ ਨਾਲ ਕਾਰਵਾਈ ਨਾ ਕਰਨ ਦੇ ਵਿਰੋਧ ਵਿਚ ਧਰਨਾ ਲਾਇਆ ਗਿਆ। ਇਸ ਮਾਮਲੇ ਨੂੰ ਗੰਭੀਰਤਾ ਨਾਲ ਦੇਖਦੇ ਹੋਏ ਫਿਲੌਰ ਪੁਲਿਸ ਵੱਲੋਂ 27 ਸਤੰਬਰ ਨੂੰ ਸੁਖਵਿੰਦਰ ਸਿੰਘ, ਬਿੱਲਾ ਚੌਕੀਦਾਰ, ਜਤਿੰਦਰ ਸਿੰਘ ਤੇ ਚਾਰ ਅਣਪਛਾਤੇ ਲੋਕਾਂ ਨੂੰ ਗ੍ਰਿਫਤਾਰ ਕਰਕੇ ਮੁਕੱਦਮਾ ਦਰਜ ਕੀਤਾ ਗਿਆ। ਹਾਲਾਂਕਿ ਇਸ ਮਾਮਲੇ ਵਿਚ ਪੁਲਿਸ ਵੱਲੋਂ ਕੁਝ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਪਰ ਰੋਸ ਧਰਨਾ ਕਰ ਰਹੇ ਕਾਂਤੀ ਮੋਹਣ ਨੇ ਪੁਲਿਸ ਅਧਿ-ਕਾਰੀਆਂ ਅੱਗੇ ਇਹ ਮੰਗ ਰੱਖੀ ਕਿ ਜਦ ਤੱਕ ਪੁਲਿਸ ਇਸ ਮਾਮਲੇ ਦੇ ਮੁੱਖ ਦੋਸ਼ੀ ਜਿਹਨਾਂ ਨੇ ਕਿ ਪਿੰਡ ਦੇ ਬਾਹਰੋਂ ਹਮਲਾਵਰਾਂ ਨੂੰ ਸੱਦ ਕੇ ਪਿੰਡ ਦੇ ਵਿਅਕਤੀਆਂ ’ਤੇ ਇਹ ਹਮਲਾ ਕਰਵਾਇਆ ਹੈ, ਜਦੋਂ ਤੱਕ ਉਹਨਾਂ ਨੂੰ ਨਹੀਂ ਗ੍ਰਿਫਤਾਰ ਕਰਦੀ, ਉਦੋਂ ਤੱਕ ਇਹ ਧਰਨਾ ਜਾਰੀ ਰੱਖਣ ਦੀ ਗੱਲ ਕੀਤੀ ਗਈ। ਇਸ ਮਾਮਲੇ ਨੂੰ ਗੰਭੀਰਤਾ ਨਾਲ ਦੇਖਦੇ ਹੋਏ ਐਸ. ਐਚ. ਓ. ਗੁਆਇਆਂ ਕੇਵਲ ਸਿੰਘ ਅਤੇ ਐਸ. ਐਚ. ਓ. ਸੁੱਖਾ ਸਿੰਘ ਫਿਲੌਰ ਨੇ 28 ਸਤੰਬਰ ਨੂੰ ਰਾਤ ਵੇਲੇ ਇਹਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ। ਪਰ 29 ਸਤੰਬਰ ਨੂੰ ਇਸ ਮੌਕੇ ਪੁਲਿਸ ਮੁੱਖ ਅਧਿਕਾਰੀਆਂ ਨੇ ਮੁੱਖ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਉਪਰੰਤ ਧਰਨਾਕਾਰੀਆਂ ਤੋਂ ਇਸ ਧਰਨੇ ਨੂੰ ਸਮਾਪਤ ਕਰਵਾ ਦਿੱਤਾ ਗਿਆ। ਇਸ ਮੌਕੇ ਪੀੜਤ ਪਰਿਵਾਰ ਵੱਲੋਂ ਪੁਲਿਸ ਅਤੇ ਪ੍ਰਸ਼ਾਸਨ ਦਾ ਸ਼ੁਕਰੀਆ ਅਦਾ ਕੀਤਾ ਗਿਆ।





# ਬਸਪਾ ਨੇ ਦਾਖਾ ਤੋਂ ਪੱਤਰਕਾਰ ਦੇਵ ਸਰਾਭਾ ਨੂੰ ਐਲਾਨਿਆ ਉਮੀਦਵਾਰ ਦਾਖਾ ਸੀਟ ਬਸਪਾ ਹੀ ਜਿੱਤੇਗੀ : ਬਸਰਾ, ਬਿਲਗਾ

**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਨੇ ਹਲਕਾ ਦਾਖਾ ਤੋਂ ਪੱਤਰਕਾਰ ਬਲਦੇਵ ਸਿੰਘ ਦੇਵ ਸਰਾਭਾ ਨੂੰ ਅਪਣਾ ਉਮੀਦਵਾਰ ਐਲਾਨ ਦਿੱਤਾ ਹੈ। ਦੇਵ ਸਰਾਭਾ ਦੀ ਉਮੀਦਵਾਰੀ ਦਾ ਐਲਾਨ ਲੁਧਿਆਣਾ ਦੇ ਕੋਆਰਡੀਨੇਟਰ ਜੀਤਰਾਮ ਬਸਰਾ, ਜਿਲ੍ਹਾ ਪ੍ਰਧਾਨ ਪ੍ਰਗਣ ਬਿਲਗਾ ਅਤੇ ਦਿਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ ਨੇ ਕੀਤਾ। ਇਸ ਮੌਕੇ ਸ੍ਰੀ ਬਸਰਾ ਅਤੇ ਬਿਲਗਾ ਨੇ ਕਿਹਾ ਕਿ ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਨੇ ਅਪਣੀ ਫਿਤਰਤ ਮੁਤਾਬਿਕ ਪੀਡੀਏ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ ਜਿਸ ਦਾ ਖਮਿਆਜ਼ਾ ਉਸ ਨੂੰ ਇਨ੍ਹਾਂ ਜਿਮਨੀ ਚੋਣਾਂ ਵਿੱਚ ਹੀ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਲੋਕ ਇਨਸਾਫ ਪਾਰਟੀ ਨੂੰ ਛੱਡ ਕੇ ਬਾਕੀ ਪੰਜ ਪਾਰਟੀਆਂ ਇੱਕਜੁੱਟ ਹਨ ਅਤੇ ਜਿਮਨੀ ਚੋਣਾਂ ਵਿੱਚ ਸਾਂਝੇ ਤੌਰ ਤੇ ਪ੍ਰਚਾਰ ਕਰਨਗੀਆਂ। ਉਨ੍ਹਾਂ ਕਿਹਾ ਕਿ ਹਲਕਾ ਦਾਖਾ ਤੋਂ ਮੇਹਨਤੀ ਵਰਕਰ ਬਲਦੇਵ ਸਿੰਘ ਦੇਵ ਸਰਾਭਾ ਨੂੰ ਬਸਪਾ ਦਾ ਉਮੀਦਵਾਰ ਬਣਾਇਆ ਗਿਆ ਹੈ ਜਿਸਦੇ ਨਾਲ ਹਲਕੇ ਦੇ ਵੋਟਰ ਖੜ੍ਹੇ ਹਨ ਜਿਸ ਦੇ ਚੱਲਦਿਆਂ ਬਸਪਾ ਦੀ ਜਿੱਤ ਯਕੀਨੀ ਹੈ। ਉਨਾ ਸਿਮਰਨ ਬੈਂਸ ਵੱਲੋਂ ਲੋਕ ਸਭਾ ਚੋਣਾਂ ਵੇਲੇ ਫਗਵਾੜਾ ਸੀਟ ਤੇ ਪਹਿਲਾਂ ਹੀ ਕੀਤੇ ਸਮਝੋਤੇ ਦੀਆਂ ਗੱਲਾਂ ਨੂੰ ਕੋਰਾ ਝੂਠ ਦੱਸਦਿਆਂ ਕਿਹਾ ਕਿ ਜੇਕਰ ਅਜਿਹਾ ਹੁੰਦਾ ਤਾਂ ਪੀਡੀਏ ਦੇ ਬਾਕੀ ਭਾਈਵਾਲ ਬਸਪਾ ਨਾਲ ਖੜਨ ਦੀ ਬਜਾਏ ਬੈਂਸਾ ਨਾਲ ਖੜੇ ਹੋਣੇ ਸਨ। ਦੇਵ ਸਰਾਭਾ ਨੇ ਟਿਕਟ ਦੇਣ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਅਤੇ ਸੀਟ ਜਿੱਤਣ ਲਈ ਦਿਨ ਰਾਤ ਇੱਕ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਜਦੋਂ ਲੁਧਿਆਣਾ ਸੀਟ ਤੋਂ ਸਿਮਰਜੀਤ ਸਿੰਘ ਬੈਂਸ ਉਮੀਦਵਾਰ ਸਨ ਉਦੋਂ ਸਾਰੇ ਬੂਥ ਬਸਪਾ ਵਰਕਰਾਂ ਨੇ ਲਗਾਏ ਸਨ ਜਿਸਦੀ ਬੈਂਸ ਭਰਾਵਾਂ ਨੇ ਕਦਰ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਹੁਣ ਜਿਮਨੀ ਚੋਣਾਂ ਵਿੱਚ ਬੈਂਸਾ ਨੂੰ ਪਤਾ ਲੱਗ ਜਾਵੇਗਾ ਉਹ ਕਿੰਨੇ ਕੁ ਪਾਣੀ ਚ ਹਨ। ਬੈਂਸਾ ਦੇ ਉਮੀਦਵਾਰ ਦੇ ਕਾਰਨਾਮੇ ਲੋਕਾਂ ਦੀ ਕਚਿਹਰੀ ਵਿੱਚ ਜੱਗ ਜ਼ਾਹਰ ਕੀਤੇ ਜਾਣਗੇ।

ਇਸ ਮੌਕੇ ਜੋਨ ਇੰਚਾਰਜ ਜੀਤਰਾਮ ਬਸਰਾ, ਭੁਪਿੰਦਰ ਸਿੰਘ ਜੌੜਾ, ਪ੍ਰਧਾਨ ਪ੍ਰਗਣ ਬਿਲਗਾ, ਜਸਪਾਲ ਭੌਰਾ, ਗੁਰਮੇਲ ਸਿੰਘ ਲੰਬੜਦਾਰ, ਗੁਰਦੀਪ ਸਿੰਘ ਚਮਿੰਡਾ, ਜੰਗ ਬਹਾਦਰ ਸਿੰਘ, ਲਖਵੀਰ ਚੰਦ, ਹੁਸਨ ਲਾਲ ਜਨਾਗਲ, ਰਾਜਿੰਦਰ ਨਿੱਕਾ, ਮਾਸਟਰ ਰਾਮਾਨੰਦ, ਕੇਵਲ ਜਮਾਲਪੁਰ, ਯੂਥ ਪ੍ਰਧਾਨ ਹਰਸ਼ਦੀਪ ਸਿੰਘ ਮਹਿਦੂਦਾਂ ਅਤੇ ਹੋਰ ਹਾਜਰ ਸਨ।



# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਅਜਮੇਰ ਸਿੱਧੂ ਦਾ ਕਹਾਣੀ ਸੰਗ੍ਰਹਿ ‘ਰੰਗ ਦੀ ਬਾਜ਼ੀ’ ਲੋਕ ਅਰਪਿਤ

**ਫ਼ਰੀਮਾਂਟ–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਿਕ ਮਿਲਣੀ ਗੋਲਡਨ ਇੰਡੀਆ ਕੁਜ਼ੀਨਫ਼ਰੀਮਾਂਟ ਵਿਖੇ ਪ੍ਰੋ. ਸੁਰਿੰਦਰ ਸੀਰਤ ਦੀ ਪ੍ਰਧਾਨਗੀ ਹੇਠ ਹੋਈ। ਅਕੈਡਮੀ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਸ਼ਾਇਰ ਬਲਦੇਵ ਬਾਵਾ, ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਪੰਧੇਰ, ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੇ ਪ੍ਰਧਾਨ ਇੰਦਰਜੀਤ ਗਰੇਵਾਲ ਅਤੇ ਅਕੈਡਮੀ ਦੇ ਮੀਤ ਪ੍ਰਧਾਨ ਮੇਜਰ ਭੁਪਿੰਦਰ ਦਲੇਰ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਕਰਨ ਉਪਰੰਤ ਪ੍ਰੋ. ਸੁਰਿੰਦਰ ਸੀਰਤ ਨੂੰ ਆਏ ਹੋਏ ਮਹਿਮਾਨਾਂ ਨੂੰ ਜੀਅ ਆਇਆਂ ਕਹਿਣ ਅਤੇ ਜਨਰਲ ਕੌਂਸਲ ਦੇ ਰੂ ਬ ਰੂ ਹੋਣ ਲਈ ਸੱਦਾ ਦਿੱਤਾ। ਪ੍ਰੋ. ਸੀਰਤ ਨੇ ਸਭ ਦਾ ਸਵਾਗਤ ਕਰਦੇ ਹੋਏ ਕਾਰਜਕਾਰਨੀ ਵਲੋਂ ਕਾਨਫ਼ਰੰਸ ਅਤੇ ਅਕੈਡਮੀ ਸੰਬੰਧੀ ਪਾਸ ਕੀਤੇ ਗਏ ਪ੍ਰਸਤਾਵ ਜਨਰਲ ਕੌਂਸਲ ਨਾਲ ਸਾਂਝੇ ਕੀਤੇ। ਜਨਰਲ ਕੌਂਸਲ ਵਲੋਂ ਸਾਰੇ ਪ੍ਰਸਤਾਵ ਸਰਵਸੰਮਤੀ ਨਾਲ ਪ੍ਰਵਾਨ ਕੀਤੇ ਗਏ।



ਦੂਜੇ ਸੈਸ਼ਨ ਵਿਚ ਸੁਪ੍ਰਸਿੱਧ ਕਹਾਣੀਕਾਰ ਅਤੇ 'ਰਾਗ'ਮੈਗਜ਼ੀਨ ਦੇ ਸੰਪਾਦਕ ਅਜਮੇਰ ਸਿੱਧੂ ਦੇ ਕਹਾਣੀ ਸੰਗ੍ਰਹਿ,'ਰੰਗ ਦੀ ਬਾਜ਼ੀ' ਤੇ ਵਿਚਾਰ ਚਰਚਾ ਕੀਤੀ ਗਈ। ਲਾਜ ਨੀਲਮ ਸੈਣੀ ਨੇ ਗੁਰਬਚਨ ਸਿੰਘ ਭੁੱਲਰ ਦਾ ਮੁੱਖ ਬੰਦ ਪੜ੍ਹਦੇ ਕਿਹਾ ਕਿ ਅਜਮੇਰ ਸਿੱਧੂ ਸਿਰ ਕੱਢਵਾਂ ਕਹਾਣੀਕਾਰ ਹੈ ਅਤੇ ਆਪਣਾ ਇਹ ਸਥਾਨ ਉਹਨੇ ਕਈ ਹਾਣੀ ਕਹਾਣੀਕਾਰਾਂ ਵਾਂਗ ਆਪਣੇ ਆਲੇ ਦੁਆਲੇ ਬਨਾਉਟੀ ਪ੍ਰਸ਼ੰਸਾ ਦੇ ਰੌਲੇ ਰੱਪੇ ਦਾ ਭਰਮ ਜਲੌਅ ਰਚ ਕੇ ਹਾਸਲ ਨਹੀਂ ਕੀਤਾ ਸਗੋਂ ਆਪਣੀ ਕਲਮ ਦੀ ਕਰਨੀ ਨਾਲ ਕਮਾਇਆ ਹੈ। ਪ੍ਰੋ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਅਜਮੇਰ ਸਿੱਧੂ ਚੌਥੀ ਪੀੜ੍ਹੀ ਦਾ ਸਿਰਕੱਢ ਕਹਾਣੀਕਾਰ ਹੈ। ਉਨ੍ਹਾਂ ਪੁਸਤਕ ਵਿਚਲੀਆਂ ਦਸ ਕਹਾਣੀਆਂ ਦੇ ਸਾਰਅੰਸ਼ ਦੱਸਦੇ ਹੋਏ ਕਿਹਾ ਕਿ ਅਜਮੇਰ ਸਿੱਧੂ ਨੇ ਆਪਣੀਆਂ ਕਹਾਣੀਆਂ ਵਿਚ ਬੁਣਤੀ ਅਤੇ ਬਣਤਰ ਦੇ ਨਾਲ-ਨਾਲ ਵਿਸ਼ਿਆਂ ਦੀ ਵੰਨਸੁਵੰਨਤਾ ਅਤੇ ਵਿਸ਼ਿਆ ਨੂੰ ਪ੍ਰਤੀਕਮਈ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ। ਮਿਸਾਲ ਵਜੋਂ ਉਸਦੀ ਪਹਿਲੀ ਕਹਾਣੀ 'ਰੰਗ ਦੀ ਬਾਜ਼ੀ ਲਈ ਜਾ ਸਕਦੀ ਹੈ ਜਿਸ ਵਿਚ ਉਸਨੇ ਸਿੱਖਿਆ ਵਿਭਾਗ ਦੀਆ ਬੁਰਾਈਆਂ ਅਤੇ ਰਸਾਤਲ ਵੱਲ ਜਾ ਰਹੇ ਵਿਦਿਅਕ ਪ੍ਰਬੰਧ ਵੱਲ ਇਸ਼ਾਰਾ ਕੀਤਾ ਹੈ। ਜਿੱਥੇ ਇਕ ਆਦਰਸ਼ ਅਧਿਆਪਕ ਦੀ ਥਾਂ ਤੇ 'ਸਟੇਟ ਅਵਾਰਡ' ਵਿਦਿਆਰਥੀ ਦੋਖੀ ਅਤੇ ਨਲਾਇਕ ਅਧਿਆਪਕ ਦੀ ਝੋਲੀ ਪਾਇਆ ਜਾਂਦਾ ਹੈ। ਉਨ੍ਹਾਂ ਸਵਾਲ ਉਠਾਇਆ ਕਿ ਕੀ ਅੱਜ ਕਲ੍ਹ ਸਾਹਿਤ ਦੇ ਖੇਤਰ ਵਿਚ ਇਹ ਨਹੀਂ ਵਾਪਰ ਰਿਹਾ? ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਭਾਰਤੀ ਅਤੇ ਵਿਦੇਸ਼ੀ ਸਾਰੀਆਂ ਸੰਸਥਾਵਾਂ ਹੀ ਸਾਹਿਤਕ ਪ੍ਰਦੂਸ਼ਣ ਦੀ ਮਾਰ ਹੇਠ ਆ ਚੁੱਕੀਆਂ ਹਨ। ਜਿਸ ਕਾਰਣ ਵਧੀਆ ਲੇਖਕ ਇਨਾਮਾਂ ਸਨਮਾਨਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਬਾਅਦ ਪ੍ਰੋ. ਸੁਰਿੰਦਰ ਸੀਰਤ ਨੇ ਕਿਹਾ ਕਿ ਉਹ ਅਜਮੇਰ ਸਿੱਧੂ ਦੀਆਂ ਕਹਾਣੀਆਂ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਏ ਹਨ ਅਤੇ ਅੱਜ ਉਹ ਇਹ ਕਹਿਣ ਤੋਂ ਗੁਰੇਜ਼ ਨਹੀਂ ਕਰਨਗੇ ਕਿ ਅਜੋਕੇ ਸਮੇਂ ਵਿਚ ਅਜਮੇਰ ਸਿੱਧੂ ਵਲੋਂ ਲਿਖੀ ਗਈ ਕਹਾਣੀ ਵੱਡਮੁੱਲੀ ਅਤੇ ਅਰਥ ਭਰਪੂਰ ਹੈ। ਅਜਮੇਰ ਦਾ ਵਿਗਿਆਨਕ ਨਜ਼ਰੀਆ ਅਤੇ ਕਹਾਣੀ ਕਲਾ 'ਤੇ ਉਸਦੀ ਪਕੜ ਉਸਨੂੰ ਦੂਜੇ ਕਹਾਣੀਕਾਰਾਂ ਨਾਲੋਂ ਵੱਖਰਿਆਉਂਦੀ ਹੈ।ਉਨ੍ਹਾਂ 'ਰੰਗ ਦੀ ਬਾਜ਼ੀ' ਦੇ ਸੰਬੰਧ ਵਿਚ ਕਿਹਾ ਕਿ ਅਜਮੇਰ ਸਿੱਧੂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬੀ ਕਹਾਣੀ ਆਪਣੇ ਪਿਛੋਕੜ ਤੋਂ ਬਹੁਤ ਅੱਗੇ ਨਿੱਕਲ ਗਈ ਹੈ। ਹੁਣ ਕਹਾਣੀ ਦੀ ਸਿਰਜਣ ਪ੍ਰਕਿਰਿਆ ਬਦਲ ਚੁੱਕੀ ਹੈ ਅਤੇ ਇਕ ਸ਼ਕਤੀ ਸ਼ਾਲੀ ਕਹਾਣੀ ਲਿਖਣ ਲਈ ਅਜਮੇਰ ਵਧਾਈ ਦਾ ਪਾਤਰ ਹੈ।ਉਨ੍ਹਾਂ ਇਸ ਕਹਾਣੀ ਦੇ ਨਾਂ ਆਪਣਾ ਨਿਮਨਲਿਖਤ ਸ਼ਿਅਰ ਸਾਂਝਾ ਕੀਤਾ:

ਮੈਂ ਘਟਦੇ ਘਟਦੇ ਇਕ ਆਕਾਰ ਤੋਂ ਬਿੰਦੂ ਜਿਹਾ ਹੋਇਆ
ਕਿਤੇ ਡਿਗਿਆ ਹਾਂ, ਲੱਭਦੇ ਫਿਰ ਉਠਾ ਲੈਂਦੇ ਤਾਂ ਗੱਲ ਬਣਦੀ



ਤਾਰਾ ਸਿੰਘ ਸਾਗਰ ਨੇ ਕਿਹਾ ਕਿ ਅਜਮੇਰ ਸਿੱਧੂ ਇਕ ਵਿਲੱਖਣ ਕਹਾਣੀਕਾਰ ਹੈ। ਉਸ ਵਲੋਂ ਲਿਖੀਆਂ ਪਰਵਾਸੀ ਕਹਾਣੀਆਂ ਪੰਜਾਬੀ ਮਨੁੱਖ ਦੀ ਮਨੋ ਦਸ਼ਾ ਦੀ ਮੂੰਹ ਬੋਲਦੀ ਤਸਵੀਰ ਹਨ। ਲਾਜ ਨੀਲਮ ਸੈਣੀ ਨੇ ਇਸ ਵਾਰਤਾਲਾਪ ਨੂੰ ਅੱਗੇ ਤੋਰਦੇ ਹੋਏ ਕਿਹਾ ਕਿ ਅਜਮੇਰ ਵਲੋਂ ਲਿਖੀਆਂ ਪਰਵਾਸੀ ਪਿੱਠ ਭੂਮੀ ਵਾਲੀਆਂ ਕਹਾਣੀਆਂ 'ਝਨਾਂ ਦੀਆਂ ਛੱਲਾਂ' ਅਤੇ 'ਕੁਰੁਕਸ਼ੇਤਰ ਤੋਂ ਪਾਰ' ਪੜ੍ਹ ਕੇ ਇਹ ਨਿਰਣਾ ਕਰਨਾ ਔਖਾ ਹੋ ਜਾਂਦਾ ਹੈ ਕਿ ਕਹਾਣੀਕਾਰ ਪੰਜਾਬ ਦੀ ਧਰਤੀ ਤੇ ਬੈਠਾ ਕਹਾਣੀ ਲਿਖ ਰਿਹਾ ਹੈ ਜਾਂ ਉਹ ਇਕ ਪਰਵਾਸੀ ਹੈ। ਇਸ ਉਪਰੰਤ ਪੰਜਾਬ ਅਤੇ ਪੰਜਾ-ਬੀਅਤ ਦਾ ਮਾਣ ਡਾਇਰੈਕਟਰ ਅਤੇ ਐਕਟਰ ਅਸ਼ੋਕ ਟਾਂਗਰੀ ਜੀ ਨੇ 'ਰੰਗ ਦੀ ਬਾਜ਼ੀ' ਲੋਕ ਅਰਪਿਤ ਕੀਤੀ। ਉਨ੍ਹਾਂ ਕਿਹਾ ਕਿ ਉਹ ਬਹੁਤ ਜਲਦੀ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਬੈਨਰ ਹੇਠ ਅਜਮੇਰ ਸਿੱਧੂ ਦੀ ਇਸ ਪੁਸਤਕ ਵਿਚੋਂ ਕਿਸੇ ਇਕ ਕਹਾਣੀ ਤੇ ਲਘੂ ਫ਼ਿਲਮ ਬਣਾਉਣਗੇ। ਇਸ ਮੌਕੇ ਪ੍ਰੋ. ਸੁਖਵਿੰਦਰ ਕੰਬੋਜ ਵਲੋਂ ਸਮੂਹ ਮੈਂਬਰ ਸਹਿਬਾਨ ਨਾਲ ਮਿਲ ਕੇ ਪੰਜਾਬੀ ਮੈਗਜ਼ੀਨ 'ਸਰੋਕਾਰ' ਵੀ ਲੋਕ ਅਰਪਿਤ ਕੀਤਾ ਗਿਆ।ਇਸ ਉਪਰੰਤ ਕਵੀ ਦਰਬਾਰ ਵਿਚ ਹਾਜ਼ਰ ਸ਼ਾਇਰਾਂ ਨੇ ਨਵੀਆਂ ਰਚਨਾਵਾਂ ਪੜ੍ਹੀਆਂ ਜਿਨ੍ਹਾਂ ਵਿਚ ਬਲਦੇਵ ਬਾਵਾ, ਹਰਪ੍ਰੀਤ ਕੌਰ ਧੂਤ, ਰੇਸ਼ਮ ਸਿੱਧੂ ਡਾ. ਸੁਖਪਾਲ ਸੰਘੇੜਾ, ਤਾਰਾ ਸਿੰਘ ਸਾਗਰ, ਮੇਜਰ ਭੁਪਿੰਦਰ ਦਲੇਰ, ਦਿਲ ਨਿੱਜਰ, ਇੰਦਰਜੀਤ ਗਰੇਵਾਲ, ਹਰਭਜਨ ਢਿੱਲੋਂ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਲਸ਼ਨ ਦਿਆਲ ਅਤੇ ਕੁਲਵਿੰਦਰ ਆਦਿ ਨੇ ਭਾਗ ਲਿਆ।ਇਸ ਮੌਕੇ ਇਕ ਮਤਾ ਪਾਸ ਕਰਕੇ ਕੈਨੇਡਾ ਵਿਖੇ ਪੰਜਾਬੀ ਗਾਇਕ ਗੁਰਦਾਸ ਮਾਨ ਵਲੋਂ ਆਪਣੇ ਸ਼ੋਅ ਦੌਰਾਨ ਬੋਲੀ ਗਈ ਅਸਿਭਅਕ ਭਾਸ਼ਾ ਦੀ ਨਿਖੇਧੀ ਵੀ ਕੀਤੀ ਗਈ।

# ਮਨੁੱਖੀ ਅਧਿਕਾਰ ਸੁਰੱਖਿਆ ਦਲ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ



**ਪਟਿਆਲਾ–** ਭਗਤ ਸਿੰਘ ਦਾ ਸਾਡੇ ਦੇਸ਼ ਦੀ ਆਜ਼ਾਦੀ ਦੀ ਲੜਾਈ ਚ ਵਿਲੱਖਣ ਅਤੇ ਵਡਮੁੱਲੀ ਯੋਗਦਾਨ ਹੈ।ਉਹਨਾਂ ਦੀ ਸ਼ਹਾਦਤ ਨੇ ਗੁਲਾਮੀ ਦੀ ਜੰਜੀਰਾਂ ਦੇ ਜਿੰਦਰੇ ਨੂੰ ਕਮਜੋਰ ਕਰਕੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਇਹਨਾਂ ਵਿਚਾਰ ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਹਰਮੋਹਨ ਸਿੰਘ ਸਕਰਾਲੀ ਨੇ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ ਦੇ ਜਨਮ ਦਿਨ ਤੇ ਹੋਏ ਪ੍ਰੋਗਰਾਮ ਚ ਬੋਲਦਿਆਂ ਪ੍ਰਗਟ ਕੀਤੇ।

ਉਹਨਾਂ ਨੇ ਭਗਤ ਸਿੰਘ ਦੀ ਸੋਚ ਦੇ ਧਾਰਨੀ ਬਣਨ ਤੇ ਜ਼ੋਰ ਦਿੱਤਾ। ਇਸ ਸਮੇਂ ਬੋਲਦਿਆਂ ਰਣਜੀਤ ਸਿੰਘ ਚੀਮਾ ਸੂਬਾ ਮੀਤ ਪ੍ਰਧਾਨ ਨੇ ਪੰਜਾਬ ਦੇ ਅਤੀਤ ਅਤੇ ਹਕੀਕੀ ਸ਼ਹਾਦਤਾਂ ਦਾ ਵਰਣਨ ਕਰਦਿਆਂ ਗੁਰੂ ਸਹਿਬਾਨ ਦੇ ਯੋਗਦਾਨ ਦਾ ਵੀ ਹਵਾਲਾ ਦਿੱਤਾ। ਉਹਨਾਂ ਦੱਸਿਆ ਕਿ ਭਾਰਤੀ ਆਜ਼ਾਦੀ ਦਾ ਮੁੱਢ ਸਿੱਖ ਗੁਰੂ ਸਾਹਿਬਾਨ ਨੇ ਬੰਨ੍ਹਿਆ ਅਤੇ ਸਿੱਖਾਂ ਦਾ ਆਜ਼ਾਦੀ ਦੇ ਘੋਲ ਚ ਪਾਏ ਯੋਗਦਾਨ ਨੂੰ ਉਭਾਰਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਗੁਰਮੀਤ ਕੌਰ ਨਾਹਰ ਸੂਬਾ ਪ੍ਰਧਾਨ ਮੁਲਾਜ਼ਮ ਵਿੰਗ, ਰਤਨਾਗਰ ਉਪਨੇਜਾ ਸ਼ਹਿਰੀ ਪ੍ਰਧਾਨ, ਗੁਰਮੁਖ ਸਿੰਘ ਖੇੜਕੀ, ਅਮਰੀਕ ਸਿੰਘ, ਡਾ.ਜਗਤਾਰ ਸਿੰਘ, ਵਿਕਰਮਜੀਤ ਸਿੰਘ, ਜਸਵੀਰ ਸਿੰਘ, ਇੰਜ. ਸਤਨਾਮ ਸਿੰਘ ਮੱਟੂ ਨੇ ਵੀ ਭਗਤ ਸਿੰਘ ਦੇ ਜੀਵਨ ਅਤੇ ਫਿਲਾਸਫੀ ਤੇ ਚਾਨਣਾ ਪਾਇਆ।

# ਭਾਰਤ ਸਰਕਾਰ ਵੱਲੋਂ ਰਾਜੋਆਣਾ ਦੀ 'ਫਾਂਸੀ' ਉਮਰ ਕੈਦ 'ਚ ਤਬਦੀਲ



ਨਵੀਂ ਦਿੱਲੀ- ਗ੍ਰਹਿ ਮੰਤਰਾਲੇ ਨੇ ਇਕ ਅਹਿਮ ਫੈਸਲੇ ਵਿਚ ਬੱਬਰ ਖ਼ਾਲਸਾ ਦੇ ਦਹਿਸ਼ਤਗਰਦ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਹੈ। ਰਾਜੋਆਣਾ ਨੂੰ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੀ 31 ਅਗਸਤ 1995 ਨੂੰ ਹੋਈ ਹੱਤਿਆ ਮਾਮਲੇ ਵਿੱਚ ਨਿਭਾਈ ਭੂਮਿਕਾ ਲਈ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ। ਸੂਤਰਾਂ ਮੁਤਾਬਕ ਗ੍ਰਹਿ ਮੰਤਰਾਲੇ ਨੇ ਬੀਤੀ ਰਾਤ ਹੀ ਸਜ਼ਾ ਤਬਦੀਲੀ ਸਬੰਧੀ ਸਹਿਮਤੀ ਦੇ ਦਿੱਤੀ ਸੀ। ਪਟਿਆਲਾ ਜੇਲ੍ਹ ਵਿੱਚ ਬੰਦ ਰਾਜੋਆਣਾ ਨੂੰ ਹੁਣ ਉਮਰ ਕੈਦ ਦੀ ਸਜ਼ਾ ਕੱਟਣੀ ਹੋਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਇਹ ਕਦਮ ਅਜਿਹੇ ਸਮੇਂ ਚੁੱਕਿਆ ਹੈ, ਜਦੋਂ ਅਜੇ ਦੋ ਦਿਨ ਪਹਿਲਾਂ ਭਾਜਪਾ ਨੇ ਹਰਿਆਣਾ ਵਿੱਚ ਅਗਾਮੀ ਚੋਣਾਂ ਲਈ ਆਪਣੇ ਰਵਾਇਤੀ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਰਾਜੋਆਣਾ ਦੀ ਸਜ਼ਾ ਤਬਦੀਲੀ ਸਬੰਧੀ ਫੈਸਲੇ ਨੂੰ ਸਿੱਖ ਸਿਆਸਤ ਵਿੱਚ ਭਾਜਪਾ ਦੀ ਦਿੱਖ ਨੂੰ ਸਕਾਰਾਤਮਕ ਗੇੜਾ ਦੇਣ ਦੇ ਯਤਨ ਵਜੋਂ ਵੇਖਿਆ ਜਾ ਰਿਹਾ ਹੈ। ਹਰਿਆਣਾ ਵਿੱਚ ਸਿੱਖਾਂ ਦੀ ਗਿਣਤੀ ਕੁੱਲ ਆਬਾਦੀ ਦਾ ਅੱਠ ਫੀਸਦ ਹੈ ਅਤੇ ਅਤਿਵਾਦ ਦੇ ਦਿਨਾਂ ਦੌਰਾਨ (1978 ਤੋਂ 1995) ਰਵਾਇਤੀ ਤੌਰ 'ਤੇ ਵੱਡੀ ਗਿਣਤੀ ਸਿੱਖਾਂ ਨੇ ਦੇਵੀ ਲਾਲ ਤੇ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਇਨੈਲੋ ਪਾਰਟੀ ਦੀ ਚੋਣ ਕੀਤੀ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਅਕਤੂਬਰ 2010 ਨੂੰ ਸੁਣਾਏ ਫੈਸਲੇ ਵਿੱਚ ਬੇਅੰਤ ਸਿੰਘ ਹੱਤਿਆ ਮਾਮਲੇ ਦੇ ਇਕ ਹੋਰ ਮੁਜਰਮ ਜਗਤਾਰ ਸਿੰਘ ਹਵਾਰਾ ਦੀ ਮੌਤ ਦੀ ਸਜ਼ਾ ਨੂੰ ਪਹਿਲਾਂ ਹੀ ਉਮਰ ਕੈਦ ਵਿੱਚ ਤਬਦੀਲ ਕਰ ਚੁੱਕੀ ਹੈ। ਇਸੇ ਕੋਰਟ ਨੇ ਹਾਲਾਂਕਿ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਸੀ। ਹਾਲਾਂਕਿ ਟਰਾਇਲ ਦੌਰਾਨ ਰਾਜੋਆਣਾ ਨੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਖ਼ਲ ਕਰਨ ਤੋਂ ਇਹ ਕਹਿੰਦਿਆਂ ਨਾਂਹ ਕਰ ਦਿੱਤੀ ਕਿ ਉਸ ਨੇ ਆਪਣੇ ਦੋਸਤ ਤੇ ਪੰਜਾਬ ਪੁਲੀਸ ਦੇ ਕਾਂਸਟੇਬਲ ਦਿਲਾਵਰ ਸਿੰਘ ਨਾਲ ਵਾਅਦਾ ਕੀਤਾ ਸੀ। ਦਿਲਾਵਰ 31 ਅਗਸਤ 1995 ਨੂੰ ਪੰਜਾਬ ਤੇ ਹਰਿਆਣਾ ਸਿਵਲ ਸਕੱਤਰੇਤ ਦੇ ਬਾਹਰ ਮੁੱਖ ਮੰਤਰੀ ਬੇਅੰਤ ਸਿੰਘ 'ਤੇ ਕੀਤੇ ਆਤਮਘਾਤੀ ਹਮਲੇ ਵਿੱਚ ਮਨੁੱਖੀ ਬੰਬ ਬਣਿਆ ਸੀ।

ਹਮਲੇ ਦੌਰਾਨ ਦਿਲਾਵਰ ਦੇ ਨਾਕਾਮ ਰਹਿਣ 'ਤੇ ਰਾਜੋਆਣਾ ਨੇ 'ਦੂਜੇ ਮਨੁੱਖੀ ਬੰਬ' ਵਜੋਂ ਕਾਰਵਾਈ ਨੂੰ ਅੰਜਾਮ ਦੇਣਾ ਸੀ।ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਰਹਿਮ ਦੀ ਅਪੀਲ ਮਗਰੋਂ 29 ਮਾਰਚ 2012 ਨੂੰ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਦੇ ਅਮਲ ਨੂੰ ਰੋਕ ਦਿੱਤਾ ਸੀ। ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਂਸੀ ਦਿੱਤੀ ਜਾਣੀ ਸੀ। ਉਂਜ, ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸੇ ਮਹੀਨੇ ਤਤਕਾਲੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਰਹਿਮ ਦੀ ਅਪੀਲ ਸੌਂਪਦਿਆਂ ਰਾਜੋਆਣਾ ਦੀ ਸਜ਼ਾ ਮੁਆਫ਼ ਕੀਤੇ ਜਾਣ ਦੀ ਅਪੀਲ ਕੀਤੀ ਸੀ। ਰਾਸ਼ਟਰਪਤੀ ਨੇ ਇਹ ਅਪੀਲ ਅੱਗੇ ਗ੍ਰਹਿ ਮੰਤਰਾਲੇ ਨੂੰ ਰੈਫ਼ਰ ਕਰ ਦਿੱਤੀ, ਜਿਨ੍ਹਾਂ ਹੁਣ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ।

# Jenny Johnson Meets Narendra Modi



Jenny Johnson, Franklin Templeton President and CEO, joined top U. S. business leaders for a private New York meeting with Narendra Modi, Prime Minister of India. Attendees at the two hours September 25, briefing included Jamie Dimon, Chairman and CEO of JP Morgan Chase, Ginni Rometty, Chair, President and CEO of IBM and John Chambers, former executive chairman and CEO of Cisco Systems.

Discussions covered investing in India and addressing the challenges U. S. companies face while doing business in the emerging market country.

Modi's September visit to the U. S. included Houston, Texas rally with 50,000 Indian Americans, the United Nations climate summit and receiving an award from the Bill and Melinda Gates Foundation.

# ਕੋਰੇਗਾਓ ਹਿੰਸਾ: ਚੀਫ ਜਸਟਿਸ ਵੱਲੋਂ ਨਵਲੱਖਾ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ–** ਚੀਫ਼ ਜਸਟਿਸ ਰੰਜਨ ਗੋਗੋਈ ਨੇ ਗੌਤਮ ਨਵਲੱਖਾ ਦੀ ਬੰਬਈ ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਤੋਂ ਸੋਮਵਾਰ ਨੂੰ ਆਪਣੇ ਆਪ ਨੂੰ ਵੱਖ ਕਰ ਲਿਆ। ਬੰਬਈ ਹਾਈ ਕੋਰਟ ਨੇ ਭੀਮਾ-ਕੋਰੇਗਾਓਂ ਹਿੰਸਾ ਮਾਮਲੇ ਵਿੱਚ ਨਵਲੱਖਾ ਖ਼ਿਲਾਫ਼ ਦਰਜ ਐਫਆਈਆਰ ਰੱਦ ਕਰਨ ਤੋਂ ਇਨਕਾਰ ਕੀਤਾ ਸੀ। ਚੀਫ਼ ਜਸਟਿਸ ਨੇ ਕਿਹਾ, ''ਮਾਮਲੇ ਨੂੰ ਉਸ ਬੈਂਚ ਅੱਗੇ ਸੂਚੀਬੱਧ ਕੀਤਾ ਜਾਵੇ ਜਿਸ ਵਿੱਚ ਉਹ ਮੈਂਬਰ ਨਾ ਹੋਣ।'' ਇਹ ਮਾਮਲਾ ਚੀਫ਼ ਜਸਟਿਸ, ਜਸਟਿਸ ਬੋਬੜੇ ਅਤੇ ਜਸਟਿਸ ਐਸ ਅਬਦੁੱਲ ਨਜ਼ੀਰ ਦੀ ਬੈਂਚ ਅੱਗੇ ਸੂਚੀਬੱਧ ਕੀਤਾ ਗਿਆ ਸੀ। ਮਹਾਰਾਸ਼ਟਰ ਸਰਕਾਰ ਨੇ ਇਸ ਮਾਮਲੇ ਵਿਚ ਉੱਚ ਅਦਾਲਤ ਵਿੱਚ ਕੈਵੀਅਟ ਦਾਇਰ ਕੀਤੀ ਸੀ ਕਿ ਕੋਈ ਵੀ ਫੈਸਲਾ ਦੇਣ ਤੋਂ ਪਹਿਲਾਂ ਉਸ ਦੀ ਸੁਣਵਾਈ ਕੀਤੀ ਜਾਵੇ।











ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ 28 ਸਤੰਬਰ 2019 ਦਿਨ ਸ਼ਨਿਚਰਵਾਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੀ ਸਹਿਯੋਗ ਨਾਲ ਕਰਵਾਏ ਗਏ। ਭਾਈ ਸਾਹਿਬ ਭਾਈ ਗੁਰਦਿਆਲ ਸਿੰਘ ਜੀ ਹਜ਼ੂਰੀ ਜਥਾ, ਭਾਈ ਇੰਦਰਜੀਤ ਸਿੰਘ ਬੰਬੇ ਵਾਲੇ (ਹਜ਼ੂਰੀ ਜਥਾ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ) ਤੋਂ ਇਲਾਵਾ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਅਤੇ ਭਾਈ ਜੋਗਿੰਦਰ ਸਿੰਘ ਜੀ ਨੇ ਗੁਰਬਾਣੀ ਸ਼ਬਦਾਂ ਦੇ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਜਥਿਆਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਪ੍ਰਬੰਧਕ ਕਮੇਟੀ ਵੱਲੋਂ ਗੁਰਨਾਮ ਸਿੰਘ ਭੰਡਾਲ, ਸ਼ਿੰਗਾਰਾ ਸਿੰਘ ਰੱਲ੍ਹ, ਮਹਿੰਦਰ ਸਿੰਘ ਰੱਤੂ, ਜਸਪਾਲ ਜੱਸਲ, ਸ਼ਾਮ ਪਾਲ, ਕੁਲਦੀਪ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਸਨਮਾਨ ਕਰਦੇ ਹੋਏ। ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਪ੍ਰੇਮ ਕੁਮਾਰ ਚੁੰਬਰ ਨੇ ਲਾਈਵ ਪ੍ਰੋਗਰਾਮ ਕੀਤਾ।


# ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ

## 1480 HAYNE AVENUE, YUBA CITY, CA 95993



ਸੰਤ ਬਾਬਾ ਭਗਵਾਨ ਦਾਸ ਜੀ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ
ਗੁਰੂ ਪਿਆਰੀ ਸਾਧ ਸੰਗਤ ਜੀਓ

ਆਪ ਸਭ ਸੰਗਤਾਂ ਨੂੰ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਗੁਰੂ ਘਰ ਵਿਖੇ 108 ਸੰਤ ਬਾਬਾ ਭਗਵਾਨ ਦਾਸ ਜੀ ਨਗਰ (ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਮਹਾਰਾਜ) ਵਾਲਿਆਂ ਦੀ ਦੇਹ ਅਰੋਗਤਾ ਲਈ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਮਿਤੀ ਅਕਤੂਬਰ 4, 5, 6, 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਕਰਵਾਏ ਜਾ ਰਹੇ ਹਨ ਜੀ, ਜਿਸ ਵਿਚ 4 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 6 ਅਕਤੂਬਰ ਦਿਨ ਐਤਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

ਇਸ ਸਮਾਗਮ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹੋ ਜੀ।


**ਗੁਰੂ ਘਰ ਦਾ ਫੋਨ ਨੰਬਰ 530-674-2564**

ਦਲਵਿੰਦਰ ਰੱਲ੍ਹ (ਪ੍ਰਧਾਨ) 530-933-3938

ਸ਼ਿੰਗਾਰਾ ਰੱਲ੍ਹ (ਜਨਰਲ ਸੈਕਟਰੀ) 530-713-1823

ਰਾਮ ਸੇਵਕ ਭਾਟੀਆ (ਹੈੱਡ ਕੈਸ਼ੀਅਰ) 530-701-4370

# ਵਲੇਹੋ 'ਚ ਮਨਾਇਆ ਜਾਵੇਗਾ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਉਤਸਵ 20 ਅਕਤੂਬਰ ਨੂੰ







ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾਲੂਆਂ ਵੱਲੋਂ ਗੁਰੂ ਵਾਲਮੀਕ ਜੀ ਦਾ ਪ੍ਰਗਟ ਦਿਵਸ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਆਪਣੇ ਘਰੇਲੂ ਰੁਝੇਵਿਆਂ ’ਚੋਂ ਕੁਝ ਸਮਾਂ ਕੱਢ ਕੇ ਇਸ ਸ਼ੁਭ ਉਤਸਵ ਮੌਕੇ ਸ਼ਾਮਲ ਹੋ ਕੇ ਗੁਰੂ ਚਰਨਾਂ ’ਚ ਹਾਜ਼ਰੀ ਲਗਵਾਓ ਜੀ। ਗੁਰੂ ਵਾਲਮੀਕ ਜੀ ਆਪ ਸਭ ਦੇ ਕਾਰਜ ਸਿੱਧ ਕਰਨ ਤੇ ਪਰਿਵਾਰਾਂ ’ਚ ਸੁੱਖ-ਸ਼ਾਂਤੀ ਰਹੇ। ਖੁਸ਼ੀਆਂ ਦਾ ਖੇੜਾ ਹਮੇਸ਼ਾ ਆਪ ਜੀ ਦੇ ਦਰ ’ਤੇ ਦਸਤਕ ਦਿੰਦਾ ਰਹੇ। ਗੁਰੂ ਜੀ ਦੀ ਮਹਿਮਾ ਦੇ ਗੁਣਗਾਨ ਕਰਕੇ ਭੁਪਿੰਦਰ ਭਿੰਦਾ, ਸੁਲਤਾਨ ਅਖਤਰ-ਹਰਜੀਤ ਜੀਤੀ, ਅਮਰਜੀਤ ਲਾਲੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਿਤਾਸ ਭੰਗਾਣੀ, ਰਾਜ ਕੁਮਾਰ ਪੰਡੋਰੀ ਅਤੇ ਹੋਰ ਸੱਜਣ ਆਪਣੀ ਹਾਜ਼ਰੀ ਲਗਵਾਉਣਗੇ।

**ਪ੍ਰੋਗਰਾਮ ਦਾ ਸਮਾਂ ਅਤੇ ਸਥਾਨ**

## October 20, 2019,

## Time: 9:00AM to 5:00PM

## Dan Foley Cultural Center, 1499 N. Camino Alto, Vallejo, CA-94590

## Phone: (707) 648-4630

**ਹੋਰ ਜਾਣਕਾਰੀ ਲਈ ਸੰਪਰਕ ਕਰੋ**

Kewal Sidhu (707) 704-3869, Sodhi Nahar (707) 704-5216
Shiv Sidhu (707) 656-1205, Dr. Gurjit Singh (925) 321-0117
Gurpal Singh (916) 873-0311, Bhupinder Bhinda (916) 613-3311
Balbir Thapar (916) 607-4650, Kulwinder Gill (510) 458-6146,
Baljivan Dass (408) 394-6729, Rajinder Hans (925) 214-6454

**ਜਾਰੀ ਕਰਤਾ- ਸਮੂਹ ਭਗਵਾਨ ਵਾਲਮੀਕ ਜੀ ਦੇ ਸ਼ਰਧਾਲੂ (ਕੈਲੇਫੋਰਨੀਆ)**

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 27ਵਾਂ ਸਥਾਪਨਾ ਦਿਵਸ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ



Pictures by Prem Kumar Chumber Ambedkar Times / Desh Doaba















ਮਨਜੀਤ ਭਾਰਦਵਾਜ ਆਪਣੇ ਪਰਿਵਾਰ ਨਾਲ






TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET LUNCH 11:00 AM To 3:00 PM



ਸੁਰਿੰਦਰ 'ਕੋਕਾ' ਧਲੇਤਾ

Ph. 510-885-1212, Fax. 510-885-1532

We are open seven days 11 AM to 10 PM

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call:
**650-642-0697**

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

**1 ਅਕਤੂਬਰ 1873 'ਤੇ ਵਿਸ਼ੇਸ਼**

# ਸਿੰਘ ਸਭਾ ਲਹਿਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

29 ਮਾਰਚ 1849 ਨੂੰ ਪੰਜਾਬ ਤੋਂ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਨੇ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ-ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਿਆਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ। ਪਰ ਗੁਰੂ ਡੰਗ ਦਾ ਜ਼ੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿਚ ਹੀ ਖਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿਹਨਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14, 15, 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ, ਪੰਡਤ ਸ਼ਰਧਾ ਰਾਮ ਫਿਲੌਰੀ, ਗੁਰੂ ਦੰਤ, ਲੇਖਰਾਜ ਆਦਿ ਨੇ ਅੰਗਰੇਜ਼ੀ ਸ਼ਹਿ ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਗਿਆਨੀ ਗਿਆਨ ਸਿੰਘ, ਸਕੱਤਰ ਸ. ਅਮਰ ਸਿੰਘ, ਮੀਤ ਸਕੱਤਰ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ, ਖਜਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਸੀ। ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ। ਪਰ ਇਸਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸ. ਠਾਕੁਰ ਸਿੰਘ ਸਿੱਖੀ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜੋਸ਼ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ। ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ :

1. ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਊਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ। 4. ਪੰਜਾਬੀ ਬੋਲੀ ਵਿਚ ਅਖ਼ਬਾਰ ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਦੇ ਸਰਕਾਰੀ ਅਫਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਿਕ ਵਿੱਦਿਆ ਦੇ ਕੇ ਹਰ ਪੱਖ ਤੋਂ ਜਾਗਰਿਤ ਕਰਨਾ।
7. ਹਕੂਮਤ ਨਾਲ ਟਕਰਾਅ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ, ਜਿੱਥੇ ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਿਤ ਕੀਤਾ। ਇਸ ਵਿਸ਼ੇ ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਕਿ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦਾ ਵੇਰਵਾ ਦਿੱਤਾ।
2. ਵਿੱਦਿਅਕ ਪੰਜਾਬ- ਵਿਦਿਆ ਸਬੰਧੀ ਪ੍ਰਚਾਰ ਹੋਇਆ।
3. ਸੰਨ 1885 ਵਿਚ ਖਾਲਸਾ ਅਖ਼ਬਾਰ।
4. ਸੰਨ 1996 ਵਿਚ ਰਸਾਲਾ ਸੁਧਾਰਕ- ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਖਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ-ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜ੍ਹੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ। ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਕੀਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1876 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। 12 ਨਵੰਬਰ 1879 ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ, ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਜਿਸਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਦੇ ਯਤਨਾਂ ਨਾਲ ਥੋੜ੍ਹੇ ਚਿਰ ਵਿਚ ਹੀ 268 ਮੈਂਬਰਾਂ ਦੀ ਗਿਣਤੀ ਹੋ ਗਈ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ 'ਸਪਤਾਹਿਕ' ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਗੁਰਮੁਖੀ ਅਖ਼ਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ-ਕੋਨੇ 'ਤੇ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ। ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1990 ਦੀ ਸਥਿਤੀ ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੀ ਸੰਭਾਲ ਲਈ ਪੁਜਾਰੀਆਂ ਦਾ ਸੁਧਾਰ ਕਰਨਾ ਵੀ ਸੀ, ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ, ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਹਨਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਂ ਦੇ ਕੇ 'ਖਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

**ਅੰਤਿਕਾ-** ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅੱਪੜੇ। ਜਿਵੇਂ 'ਖਾਲਸਾ ਦੀਵਾਨ ਅੰਮ੍ਰਿਤਸਰ' ਤੋਂ ਬਾਅਦ 'ਖਾਲਸਾ ਦੀਵਾਨ ਲਾਹੌਰ', 'ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ' ਨੇ ਗੁਰਮਰਿਆਦਾ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਮਾ ਇਤਿਹਾਸ ਹੈ।

**(4 ਅਕਤੂਬਰ ਜਨਮ ਦਿਨ 'ਤੇ ਵਿਸ਼ੇਸ਼)**

# ਮਾਰਦਾ ਦਮਾਮੇ ਜੱਟ ਮੇਲੇ ਆ ਗਿਆ- ਵਾਲਾ ਧਨੀ ਰਾਮ ਚਾਤ੍ਰਿਕ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਧਨੀ ਰਾਮ ਚਾਤ੍ਰਿਕ ਪੰਜਾਬੀ ਦੇ ਸਿਰਮੌਰ ਕਵੀਆਂ ਚੋਂ ਹਨ ਅਤੇ ਉਹਨਾਂ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਸੰਸਥਾਪਕ ਮੰਨਿਆ ਜਾਂਦਾ ਹੈ। ਉਹਨਾਂ ਦੀਆਂ ਕਵਿਤਾਵਾਂ ਨੂੰ ਪ੍ਰਾਚੀਨ ਅਤੇ ਆਧੁਨਿਕ ਕਵਿਤਾਵਾਂ ਵਿਚਕਾਰ ਕੜੀ ਵਜੋਂ ਵਿਚਾਰਿਆ ਜਾਂਦਾ ਹੈ। ਉਹਨਾਂ ਕਵਿਤਾ ਵਿਧਾ ਨੂੰ ਹੀ ਅਪਣਾ ਕੇ ਸਾਹਿਤਕ ਖੇਤਰ ਕਾਮਯਾਬੀ ਦੇ ਝੰਡੇ ਗੱਡੇ ਹਨ। ਗੁਰਮੁਖੀ ਲਿੱਪੀ ਨੂੰ ਟਾਈਪ ਸੈਂਟ ਤੇ ਮਿਆਰੀ ਕਰਨ ਸਿਹਰਾ ਵੀ ਧਨੀ ਰਾਮ ਚਾਤ੍ਰਿਕ ਨੂੰ ਜਾਂਦਾ ਹੈ।

ਪੰਜਾਬੀ ਮਾਂ ਬੋਲੀ ਦੇ ਲਾਡਲੇ ਸਪੂਤ ਧਨੀ ਰਾਮ ਚਾਤ੍ਰਿਕ ਦਾ ਜਨਮ 4 ਅਕਤੂਬਰ 1876 ਨੂੰ ਅਣਵੰਡੇ ਪੰਜਾਬ ਦੇ ਪਿੰਡ ਪਸੀਆਂ ਵਾਲਾ,ਜਿਲ੍ਹਾ ਸਿਆਲਕੋਟ ਵਿੱਚ ਪਿਤਾ ਲਾਲਾ ਪੋਹੂ ਮੱਲ ਦੇ ਘਰ ਹੋਇਆ ਸੀ।ਬਾਲ ਉਮਰੇ ਹੀ ਉਹਨਾਂ ਦਾ ਪਰਿਵਾਰ ਰੋਜ਼ੀ ਰੋਟੀ ਦੀ ਭਾਲ ਚ ਪਿੰਡ ਲੋਪੋਕੇ, ਜਿਲ੍ਹਾ ਅੰਮ੍ਰਿਤਸਰ ਆ ਗਿਆ। ਘਰ 'ਚ ਗਰੀਬੀ ਦੇ ਆਲਮ ਚ ਉਹਨਾਂ ਦੀ ਸਿੱਖਿਆ ਪ੍ਰਾਇਮਰੀ ਤਕ ਹੀ ਸਿਮਟ ਕੇ ਰਹਿ ਗਈ। ਉਹਨਾਂ ਨੂੰ ਅਗਲੇਰੇ ਕੰਮ ਲਈ ਵਸੀਕਾ ਨਵੀਸ ਦਾ ਕੰਮ ਸਿੱਖਣ ਲਗਾ ਦਿੱਤਾ। ਪਰ ਚੰਗੀ ਕਿਸਮਤ ਉਹਨਾਂ ਨੂੰ 17 ਸਾਲ ਦੀ ਉਮਰੇ ਅੰਮ੍ਰਿਤਸਰ ਵਿਖੇ ਭਾਈ ਵੀਰ ਸਿੰਘ ਦੀ "ਵਜ਼ੀਰ ਹਿੰਦ ਪ੍ਰੈਸ" ਵਿੱਚ ਨੌਕਰੀ ਮਿਲ ਗਈ। ਕਿਤੇ ਨਾ ਕਿਤੇ ਉਸਦੇ ਮਨ ਅੰਦਰ ਵੀ ਸਾਹਤਿਕ ਵਿਚਾਰਾਂ ਦਾ ਤੂਫਾਨ ਅੰਗੜਾਈਆਂ ਲੈ ਰਿਹਾ ਸੀ, ਕਿਉਂਕਿ ਕਿੱਸਾਕਾਰ ਇਮਾਮ ਬਖਸ਼ ਵੀ ਉਹਨਾਂ ਦੇ ਗਰਾਈ ਸਨ।



ਇਸ ਪ੍ਰੈਸ ਤੋਂ ਛਪਦੀਆਂ ਸਾਹਤਿਕ ਪੁਸਤਕਾਂ ਪੜ੍ਹਕੇ ਉਸਨੂੰ ਵੀ ਕਵਿਤਾਵਾਂ ਲਿਖਣ ਦੀ ਚੇਟਕ ਲੱਗ ਗਈ।

ਉਹਨਾਂ ਦੇ ਲਿਖੇ ਗੀਤ ਅਤੇ ਕਵਿਤਾਵਾਂ ਦਾ ਪਹਿਲਾ ਕਾਵਿ ਸੰਗ੍ਰਹਿ 1904 ਚ "ਫੁੱਲਾਂ ਦੀ ਟੋਕਰੀ" ਛਪਿਆ, ਜਿਸਦੀ ਸਾਹਿਤਕ ਹਲਕਿਆਂ 'ਚ ਭਰਪੂਰ ਸਲਾਘਾ ਹੋਈ ਅਤੇ ਉਤਸ਼ਾਹ ਮਿਲਿਆ। ਉਹਨਾਂ ਦੀ ਸਾਹਿਤਕ ਰਚਨਾਵਾਂ"

1. ਫੁੱਲਾਂ ਦੀ ਟੋਕਰੀ-1904
2. ਭਰਥਰੀ ਹਰੀ-1905
3. ਨਲ ਦਮਯੰਤੀ-1906
4. ਧਰਮਵੀਰ-1912
5. ਚੰਦਨਵਾੜੀ-1931
6. ਕੇਸਰ ਕਿਆਰੀ-1940
7. ਨਵਾਂ ਜਹਾਨ-1945
8. ਸੂਫੀਖਾਨਾ-1950
9. ਨੂਰਜਹਾਂ ਬਾਦਸ਼ਾਹ ਬੇਗਮ 1953

ਛਪੀਆਂ ਹਨ।

ਉਹਨਾਂ ਦੀ ਅੰਤਿਮ ਰਚਨਾ 1954 ਚ ਸ਼ਾਹਮੁਖੀ ਚ ਪ੍ਰਕਾਸ਼ਿਤ ਹੋਈ ਸੀ। ਉਹਨਾਂ ਦੀਆਂ ਕਵਿਤਾਵਾਂ ਅਤੇ ਗੀਤਾਂ ਦੇ ਵਿਸ਼ੇ ਪੰਜਾਬੀ ਜੀਵਨ, ਪੰਜਾਬੀ ਬੋਲੀ, ਪੰਜਾਬੀ ਮੇਲੇ-ਤਿਉਹਾਰ, ਪੰਜਾਬੀ ਸੱਭਿਆਚਾਰ, ਪਰਿਵਾਰਕ, ਸਮਾਜਿਕ ਪਿਆਰ ਆਦਿ ਰਹੇ ਹਨ। ਉਹਨਾਂ ਦੀ ਭਾਸ਼ਾ ਸਰਲ ਅਤੇ ਠੇਠ ਪੰਜਾਬੀ ਹੈ, ਜੋ ਆਮ ਵਿਆਕਤੀ ਦੀ ਸਮਝ ਦੇ ਨੇੜੇ ਹੈ। ਉਹਨਾਂ ਕੁਦਰਤ ਪ੍ਰੇਮ, ਪੇਂਡੂ ਕਿਰਸਾਣੀ ਜੀਵਣ, ਦੇਸ਼ ਪਿਆਰ, ਸਮਾਜਿਕ-ਸਦਾਚਾਰਕ, ਸੱਭਿਆਚਾਰਕ ਕਦਰਾਂ ਕੀਮਤਾਂ ਅਧਾਰਿਤ ਕਵਿਤਾਵਾਂ ਰਚੀਆਂ ਹਨ। ਉਹਨਾਂ ਦੀਆਂ ਰਚਨਾਵਾਂ 'ਚੋਂ ਸੂਫੀਵਾਦ ਦੇ ਦਰਸ਼ਨ ਵੀ ਹੁੰਦੇ ਹਨ। ਉਹਨਾਂ ਦੇ ਸ਼ੁਰੂਆਤੀ ਗੀਤ ਅਤੇ ਕਵਿਤਾਵਾਂ ਚ ਆਤਮਿਕਤਾ ਅਤੇ ਪ੍ਰਾਚੀਨਤਾ ਦੀ ਡੂੰਘਾ ਪ੍ਰਭਾਵ ਸੀ। ਫਿਰ ਉਹਨਾਂ ਜਿੰਦਗੀ ਅਤੇ ਯਥਾਰਥਵਾਦ ਨੂੰ ਮੁੱਖ ਵਿਸ਼ੇ ਵਜੋਂ ਚੁਣਕੇ ਉਭਾਰਿਆ। ਉਹਨਾਂ ਜਿਆਦਾਤਰ ਬੈਂਤ, ਦੋਹਰਾ, ਛੰਦ, ਕੋਰੜਾ ਆਦਿ ਚ ਲਿਖਿਆ ਹੈ। ਉਹਨਾਂ ਸਾਰੀ ਉਮਰ ਪੰਜਾਬੀ ਮਾਂ ਬੋਲੀ ਦੀ ਤਰੱਕੀ ਲਈ ਕੰਮ ਕੀਤਾ। ਉਹਨਾਂ ਦੀ ਰਚਨਾਵਾਂ ਪੰਜਾਬੀ ਸਾਹਿਤ ਦੇ ਖੇਤਰ ਚ ਮੀਲ ਪੱਥਰ ਸਾਬਿਤ ਹੋਈਆ ਹਨ।

ਉਹ 1926 ਚ ਬਣੀ ਪੰਜਾਬੀ ਸਭਾ ਅੰਮ੍ਰਿਤਸਰ ਦੇ ਪ੍ਰਧਾਨ ਵੀ ਬਣੇ ਸਨ। ਉਹਨਾਂ ਦੇ ਪੰਜਾਬੀ ਸਾਹਿਤ ਦੇ ਖੇਤਰ ਚ ਪਾਇਆ ਯੋਗਦਾਨ ਹਮੇਸ਼ਾ ਰਹਿਨੁਮਾਈ ਕਰਦਾ ਰਹੇਗਾ। ਪੰਜਾਬੀ ਸਾਹਤਿਕ ਹਲਕਿਆਂ ਚ ਅੱਜ 4 ਅਕਤੂਬਰ ਨੂੰ ਉਹਨਾਂ ਦੇ ਜਨਮ ਦਿਨ ਤੇ ਉਹਨਾਂ ਨੂੰ ਯਾਦ ਕੀਤਾ ਜਾ ਰਿਹਾ ਹੈ।

# ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਦੇਸ਼ ਵਾਸੀਆਂ ਲਈ ਪ੍ਰੇਰਨਾ ਦਾ ਸੋਮਾ

**ਨਿਊਯਾਰਕ/ਬੰਗਾ, ਅਕਤੂਬਰ ( ਰਾਜ ਗੋਗਨਾ)-** ਬੀਤੇਂ ਦਿਨ ਲੋਕ ਸਭਾ ਮੈਂਬਰ ਸ੍ਰੀ ਮਨੀਸ਼ ਤਿਵਾੜੀ ਨੇ ਅੱਜ ਸ਼ਾਮ ਖਟਕੜ ਕਲਾਂ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ 112ਵੇਂ ਜਨਮ ਦਿਹਾੜੇ ਮੌਕੇ ਯੂਥ ਕਲੱਬ ਅਤੇ ਪਿੰਡ ਵਾਸੀਆਂ ਵੱਲੋਂ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਹਰਿਆਣਾ ਸਰਕਾਰ ਮੋਹਾਲੀ-ਚੰਡੀਗੜ੍ਹ ਕੌਮਾਂਤਰੀ ਏਅਰਪੋਰਟ ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਨਾਮ ਦੇਣ ਦੇ ਮਾਮਲੇ 'ਤੇ ਆਪਣਾਏ ਆਪਣੇ ਵਿਰੋਧੀ ਰੁੱਖ 'ਤੇ ਪੁਨਰ ਵਿਚਾਰ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਸਬੰਧੀ ਕੇਂਦਰ ਸਰਕਾਰ ਨੂੰ ਪਹਿਲਾਂ ਹੀ ਇਸ ਹਵਾਈ ਅੱਡੇ ਦਾ ਨਾਮਕਰਣ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਨਾਮ 'ਤੇ ਕਰਨ ਦੀ ਮੰਗ ਰੱਖ ਚੁੱਕੇ ਹਨ ਪਰ ਹਰਿਆਣਾ ਸਰਕਾਰ ਵੱਲੋਂ ਸਹਿਮਤੀ ਨਾ ਪ੍ਰਗਟਾਏ ਜਾਣ ਕਾਰਨ ਮਾਮਲਾ ਲਮਕਿਆ ਹੋਇਆ ਹੈ। ਅੱਜ ਸ਼ਾਮ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਯਾਦਗਾਰ ਅਤੇ ਅਜਾਇਬ ਘਰ ਵਿਖੇ ਉਨ੍ਹਾਂ ਦੇ ਬੁੱਤ ਅੱਗੇ ਨਤਮਸਤਕ ਹੋਣ ਮਗਰੋਂ ਉਨ੍ਹਾਂ ਆਖਿਆ ਕਿ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਰ ਜੁਆਨ ਉਮਰੇ ਦੇਸ਼ ਲਈ ਬਲੀਦਾਨ ਦੇ ਕੇ ਜਿੱਥੇ ਨੌਜੁਆਨਾਂ 'ਚ ਆਜ਼ਾਦੀ ਦੀ ਲੜਾਈ ਦੀ ਚਿਣਗ ਪੈਦਾ ਕੀਤੀ ਉੱਥੇ ਦੇਸ਼ ਪ੍ਰੇਮ ਲਈ ਅਦੁੱਤੀ ਤਿਆਗ ਦੀ ਮਿਸਾਲ ਵੀ ਬਣੇ। ਯੂਥ ਕਲੱਬ ਵੱਲੋਂ ਪਿੰਡ ਦੇ ਸਟੇਡੀਅਮ ਦੀ ਰੱਖੀ ਮੰਗ ਨੂੰ ਉਨ੍ਹਾਂ ਨੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਸੀਨੀਅਰ ਕਾਂਗਰਸ ਆਗੂ ਸਤਬੀਰ ਸਿੰਘ ਪੱਲੀ ਝਿੱਕੀ ਨੂੰ ਨਾਲ ਲੈ ਕੇ ਖੇਡ ਮੰਤਰੀ ਪੰਜਾਬ ਰਾਣਾ ਗੁਰਮੀਤ ਸਿੰਘ ਸੋਢੀ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ। ਪਿੰਡ ਦੇ ਸਰਪੰਚ ਵੱਲੋਂ ਪਿੰਡ ਦੇ ਵਿਕਾਸ ਲਈ ਦੋ ਲੱਖ ਦੀ ਗਰਾਂਟ ਤੁਰੰਤ ਦੇਣ ਦੀ ਮੰਗ ਕਰਨ 'ਤੇ ਉਨ੍ਹਾਂ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਅਗਲੇ ਦਿਨਾਂ 'ਚ ਗਰਾਂਟ ਭੇਜਣ ਦਾ ਐਲਾਨ ਕੀਤਾ। ਇਸ ਮੌਕੇ ਸਤਬੀਰ ਸਿੰਘ ਪੱਲੀ ਝਿੱਕੀ ਤੋਂ ਇਲਾਵਾ ਸਾਬਕਾ ਐਮ ਐਲ ਏ ਮੋਹਣ ਸਿੰਘ ਬੰਗਾ, ਪ੍ਰਦੇਸ਼ ਕਾਂਗਰਸ ਦੇ ਸਕੱਤਰ ਗੁਰਮੇਲ ਸਿੰਘ ਪਹਿਲਵਾਨ, ਡਾ. ਹਰਪ੍ਰੀਤ ਸਿੰਘ ਕੈਂਥ, ਠੇਕੇਦਾਰ ਰਜਿੰਦਰ ਸਿੰਘ, ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਸੰਧੂ, ਸਕੱਤਰ ਤਰਲੋਕ ਸਿੰਘ ਸੰਧੂ, ਮੀਤ ਪ੍ਰਧਾਨ ਗੁਰਦੇਵ ਸਿੰਘ ਦੁਸਾਂਝ, ਮੇਲਾ ਇੰਚਾਰਜ ਸਤਨਾਮ ਸਿੰਘ ਸੰਧੂ ਤੇ ਜੀਤਾ ਖਟਕੜ, ਦ੍ਰਵਜੀਤ ਸਿੰਘ ਪੂਨੀਆ ਪ੍ਰਧਾਨ ਯੂਥ ਕਾਂਗਰਸ ਬੰਗਾ, ਸੁਖਜਿੰਦਰ ਸਿੰਘ ਆਜ਼ਾਦ, ਸੋਖੀ ਰਾਮ ਬੱਜੋਂ, ਸਾਬ੍ਹੀ ਕੰਗਰੋੜ, ਰਘਵੀਰ ਸਿੰਘ ਬਿੱਲਾ ਤੇ ਕਮਲਜੀਤ ਬੰਗਾ ਮੌਜੂਦ ਸਨ।



# ਸਕੀਮ-ਦਰ-ਸਕੀਮ, ਪਰ ਲੋਕਾਂ ਪੱਲੇ ਕੀ?



ਗੁਰਮੀਤ ਪਲਾਹੀ
91-98158-02070

ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਯੂ.ਐਨ.ਓ. ਦੇ ਪਿਛਲੇ ਦਿਨੀਂ ਹੋਏ ਇਜਲਾਸ ਵਿੱਚ ਵਿਸ਼ਵ ਪੱਧਰ 'ਤੇ ਅਤਿਵਾਦ ਖ਼ਿਲਾਫ਼ ਲੜਨ ਦਾ ਸੱਦਾ ਦੇ ਕੇ ਜਿਥੇ ਵਾਹ-ਵਾਹ ਖੱਟੀ, ਉਥੇ ਭਾਰਤ ਵਿੱਚ ਚਲ ਰਹੀਆਂ ਯੋਜਨਾਵਾਂ, ਸਵੱਛ ਭਾਰਤ, ਜਨ ਧਨ ਯੋਜਨਾ ਅਤੇ ਆਯੂਸ਼ਮਾਨ ਭਾਰਤ ਯੋਜਨਾ ਨੂੰ ਭਾਰਤ ਵਿੱਚ ਪੂਰੀ ਤਰ੍ਹਾਂ ਲਾਗੂ ਕਰਨ ਅਤੇ ਇਹਨਾ ਦੀ ਸਫ਼ਲਤਾ ਦਾ ਉਚੇਚਾ ਜ਼ਿਕਰ ਕੀਤਾ। ਉਹਨਾ ਨੇ ਇਹ ਵੀ ਦਰਸਾਇਆ ਕਿ ਭਾਰਤ ਦੁਨੀਆਂ ਭਰ ਵਿੱਚ ਇੱਕ ਉਭਰਵੀਂ ਆਰਥਿਕਤਾ ਬਣ ਰਿਹਾ ਹੈ ਅਤੇ ਵਿਸ਼ਵ ਦੇ ਨਕਸ਼ੇ ਉਤੇ ਇਸਦਾ ਵਿਸ਼ੇਸ਼ ਸਥਾਨ ਹੋਏਗਾ।

ਮੋਦੀ ਸਾਸ਼ਨ ਦੇ ਪਹਿਲੇ ਕਾਰਜ ਕਾਲ ਵਿੱਚ ਸੈਂਕੜੇ ਸਕੀਮਾਂ ਚਾਲੂ ਕੀਤੀਆਂ ਗਈਆਂ। ਇਹਨਾ ਦਾ ਪ੍ਰਚਾਰ ਵੀ ਵੱਡੇ ਪੱਧਰ ਉਤੇ ਕੀਤਾ ਗਿਆ। ਲੋਕਾਂ ਨੂੰ ਇਹਨਾ ਯੋਜਨਾਵਾਂ ਤੋਂ ਫਾਇਦਾ ਲੈਣ ਲਈ ਰੇਡੀਓ, ਟੀ.ਵੀ., ਅਖ਼ਬਾਰਾਂ ਅਤੇ ਹੋਰ ਪ੍ਰਚਾਰ ਮਧਿਆਮ ਰਾਹੀਂ ਇਹਨਾ ਦਾ ਅੰਤਾਂ ਦਾ ਪ੍ਰਚਾਰ ਕੀਤਾ ਗਿਆ। ਉਦਾਹਰਨ ਵਜੋਂ 'ਘਰ ਘਰ ਟਾਇਲਟ' ਵਾਲਾ ਨਾਹਰਾ ਤਾਂ ਹਰ ਉਸ ਘਰ ਵਿੱਚ ਗੂੰਜਿਆ ਜਿਥੇ ਰੇਡੀਓ, ਟੀ.ਵੀ., ਦੀ ਆਵਾਜ਼ ਪੁੱਜਦੀ ਹੈ ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਸਦਾ ਫਾਇਦਾ ਆਮ ਲੋਕ ਇਸ ਕਰਕੇ ਨਹੀਂ ਚੁੱਕ ਸਕਦੇ ਜਾਂ ਸਕੇ ਕਿਉਂਕਿ ਘਰ 'ਚ ਸਰਕਾਰੀ ਲੈਟਰੀਨ ਬਨਾਉਣ ਲਈ ਪਹਿਲਾਂ ਤਾਂ ਇਸ ਲਈ ਪੰਚਾਇਤਾਂ ਜਾਂ ਨਗਰ ਸਭਾਵਾਂ ਰਾਹੀਂ ਲਾਭਪਾਤਰੀ ਨੂੰ ਜ਼ੋਰ ਲਾਉਣਾ ਪੈਂਦਾ ਹੈ ਤੇ ਫਿਰ ਪੈਸੇ ਪ੍ਰਾਪਤ ਕਰਨ ਲਈ ਬੈਂਕਾਂ, ਅਧਿਕਾਰੀਆਂ ਦੇ ਚੱਕਰ ਲਾਉਣੇ ਪੈਂਦੇ ਹਨ, ਜੋ ਆਮ ਕਿਰਤੀ ਜਾਂ ਸਧਾਰਨ ਆਦਮੀ ਲਈ ਸੌਖੇ ਨਹੀਂ। ਇਹੋ ਕਾਰਨ ਰਿਹਾ ਕਿ ਹਾਲੇ ਵੀ ਦੇਸ਼ ਦੇ ਸਿਰਫ਼ 60 ਫੀਸਦੀ ਲੋਕਾਂ ਦੇ ਘਰਾਂ 'ਚ ਲੈਟਰੀਨਾਂ ਹਨ, ਇਹ ਸਾਰੀਆਂ ਲੈਟਰੀਨਾਂ ਸਕੀਮ ਅਧੀਨ ਨਹੀਂ ਬਣੀਆਂ, ਲੋਕਾਂ ਨੇ ਆਪ ਵੀ ਬਣਾਈਆਂ ਹਨ। ਉਂਜ ਵੀ ਘਰ ਘਰ ਲੈਟਰੀਨ ਸਕੀਮ ਅਧੀਨ ਹਰ ਵੇਲੇ ਪੈਸੇ ਲੈਣ ਦੀ ਸੁਵਿਧਾ ਨਹੀਂ। ਜੇਕਰ ਖਜ਼ਾਨੇ 'ਚ ਪੈਸੇ ਨਹੀਂ, ਫੰਡ ਰਲੀਜ਼ ਨਹੀਂ ਹੋਏ ਤਾਂ ਸਮਝੋ "ਊਠ ਦੇ ਬੁਲ੍ਹ ਦੇ ਡਿੱਗਣ ਵਾਂਗਰ ਹੁਣ ਵੀ ਪੈਸੇ ਖਾਤੇ ਆਏ ਕਿ ਆਏ ਪਰ ਆਉਂਦੇ ਉਦੋਂ ਹੀ ਹਨ ਜਦੋਂ ਸਬੰਧਤ ਕਰਮਚਾਰੀ, ਅਧਿਕਾਰੀ, ਸਰਪੰਚ, ਮਿਊਂਸਪਲ ਕਮਿਸ਼ਨਰ ਦੀ ਨਜ਼ਰ ਸਵੱਲੀ ਹੁੰਦੀ ਹੈ, ਜਾਂ ਫਿਰ ਉਹਨਾ ਵਿੱਚੋਂ ਕਿਸੇ ਦੀ ਮੁੱਠੀ ਗਰਮ ਕੀਤੀ ਜਾਂਦੀ ਹੈ। ਸਿਤਮ ਦੀ ਗੱਲ ਦੇਖੋ ਕਿ ਸਵੱਛ ਭਾਰਤ ਯੋਜਨਾ ਤਹਿਤ 'ਮੋਦੀ ਜੀ' ਦਾ ਸਨਮਾਨ ਅਮਰੀਕਾ ਵਿੱਚ ਹੋ ਗਿਆ ਕਿ ਇਹ ਵੱਡੀ ਪ੍ਰਾਪਤੀ ਹੈ ਭਾਰਤ ਦੀ, ਪਰ ਵੇਖਣ ਵਾਲੀ ਗੱਲ ਹੈ ਕਿ ਕੀ "ਗੰਗਾ ਮਾਈ" ਸਾਫ਼ ਹੋਈ? ਜਮੁਨਾ ਅਤ ਹੋਰ ਦਰਿਆ ਸਾਫ਼ ਹੋਏ? ਸ਼ਹਿਰਾਂ ਵਿਚੋਂ ਗੰਦਗੀ ਹਟੀ ਜਾਂ ਘਟੀ? ਪਲਾਸਟਿਕ ਦੀ ਵਰਤੋਂ ਉਤੇ ਕੋਈ ਫ਼ਰਕ ਪਿਆ? ਰੇਲਵੇ ਲਾਈਨਾਂ ਦੇ ਕੰਢਿਆਂ ਉਤੇ ਲੋਕ ਸਵੇਰੇ "ਲੈਟਰੀਨਾਂ ਕਰਨ ਤੋਂ ਵਾਜ ਆਏ? ਮਿਊਂਸਪਲ ਕਾਰਪੋਰੇਸ਼ਨ ਦੇ ਸੀਵਰੇਜ ਸਾਫ਼ ਹੋਏ? ਕੂੜੇ ਦੇ ਢੇਰ ਖ਼ਤਮ ਹੋਏ? ਕੂੜੇ ਦੇ ਪ੍ਰਬੰਧਨ ਦਾ ਕੋਈ ਕੰਮ ਹੋਇਆ? ਕਰੋੜਾਂ ਨਹੀਂ ਅਰਬਾਂ ਰੁਪਏ ਇਸ ਕੰਮ ਤੇ ਖ਼ਰਚੇ ਗਏ ਹਨ। ਪ੍ਰਧਾਨ ਮੰਤਰੀ ਸਮੇਤ ਮੰਤਰੀ ਰਾਜਸੀ ਕਾਰਕੁਨ ਝਾੜੂ ਲੈ ਕੇ ਪਾਰਲੀਮੈਂਟ ਸਾਫ਼ ਕਰਨ ਦੀਆਂ ਫੋਟੋਆ ਤਾਂ ਪ੍ਰੈਸ ਵਿੱਚ ਦਿਖਦੀਆਂ ਹਨ, ਪਰ ਜ਼ਮੀਨੀ ਪੱਧਰ 'ਤੇ ਕੰਮ ਹੈ ਕਿਥੇ? ਸਵੱਛ ਭਾਰਤ ਦੀ ਤਸਵੀਰ, ਕੋਈ ਇੱਕ ਤਾਂ ਸਰਕਾਰ ਦਿਖਾਵੇ ਜਿਥੇ ਕੰਮ ਹੋਇਆ ਹੋਵੇ, ਹਾਂ ਪੰਜਾਬ ਦੇ ਕੁਝ ਪਿੰਡਾਂ 'ਚ ਲੋਕਾਂ ਨੇ ਆਪਣੇ ਸਾਧਨਾਂ ਰਾਹੀਂ, ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਪਿੰਡਾਂ ਨੂੰ ਸਾਫ਼-ਸੁਥਰਾ ਕਰਨ ਦਾ ਯਤਨ ਕੀਤਾ ਹੈ, ਬੁਨਿਆਦੀ ਢਾਂਚਾ ਉਸਾਰਿਆ ਹੈ ਅਤੇ ਪਿੰਡਾਂ 'ਚ ਕੂੜੇ ਦਾ ਪ੍ਰਬੰਧਨ, ਅੰਡਰ ਗਰਾਊਂਡ ਸੀਵਰੇਜ, ਗੰਦੇ ਪਾਣੀ ਨੂੰ ਖੇਤਾਂ ਲਈ ਵਰਤਣ ਅਤੇ ਕਈ ਥਾਵੀਂ ਛੱਪੜਾਂ ਵਿੱਚ ਮੱਛੀ-ਪਾਲਣ ਦੇ ਪ੍ਰਬੰਧ ਕੀਤੇ ਗਏ ਹਨ। ਪਰ ਸਰਕਾਰੀ ਪੱਧਰ ਉਤੇ ਹਰ ਐਮ.ਪੀ. ਨੂੰ ਇੱਕ ਪਿੰਡ ਨਮੂਨੇ ਦਾ ਬਣਾਉਣ ਲਈ ਟੀਚਾ ਦਿੱਤਾ ਗਿਆ ਸੀ, ਅਤੇ ਇਸ ਲਈ ਰਕਮ ਐਮ ਪੀ ਲੈਂਡ ਫੰਡ ਵਿੱਚੋਂ ਅਦਾ ਕੀਤੀ ਜਾਣੀ ਸੀ, ਪਰ ਸ਼ਾਇਦ ਹੀ ਕਿਸੇ ਮੈਂਬਰ ਪਾਰਲੀਮੈਂਟ ਨੇ ਇਸ ਸਕੀਮ ਨੂੰ ਅਡਾਪਟ ਕੀਤਾ ਹੋਏ ਅਤੇ ਪਿੰਡ ਨੂੰ ਸਾਫ਼-ਸੁਥਰਾ, ਸਵੱਛ ਕਰਨ ਲਈ ਕੋਈ ਪਹਿਲ-ਕਦਮੀ ਕੀਤੀ ਹੋਵੇ ਜਦ ਕਿ ਮੌਜੂਦਾ ਸਰਕਾਰ ਇਹ ਧਾਰਨਾ ਮਨ 'ਚ ਲੈ ਕੇ ਤੁਰੀ ਹੋਈ ਹੈ ਅਤੇ ਮੋਦੀ ਸਾਹਿਬ ਮਨ ਕੀ ਬਾਤ ਵਿੱਚ ਇਹ ਕਹਿੰਦੇ ਹਨ ਕਿ ਮਹਾਤਮਾ ਗਾਂਧੀ ਦੇ ਅਦਾਰਸ਼ਾਂ ਅਨੁਸਾਰ ਦੇਸ਼ ਦੇ ਪਿੰਡਾਂ ਦੀ ਤਰੱਕੀ ਲਈ ਯਤਨ ਕਰਨੇ ਜ਼ਰੂਰੀ ਹਨ ਕਿਉਂਕਿ ਜੇਕਰ ਪਿੰਡ ਨਾ ਸੁਧਰੇ ਤਾਂ ਭਾਰਤ ਦਾ ਅਕਸ ਚੰਗਾ ਨਹੀਂ ਬਣੇਗਾ। ਹੁਣ ਜਦਕਿ ਵਿਸ਼ਵ ਭਰ ਵਿੱਚ ਭਾਰਤ "ਗੱਲਾਂ ਦਾ ਗਲਾਧੜ" ਬਣਕੇ ਆਪਣੇ ਲੱਖਾਂ ਕਰੋੜਾਂ ਡਾਲਰਾਂ ਦੀ ਪ੍ਰਾਪਤੀ ਦੀ ਗੱਲ ਕਰਦਾ ਹੈ, ਉਸ ਵੇਲੇ ਉਸਦੀ ਸਥਿਤੀ ਹਾਸੋ-ਹੀਣੀ ਹੁੰਦੀ ਹੈ, ਜਦੋਂ ਅੰਕੜੇ ਇਹ ਦੱਸਦੇ ਹਨ ਕਿ ਨਿੱਤ ਪ੍ਰਤੀ ਭਾਰਤ ਕਰਜ਼ੇ ਦੇ ਭਾਰ ਹੇਠ ਦੱਬਿਆ ਜਾ ਰਿਹਾ ਹੈ। ਇਥੋਂ ਦੀ ਆਟੋ ਮੋਬਾਇਲ ਸਨੱਅਤ ਖਤਰੇ 'ਚ ਪੈ ਚੁੱਕੀ ਹੈ। ਲੱਖਾਂ ਨੌਕਰੀਆਂ ਲੋਕਾਂ ਦੀਆਂ ਗੁਆਚ ਗਈਆਂ ਹਨ ਅਤੇ ਭਾਰਤੀ ਅਰਥਚਾਰੇ ਤੇ ਵਪਾਰ ਉਤੇ, ਨੋਟਬੰਦੀ ਅਤੇ ਇਥੋਂ ਤੱਕ ਕਿ ਇੱਕ ਦੇਸ਼ ਇੱਕ ਟੈਕਸ ਜੀ.ਐਸ.ਟੀ ਨੇ ਵੱਡਾ ਧੱਕਾ ਲਾਇਆ। ਕਾਰਪੋਰੇਟ ਸੈਕਟਰਾਂ ਨੂੰ ਤਾਂ ਸਰਕਾਰ ਨੇ ਵੱਡੀਆਂ ਰਾਹਤਾਂ ਦਿੱਤੀਆਂ, ਬਿਮਾਰ ਬੈਂਕਾਂ ਨੂੰ ਉਹਨਾ ਦੇ ਵੱਡੇ ਕਰੋੜਪੱਤੀਆਂ ਵਲੋਂ ਲਏ ਕਰਜ਼ੇ ਦਾ ਦੀਵਾਲਾ ਕੱਢਕੇ, ਮੁਆਫ਼ ਕਰ ਦਿੱਤਾ, ਪਰ ਆਮ ਲੋਕਾਂ, ਕਿਸਾਨਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਜਾ ਰਹੀ, ਸਿਰਫ਼ ਵਿਖਾਵੇ ਦੀਆਂ ਸਕੀਮਾਂ ਚਾਲੂ ਕਰਕੇ ਉਹਨਾ ਨੂੰ ਪਰਚਾਰਿਆ ਜਾ ਰਿਹਾ ਹੈ। ਜਨ ਧਨ ਯੋਜਨਾ ਇਸਦੀ ਇੱਕ ਉਦਾਹਰਨ ਹੈ। ਗਰੀਬ ਲੋਕਾਂ ਦੇ ਜ਼ੀਰੋ ਬੈਲੈਂਸ ਨਾਲ ਖਾਤੇ ਖੁਲ੍ਹਵਾਏ ਗਏ। ਇਹਨਾ ਖ਼ਾਤਿਆਂ ਦਾ ਖ਼ਰਚ ਲਾਭਪਾਤਰੀ ਉਤੇ ਨਹੀਂ ਬੈਂਕਾਂ ਉਤੇ ਪਾਇਆ ਗਿਆ। ਲੋਕਾਂ ਨੂੰ ਬਚਤ ਲਈ ਪ੍ਰੇਰਿਆ ਗਿਆ। ਪਰ ਅੱਧੇ ਨਾਲੋਂ ਵੱਧ ਖ਼ਾਤੇ, ਇਸਦੇ ਬੈਂਕਾਂ 'ਚ ਖ਼ਾਤੇ ਖੋਲ੍ਹਣ ਉਪਰੰਤ ਮੁੜਕੇ ਉਪਰੇਟ ਹੀ ਨਹੀਂ ਕੀਤੇ ਗਏ। ਜਿਤਨੀ ਰਾਸ਼ੀ ਇਹਨਾਂ ਖ਼ਾਤਿਆਂ ਤੋਂ ਇੱਕਠੀ ਹੋਈ, ਉਹ ਤਾਂ ਬੈਂਕ ਵਾਲਿਆਂ ਨੇ ਵਰਤ ਲਈ ਭਾਵੇਂ ਕਿ ਇਹ ਰਕਮ ਬਹੁਤੀ ਵੱਡੀ ਨਹੀਂ ਸੀ, ਪਰ ਇਹਨਾ ਬੈਂਕ ਖ਼ਾਤਿਆਂ ਨੇ ਲੋਕਾਂ ਦੇ ਪੱਲੇ ਕੀ ਪਾਇਆ? ਸਰਕਾਰੀ ਅੰਕੜੇ ਤਾਂ ਇਹ ਕਹਿੰਦੇ ਹਨ ਕਿ ਇਸ ਯੋਜਨਾ 'ਚ 318 ਮਿਲੀਅਨ ਬੈਂਕ ਖ਼ਾਤੇ ਖੋਲ੍ਹੇ ਗਏ ਅਤੇ 792 ਬਿਲੀਅਨ ਰੁਪਏ ਇਹਨਾ ਵਿੱਚ ਜਮ੍ਹਾਂ ਹੋਏ। ਪਰ ਇਹ ਸਕੀਮ ਕੁਝ ਲੋਕਾਂ ਨੂੰ ਹੀ 30,000 ਰੁਪਏ ਮੁਫ਼ਤ ਬੀਮਾ ਸਕੀਮ ਦਾ ਫ਼ਾਇਦਾ ਸਿਰਫ਼ ਪੰਜ ਸਾਲਾਂ ਲਈ ਦੇ ਸਕੀ। ਉਹ ਸਕੀਮ ਜਿਸਦਾ ਢੰਡੋਰਾ ਵਿਸ਼ਵ ਭਰ 'ਚ ਪਿੱਟਿਆ ਜਾ ਰਿਹਾ ਹੈ, ਉਹ ਅਸਲ ਅਰਥਾਂ ਵਿੱਚ ਇੱਕ ਉਸੇ ਤਰ੍ਹਾਂ ਦੀ ਫੇਲ੍ਹ ਹੋਈ ਯੋਜਨਾ ਹੈ, ਜਿਵੇਂ ਕਿ ਮਗਨਰੇਗਾ ਯੋਜਨਾ ਜਿਹੜੀ ਪੇਂਡੂ ਲੋਕਾਂ ਨੂੰ ਵਾਇਦੇ ਅਨੁਸਾਰ 100 ਦਿਨ ਦਾ ਸਲਾਨਾ ਰੁਜ਼ਗਾਰ ਨਾ ਦਿਵਾ ਸਕੀ। ਭਾਵੇਂ ਕਿ ਇਹ ਯੋਜਨਾ ਮਨਮੋਹਨ ਸਿੰਘ ਸਰਕਾਰ ਨੇ ਸ਼ੁਰੂ ਕੀਤੀ ਸੀ। ਪਰ ਮੋਦੀ ਸਰਕਾਰ ਨੇ ਇਸ ਯੋਜਨਾ ਨੂੰ ਅਪਨਾਇਆ ਪਰ ਸਿੰਜਿਆ ਨਾ ਅਤੇ ਹਰ ਸਾਲ ਇਸ ਸਕੀਮ ਲਈ ਫੰਡ ਪਹਿਲਾਂ ਨਾਲੋਂ ਘੱਟ ਐਲੋਕੇਟ ਕੀਤੇ ਗਏ। ਜਿਸ ਨਾਲ ਇਹ ਯੋਜਨਾ ਕਈ ਰਾਜਾਂ ਵਿੱਚ ਤਾਂ ਲਗਭਗ "ਮਰਨ-ਕੰਢੇ" ਪਈ ਹੈ। ਮੋਦੀ ਸਰਕਾਰ ਦੇ ਕਹਿਣ ਨੂੰ ਤਾਂ ਕਿਸਾਨਾਂ ਦੀ ਆਮਦਨ ਦੋਗੁਣੀ ਕਰਨ ਦੀ ਗੱਲ ਵੀ ਕੀਤੀ, ਪਰ ਇਸ ਸਕੀਮ ਤਹਿਤ ਹਾਲੀ ਤੱਕ ਗੋਹੜੇ ਵਿੱਚੋਂ ਪੂਣੀ ਤੱਕ ਨਹੀਂ ਕੱਤੀ ਗਈ।

ਆਯੂਸ਼ਮਾਨ ਭਾਰਤ ਯੋਜਨਾ ਬਹੁਤ ਪ੍ਰਚਾਰੀ ਜਾਣ ਵਾਲੀ ਯੋਜਨਾ ਹੈ, ਜਿਸ ਵਿੱਚ ਦੇਸ਼ ਦੀ ਲਗਭਗ ਅੱਧੀ ਆਬਾਦੀ ਨੂੰ 5 ਲੱਖ ਰੁਪਏ ਦਾ ਮੁਫ਼ਤ ਇਲਾਜ ਕਰਾਉਣ ਦੀ ਗੱਲ ਕਹੀ ਹੈ। ਇਸ ਯੋਜਨਾ ਤਹਿਤ ਲਾਭਪਾਤਰੀ ਨੂੰ ਕਾਰਡ ਜਾਰੀ ਕੀਤੇ ਜਾਂਦੇ ਹਨ। ਪਰ ਇਸ ਸਕੀਮ ਲਈ ਜਿੰਨੀ ਕੁ ਰਾਸ਼ੀ ਪਿਛਲੇ ਵਰ੍ਹੇ ਰੱਖੀ ਗਈ, ਉਹ ਕੁਝ ਦਿਨਾਂ 'ਚ ਖ਼ਤਮ ਹੋ ਗਈ। ਉਤਰਾਖੰਡ 'ਚ 697 ਜਾਅਲੀ ਕੇਸ ਫੜੇ ਗਏ, ਜਿਹਨਾ 'ਚ ਹਸਪਤਾਲਾਂ ਵਾਲਿਆਂ ਕਰੋੜਾਂ ਦਾ ਫਰਾਡ ਕੀਤਾ। ਲੋੜ ਤੋਂ ਵੱਧ ਮਰੀਜ਼ਾਂ ਨੂੰ ਹਸਪਤਾਲਾਂ 'ਚ ਰੱਖਿਆ ਗਿਆ, ਵੱਡੇ ਬਿੱਲ ਬਣਾਏ ਗਏ। ਬਹੁਤੇ ਸੂਬਿਆਂ ਇਸ ਸਕੀਮ ਨੂੰ ਪ੍ਰਵਾਨ ਨਾ ਕੀਤਾ। ਪਰ ਪਿਛਲੇ ਦਿਨੀਂ ਪੰਜਾਬ ਸਰਕਾਰ ਨੇ ਇਸ ਸਕੀਮ ਅਧੀਨ 75 ਫੀਸਦੀ ਲੋਕਾਂ ਨੂੰ ਫ਼ਾਇਦਾ ਚੁੱਕਣ ਲਈ ਕਾਰਡ ਦੇਣ ਦਾ ਦਾਅਵਾ ਕੀਤਾ ਪਰ ਕਾਰਡ ਸਿਰਫ਼ ਨੀਲੇ ਕਾਰਡ ਵਾਲਿਆਂ ਨੂੰ ਇਹ ਕਾਰਡ ਦਿੱਤੇ ਗਏ ਪਰ ਇਹ ਸਕੀਮ ਹਾਲੇ ਤੱਕ ਪੰਜਾਬ 'ਚ ਲਾਗੂ ਨਹੀਂ ਹੋ ਸਕੀ।

ਭਾਰਤ ਦੀ 'ਆਯੂਸ਼ਮਾਨ ਭਾਰਤ ਯੋਜਨਾ' ਸਬੰਧੀ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਦੇ ਹਰ ਗਰੀਬ ਗੁਰਬੇ ਨੂੰ ਇਸ ਸਕੀਮ ਅਧੀਨ ਲਾਭ ਮਿਲ ਰਿਹਾ ਹੈ। ਪਰ ਸਰਕਾਰ ਅੰਕੜੇ ਕਿਉਂ ਨਹੀਂ ਜਾਰੀ ਕਰ ਸਕੀ ਕਿ ਕਿੰਨੇ ਲੋਕਾਂ ਨੇ ਇਸ ਸਕੀਮ ਅਧੀਨ ਫਾਇਦਾ ਲਿਆ? ਅਸਲ ਅਰਥਾਂ 'ਚ ਲੋਕਾਂ ਦੀਆਂ ਅੱਖਾਂ 'ਚ ਧੂੜ ਸੁੱਟਣ ਵਾਂਗਰ ਬਹੁਤੀਆਂ ਸਕੀਮਾਂ ਚਾਲੂ ਹੋ ਰਹੀਆਂ ਹਨ, ਜਿਸ ਦਾ ਫਾਇਦਾ ਜਾਂ ਤਾਂ ਸਿਆਸਤਦਾਨਾਂ ਦੇ ਗੁਰਗੇ ਚੁੱਕਦੇ ਹਨ, ਜਾਂ ਉਹ ਲੋਕ ਜਿਹੜੇ ਜਾਣ ਬੁਝਕੇ ਗਰੀਬ ਬਣੇ ਹੋਏ ਹਨ। ਇੱਕ ਰੁਪਏ ਕਿਲੋ ਕਣਕ, ਦੋ ਰੁਪਏ ਕਿਲੋ ਚਾਵਲ ਵਾਲੀ ਸਕੀਮ ਅਧੀਨ ਉਹ ਹਜ਼ਾਰਾਂ ਲੋਕ ਫਾਇਦਾ ਉਠਾ ਰਹੇ ਹਨ, ਜਿਹਨਾ ਦਾ ਇਸ ਉਤੇ ਹੱਕ ਨਹੀਂ, ਪਰ ਉਹ ਚਲਦੇ-ਪੁਰਜ਼ੇ ਬੰਦੇ ਹਨ।

ਸਾਲ 2018 'ਚ ਮੋਦੀ ਸਰਕਾਰ ਨੇ 10 ਸਕੀਮਾਂ ਲਾਗੂ ਕੀਤੀਆਂ ਹਨ। ਪਹਿਲਾਂ ਵਾਲੀਆਂ ਸਕੀਮਾਂ ਦਾ ਕੀ ਬਣਿਆ? ਕਿੰਨੇ ਸ਼ਹਿਰ ਸਮਾਰਟ ਸਿਟੀ ਬਣ ਸਕੇ? ਸਕਿੱਲ ਮਿਸ਼ਨ ਤਹਿਤ ਕਿੰਨੇ ਲੋਕਾਂ ਨੂੰ ਰੁਜ਼ਗਾਰ ਮਿਲਿਆ ਤੇ ਹੁਣ ਉਸਦੀ ਚਰਚਾ ਵੀ ਨਹੀਂ ਹੈ।

ਮੇਕ ਇਨ ਇੰਡੀਆ ਕਿਥੇ ਗਈ? ਬੇਟੀ ਬਚਾਓ ਬੇਟੀ ਪੜ੍ਹਾਓ ਸਬੰਧੀ ਤਾਂ ਦੇਸ਼ ਭਰ 'ਚ ਵੱਡੇ ਸਵਾਲ ਉਠ ਰਹੇ ਹਨ। ਸੈਂਕੜੇ ਸਕੀਮਾਂ ਹਨ ਜਿਹੜੀਆਂ ਸਰਕਾਰ ਵਲੋਂ ਚਾਲੂ ਹਨ। ਅਰਬਾਂ ਰੁਪਏ ਇਹਨਾ ਦੇ ਪ੍ਰਚਾਰ ਉਤੇ ਖ਼ਰਚੇ ਜਾ ਰਹੇ ਹਨ। ਚੋਣਾਂ 'ਚ ਇਹਨਾ ਦਾ ਫਾਇਦਾ ਲਿਆ ਜਾ ਰਿਹਾ ਹੈ ।ਪਰ ਸਵਾਲ ਪੈਦਾ ਹੁੰਦਾ ਹੈ ਸਕੀਮਾਂ ਦਾ ਫਾਇਦਾ ਕਿਸਨੂੰ ਹੋ ਰਿਹਾ ਹੈ? ਲੋਕਾਂ ਦੇ ਪੱਲੇ ਸਕੀਮਾਂ ਕੀ ਪਾ ਰਹੀਆਂ ਹਨ।






# ਪੱਤਰਕਾਰ, ਲੇਖਕ ਤੇ ਫਿਲਮ ਮੇਕਰ ਖਵਾਜਾ ਅਹਿਮਦ ਅੱਬਾਸ



ਐੱਸ ਬਲਵੰਤ
s.balwantuk@yahoo.co.uk

ਖਵਾਜਾ ਅਹਿਮਦ ਅੱਬਾਸ ਸਾਹਿਤ, ਪੱਤਰਕਾਰੀ ਤੇ ਫਿਲਮ ਜਗਤ ਵਿਚ ਇਕ ਬਹੁਤ ਵੱਡਾ ਨਾਂਅ ਹੈ। ਉਨ੍ਹਾਂ ਦੀ "ਪਰਿਵਾਰਿਕ ਟ੍ਰੀ" 'ਤੇ ਝਾਤੀ ਮਾਰੀਏ ਤਾਂ ਖਵਾਜਾ-ਪਰਿਵਾਰ ਦੇ ਵਡੇਰੇ ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਦੇ ਸਮਕਾਲੀ ਸਨ। ਖਵਾਜਾ ਅਹਮਦ ਅੱਬਾਸ ਦਾ ਜਨਮ ਮਸ਼ਹੂਰ ਸ਼ਾਇਰ ਮਿਰਜ਼ਾ ਗਾਲਿਬ ਦੇ ਵਿਦਿਆਰਥੀ ਤੇ ਉਰਦੂ ਦੇ ਮਸ਼ਹੂਰ ਸ਼ਾਇਰ ਖਵਾਜਾ ਅਲਤਾਫ ਹੁਸੈਨ ਹਾਲੀ ਦੇ ਘਰ ਪਾਨੀਪਤ ਸ਼ਹਿਰ ਵਿਖੇ 7 ਜੂਨ 1914 ਨੂੰ ਹੋਇਆ। ਅੰਗਰੇਜ਼ਾਂ ਦੇ ਖਿਲਾਫ ਹੋਈ 1857 ਦੀ ਬਗਾਵਤ ਵਿਚ ਉਨ੍ਹਾਂ ਦੇ ਦਾਦਾ ਗੁਲਾਮ ਅੱਬਾਸ ਇਕ ਮੁਖ ਬਾਗੀ ਸਨ ਤੇ ਪਾਨੀਪਤ ਸ਼ਹਿਰ ਤੋਂ ਅੰਗਰੇਜ਼ੀ ਤੋਪ ਨਾਲ ਬੰਨ੍ਹ ਕੇ ਉੜਾਏ ਜਾਣ ਵਾਲੇ ਪਹਿਲੇ ਵਿਅਕਤੀ ਸਨ। ਉਨ੍ਹਾਂ ਦੇ ਪਿਤਾ ਗੁਲਾਮ- ਉਸ-ਸਿਬਤਨ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋ ਗਰੈਜੂਏਸ਼ਨ ਕਰਨ ਮਗਰੋਂ ਉਸਤਾਦ ਵਜੋਂ ਮੁਗਲੀਆ ਸ਼ਹਿਜ਼ਾਦੇ ਤੇ ਸ਼ਹਿਰ ਦੇ ਹੋਰ ਅਮੀਰਜ਼ਾਦਿਆਂ ਨੂੰ ਪੜ੍ਹਾਉਣ ਦਾ ਕੰਮ ਕਰਦੇ ਸਨ। ਭਾਰਤੀ ਪੱਤਰਕਾਰੀ ਦੇ ਇਤਿਹਾਸ ਵਿਚ ਸਿਰਫ ਅੱਬਾਸ ਹੀ ਇਕ ਅਜਿਹਾ ਨਾਂ ਹੈ ਜਿਸ ਨੇ ਆਪਣਾ ਕਾਲਮ "ਦੀ ਲਾਸਟ ਪੇਜ" ਸਭ ਤੋਂ ਵੱਧ ਸਮੇਂ ਤਕ ਚਾਲੂ ਰਖਿਆ। "ਬੰਬੇ ਕ੍ਰੌਨੀਕਲ" ਤੋਂ ਸ਼ੁਰੂ ਹੋਇਆ ਇਹ ਕਾਲਮ ਮੁੜ ਆਰ ਕੇ ਕਰੰਜੀਆ ਦੀ ਹਫਤਾਵਰ ਅਖਬਾਰ "ਬਲਿਟਿਜ਼" ਵਿਚ ਕਰੀਬ ਅੱਧੀ ਸਦੀ ਤੀਕ ਛਪਦਾ ਰਿਹਾ ਜੋ ਲੋਕਾਂ ਵਿਚ ਬਹੁਤ ਮਕਬੂਲ ਹੋਇਆ ਅਤੇ ਹਿੰਦੁਸਤਾਨ ਦੀ ਪੱਤਰਕਾਰੀ ਵਿਚ ਇਹ ਇਕ ਇਤਿਹਾਸ ਹੈ। ਉਹ ਭਾਰਤ ਦੇ ਅਜਿਹੇ ਪੱਤਰਕਾਰ ਸਨ ਜਿਹਨਾਂ ਨੇ ਹੋਰ ਵੀ ਕਈ ਪਰਚਿਆਂ ਤੇ ਰਸਾਲਿਆਂ ਲਈ ਲਗਾਤਾਰ ਲਿਖਿਆ।

ਅੱਬਾਸ ਨੇ ਹਿੰਦੁਸਤਾਨ ਦੇ ਫਿਲਮੀ ਇਤਿਹਾਸ ਵਿਚ ਜੋ ਮੀਲ-ਪੱਥਰ ਗੱਡਿਆ ਉਹ ਕਦੇ ਨਹੀਂ ਹਿਲਾਇਆ ਜਾ ਸਕੇਗਾ। ਫਿਲਮਾਂ ਵਿਚ ਉਹ ਬੰਬੇ ਟਾਕੀਜ਼ ਰਾਹੀ ਜੁੜੇ ਜਿਸ ਦੇ ਬਾਨੀ ਉਸ ਵੇਲੇ ਹਿੰਦੀ ਫਿਲਮਾਂ ਦੇ ਮੋਢੀਆਂ ਵਿਚੋਂ ਗਿਣੇ ਜਾਂਦੇ ਹਿਮਾਂਸ਼ੂ ਤੇ ਦੇਵਰਾਣੀ ਸਨ। ਅੱਬਾਸ ਨੇ ਉਹਨਾਂ ਨੂੰ ਆਪਣੇ ਲਿਖੇ 'ਨਯਾ ਸੰਸਾਰ' ਫਿਲਮ ਦੇ ਸਕਰੀਨਪਲੇਅ ਦਿਤੇ ਤੇ ਮਗਰੋਂ ਚੇਤਨ ਅਨੰਦ ਲਈ 'ਨੀਚਾ ਨਗਰ' ਤੇ ਵੀ ਸ਼ਾਂਤਾ ਰਾਮ ਲਈ 'ਡਾਕਟਰ ਕੌਟਿਨਿਸ ਕੀ ਅਮਰ ਕਹਾਣੀ' ਵਰਗੀਆਂ ਇਤਿਹਾਸਕ ਫਿਲਮਾਂ ਬਣਾਉਣ ਲਈ ਆਪਣਾ ਕਲਮੀ ਸਹਿਯੋਗ ਦਿਤਾ। "ਧਰਤੀ ਕੇ ਲਾਲ", "ਸਾਤ ਹਿੰਦੁਸਤਾਨੀ", "ਨਯਾ ਸੰਸਾਰ", "ਜਾਗਤੇ ਰਹੋ" ਵਰਗੀਆਂ ਬੇਸ਼ੁਮਾਲ ਫਿਲਮਾਂ ਲਿਖੀਆਂ ਤੇ ਬਣਾਈਆਂ। ਜਿੱਥੇ ਉਨ੍ਹਾਂ ਰਾਜ ਕਪੂਰ ਲਈ ਇਤਿਹਾਸਿਕ ਫਿਲਮਾਂ "ਆਵਾਰਾ", "ਸ੍ਰੀ ਚਾਰ ਸੌ ਬੀਸ", "ਮੇਰਾ ਨਾਮ ਜੋਕਰ" ਲਿਖੀਆਂ ਉੱਥੇ ਹੀ ਉਨ੍ਹਾਂ "ਬੌਬੀ" ਤੇ "ਹਿਨਾ" ਵਰਗੀਆਂ ਜ਼ਿੰਦਗੀ ਦੀਆਂ ਤਲਖੀਆਂ ਤੇ ਠਾਠਾਂ ਮਾਰਦੀ ਜੁਆਨੀ ਬਾਰੇ ਵੀ ਫਿਲਮਾਂ ਲਿਖੀਆਂ। ਜਦੋਂ ਉਨ੍ਹਾਂ ਖੁਦ "ਸਾਤ ਹਿੰਦੁਸਤਾਨੀ" ਬਣਾਈ ਤਾਂ ਉਸ ਵੇਲੇ ਦੇ "ਲੰਬੂ" ਵਲੋਂ ਜਾਣੇ ਜਾਂਦੇ ਤੇ ਇਸੇ ਲੰਬਾਈ ਕਾਰਣ ਫਿਲਮ-ਨਗਰੀ 'ਚੋ ਰੀਜੈਕਟ ਹੋਏ, ਅੱਜ ਦੇ ਸੁਪਰ-ਸਟਾਰ ਅਮਿਤਾਭ ਬੱਚਨ ਨੂੰ ਇਕ ਕਲਾਕਾਰ ਵਜੋਂ ਵੀ ਅੱਬਾਸ ਨੇ ਹੀ ਫਿਲਮੀ ਸ਼ੁਰੂਆਤ ਕਰਾਈ । ਅੱਬਾਸ ਦੇ ਅੱਜ ਦੇ ਵਾਰਸਾਂ 'ਚੋਂ ਉਨ੍ਹਾਂ ਦੀ ਭਤੀਜੀ ਨੀਲਿਮਾ ਅਜ਼ੀਮ ਜੋ ਕਿ ਫਿਲਮ ਅਤੇ ਟੈਲੀਵੀਜ਼ਨ ਐਕਟਰੈੱਸ ਹਨ, ਅਤੇ ਉਸ ਤੇ ਪੰਕਜ ਕਪੂਰ ਤੋਂ ਜਨਮਿਆਂ ਬੇਟਾ ਮਸ਼ਹੂਰ ਕਲਾਕਾਰ ਸ਼ਾਹਿਦ ਕਪੂਰ ਹਨ।

ਜਵਾਨੀ ਵਿਚ ਦਾਖਲ ਹੁੰਦਿਆ ਹੀ ਖਵਾਜਾ ਅਹਿਮਦ ਅਬਾਸ ਬੰਬਈ ਚਲੇ ਗਏ ਤੇ ਹਿੰਦੀ ਫਿਲਮ ਜਗਤ ਵਿਚ ਆਪਣੀ ਹੋਂਦ ਬਣਾਉਣ ਦੇ ਨਾਲ ਨਾਲ 78 ਕਿਤਾਬਾਂ ਲਿਖੀਆਂ ਤੇ ਉਨ੍ਹਾਂ ਵਿਚੋਂ ਦੋ "ਦੀ ਵਰਲਡ ਇਜ਼ ਮਾਈ ਵਿਲੇਜ" ਅਤੇ "ਬੰਬੇ ਮਾਈ ਬੰਬੇ" ਦੀ ਪ੍ਰਕਾਸ਼ਨਾਂ ਦਾ ਮਾਣ ਮੈਨੂੰ ਨਸੀਬ ਹੋਇਆ। ਜਦੋਂ "ਵਰਲਡ ਇਜ਼ ਮਾਈ ਵਿਲੇਜ" ਪ੍ਰਕਾਸ਼ਿਤ ਹੋਈ ਤਾਂ ਮੈਨੂੰ ਕਈ ਫੋਨ ਆਏ ਕਿ ਇਹ ਵੀ ਕੀ ਨਾਂਅ ਹੈ? ਤੇ ਜਦ ਇਸੇ ਕਿਤਾਬ ਦਾ ਰਿਵੀਊ ਭਾਰਤ ਦੀ ਮਸ਼ਹੂਰ ਅਖਬਾਰ "ਦੀ ਹਿੰਦੁਸਤਾਨ ਟਾਈਮਜ਼" ਵਿਚ ਪ੍ਰਕਾਸ਼ਿਤ ਹੋਇਆ ਤਾਂ ਸਟਰਲਿੰਗ ਪਬਰਲਿਸ਼ਰ ਦੇ ਮਾਲਿਕ ਓਮ ਪ੍ਰਕਾਸ਼ ਘਈ ਨੇ ਖਾਸ ਵਧਾਈਆਂ ਦਿਤੀਆਂ, ਕਿਉਂਕਿ ਉਸ ਵੇਲੇ ਤਕ ਮੇਰੇ ਦਾਇਰੇ ਦੀ ਪ੍ਰਕਾਸ਼ਾਨ ਦੀ ਦੁਨੀਆਂ ਵਿਚ ਉਹ ਹੀ ਅਗਾਂਹਵਧੂ ਨਜ਼ਰੀਏ ਵਾਲੇ ਵਿਅਕਤੀ ਸਨ। ਅੱਬਾਸ ਦੇ ੩੯ ਸਾਲ ਪਹਿਲਾਂ ਕੀਤੀ ਭਵਿਖਬਾਣੀ ਅਨੁਸਾਰ ਅਸੀਂ ਦੇਖ ਰਹੇ ਹਾਂ ਕਿ ਸਚਮੁੱਚ ਹੀ ਸਾਰਾ ਸੰਸਾਰ ਇਕ ਪਿੰਡ ਬਣ ਚੁੱਕਾ ।

ਮੇਰੀ ਉਹਨਾਂ ਨਾਲ ਜ਼ਾਤੀ ਤੇ ਸਾਹਿਤਕ ਸਾਂਝ ਉਹਨਾਂ ਦੀ ਪਹਿਲੀ ਪੁਸਤਕ ਦੇ ਪ੍ਰਕਾਸ਼ਨ ਦੇ ਸਿਲਸਿਲੇ ਤੋਂ ਸ਼ੁਰੂ ਹੋਈ ਤੇ ੧੯੮੭ ਤੀਕ ਉਹਨਾਂ ਦੇ ਅੰਤਲੇ ਦਿਨਾਂ ਤੀਕ ਰਹੀ । "ਦੀ ਵਰਲਡ ਇਜ ਮਾਈ ਵਿਲੇਜ" ਕਿਤਾਬ ਉਹਨਾਂ ਦੀ ਕਿਤਾਬ "ਇਨਕਲਾਬ" ਦੀ ਅਗਲੀ ਕੜੀ ਸੀ. ਪਰ ਇਸੇ ਲੜੀ ਦੀ ਤੀਸਰੀ ਤੇ ਆਖਰੀ ਕਿਤਾਬ ਉਹ ਪੂਰੀ ਨਾ ਕਰ ਸਕੇ ਤੇ ਸੰਸਾਰ ਤੋਂ ਵਿਦਾ ਲੈ ਗਏ। ਉਹਨਾਂ ਦੀ ਦੂਸਰੀ ਪੁਸਤਕ ਜੋ ਮੈਂ ਪ੍ਰਕਾਸ਼ਿਤ ਕੀਤੀ ਉਹ ਸੀ "ਬੰਬੇ, ਮਾਈ ਬੰਬੇ". ਇਸ ਪੁਸਤਕ ਵਿਚ ਉਹਨਾਂ ਬੰਬਈ ਦਾ ਜ਼ਿਕਰ ਬਹੁਤ ਖੂਬਸੂਰਤੀ ਨਾਲ ਕੀਤਾ ਤੇ ਕਾਫੀ ਸਾਰਾ ਹਿੱਸਾ ਉਨ੍ਹਾਂ ਅਜ ਦੇ ਮਸ਼ਹੂਰ ਸਟਾਰ ਅਮਿਤਾਬ ਬੱਚਨ ਦੇ ਹਵਾਲੇ ਕੀਤਾ। ਉਹਨਾਂ ਨੇ ਇਸ ਕਿਤਾਬ ਵਿਚ ਆਪਣੇ ਜ਼ਾਤੀ ਤੇ ਪ੍ਰੋਫੈ-ਸ਼ਨਲ ਰਿਸ਼ਤਿਆਂ ਨੂੰ ਲੈ ਕੇ ਅਮਿਤਾਬ ਬੱਚਨ ਦੀ ਬਹੁਤ ਸਲਾਹੀਅਤ ਕੀਤੀ।



ਅੱਬਾਸ ਜਦੋਂ ਵੀ ਦਿੱਲੀ ਆਉਂਦੇ ਤਾਂ ਸਾਡੀਆਂ ਮਹਿਫਲਾਂ ਲਗਦੀਆਂ ਤੇ ਜਦੋਂ ਮੈਂ ਬੰਬਈ ਜਾਂਦਾ ਤਾਂ ਉਹਨਾਂ ਦੇ ਜੂਹੂ ਰੋਡ ਤੇ ਸਥਿਤ ਘਰ 'ਫਿਲੋਮਨਾ' ਦਾ ਨਿੱਘ ਮੇਰੇ ਅੰਦਰ ਭਰ ਜਾਂਦਾ। ਬੜੀ ਵੇਰੀ ਕਈ ਘਟਨਾਵਾਂ ਹੋਈਆਂ ਪਰ ਬਹੁਤੀਆਂ ਦਾ ਜ਼ਿਕਰ ਇੱਥੇ ਸ਼ਾਇਦ ਨਾ ਕਰ ਸਕਾਂ। ਉਰਦੂ ਦੇ ਅਦੀਬ ਅਨਵਰ ਅਜੀਮ ਤੇ ਅੰਗ੍ਰੇਜ਼ੀ ਦੇ ਲੇਖਕ-ਪੱਤਰਕਾਰ ਦੋਸਤ ਸੁਰੇਸ਼ ਕੋਹਲੀ ਵੀ ਅਕਸਰ ਦਿੱਲੀ ਦੀਆਂ ਮਹਿਫਲਾਂ ਵਿਚ ਨਾਲ ਹੀ ਹੁੰਦੇ। ਇਕ ਵਾਰੀ ਅੱਬਾਸ ਦਿੱਲੀ ਆਏ। ਉਹਨਾਂ ਦੇ ਪੁੱਜਣ ਤੇ ਸਾਡਾ ਅਗਲੇ ਦਿਨ ਮਿਲਣਾ ਤੈਅ ਹੋਇਆ। ਉਹ ਜਨਪੱਥ ਹੋਟਲ ਵਿਚ ਠਹਿਰੇ ਤੇ "ਸੋਵੀਅਤ ਲੈਂਡ ਨਹਿਰੂ ਅਵਾਰਡ ਕਮੇਟੀ" ਦੇ ਮੈਂਬਰ ਸਨ। ਦੂਸਰੇ ਦਿਨ ਮੈਂ ਅੱਬਾਸ ਸਾਹਿਬ ਨੂੰ ਮਿਲਣ ਜਾਣ ਲੱਗਾ ਹੀ ਸਾਂ ਕਿ ਮੇਰਾ ਜਲੰਧਰ ਦਾ ਦੋਸਤ, ਸਤਿਆ ਪਾਲ ਗੌਤਮ, ਜੋ ਉਦੋਂ ਪੰਜਾਬ ਯੂਨੀਵਰਸਿਟੀ ਵਿਚ ਫਿਲਾਸਫੀ ਪੜ੍ਹਾਉਂਦਾ ਸੀ, ਮੇਰੇ ਘਰ ਆਣ ਪਹੁੰਚਾ. ਉਸ ਦੇ ਆਉਣ ਵੇਲੇ ਮੇਰਾ ਇਕ ਹੋਰ ਖਾਸ ਦੋਸਤ ਅਮਰੀਕ ਗਿੱਲ ਮੇਰੇ ਘਰੋਂ ਨਿਕਲ ਰਿਹਾ ਸੀ। ਮੇਰਾ ਮੈਂ ਦੋਸਤੀ ਦੀ ਗੜਗੱਚਤਾ 'ਚ ਇੰਨਾ ਕੁ ਬਦਨਾਮ ਸਾਂ ਕਿ ਮੇਰਾ ਬੇਟਾ ਅਮਿਤ ਸਕੂਲ ਜਾਂਦੇ-ਜਾਂਦੇ ਤਾਅਨਾ ਕੱਸ ਗਿਆ, "ਪਾਪਾ ! ਆਪ ਕੇ ਏਕ ਦੋਸਤ ਗਏ ਔਰ ਦੂਸਰੇ ਆ ਗਏ!"


ਗੌਤਮ ਤੇ ਮੇਰੀ ਰੂਹੀ ਦੋਸਤੀ ਸੀ ਤੇ ਫਿਰ ਸ਼ਾਕਸਾਤ ਜਲੰਧਰ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਹੁੰਦੀ ਦਿੱਲੀ ਵੀ ਪੁੱਜ ਗਈ ਜਦੋਂ ਉਹਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਖੇ ਫਿਲਾਸਫੀ ਵਿਭਾਗ ਸਥਾਪਤ ਕਰਨ ਲਈ ਯੂਨੀਵਰਸਿਟੀ ਵਲੋਂ ਬੁਲਾਇਆ ਗਿਆ। ਹੁਣ ਤੀਕ ਉਹ ਵਿਦਵਤਾ ਦੇ ਖੇਤਰ ਵਿਚ ਇਕ ਸੰਸਾਰ ਪੱਧਰ ਦਾ ਵਿਦਵਾਨ ਗਿਣਿਆ ਜਾਂਦਾ ਤੇ ਬਰੇਲੀ ਯੂਨੀਵਣਰਸਿਟੀ ਵਿਖੇ ਵਾਈਸ ਚਾਂਸਲਰੀ ਵੀ ਕਰ ਚੁੱਕਾ ਹੈ। ਤੇ ਇਹੀ ਦੋਸਤੀ ਇਹ ਲਾਈਨਾਂ ਲਿਖਣ ਤਕ ਉਸੇ ਗਰਮਾਇਸ਼ ਨਾਲ ਨਿੱਘੀ ਹੈ। ਉਦੋਂ ਗੌਤਮ ਦਿੱਲੀ ਵਿਚ ਮੇਰੇ ਘਰ ਹੀ ਠਹਿਰਿਆ ਕਰਦਾ ਸੀ। ਸੋ ਅਸੀਂ ਦੋਨੋ ਇਕੱਠੇ ਜਨਪੱਥ ਤਾਂ ਚਲੇ ਗਏ ਪਰ ਅੱਬਾਸ ਮੇਰੇ ਬਜ਼ੁਰਗ ਦੋਸਤ ਸਨ ਤੇ ਮੈਂ ਤੇ ਗੌਤਮ ਮਲੰਗੀ ਦੇ ਦਿਨਾਂ ਤੋਂ ਹਰ ਦੁੱਖ ਸੁੱਖ ਦੇ। ਜਾਂਦਿਆਂ ਜਾਂਦਿਆਂ ਰਾਹ 'ਚ ਮੈਂ ਗੌਤਮ ਨੂੰ ਇਸ ਗੱਲ 'ਤੇ ਰਾਜ਼ੀ ਕਰ ਲਿਆ ਕਿ ਅੱਬਾਸ ਕੋਲ ਕਮਰੇ ਅੰਦਰ ਮੈਂ ਇਕੱਲਾ ਹੀ ਜਾਵਾਂਗਾ ਤਾਂ ਜੋ ਛੇਤੀ ਦੇਣੀ ਉਨ੍ਹਾਂ ਨੂੰ ਮਿਲ ਕੇ ਮੁੜ ਸਕਾਂ। ਗੌਤਮ ਹੋਟਲ ਦੀ ਲਾਬੀ ਵਿਚ ਮੇਰੀ ਉਡੀਕ ਕਰ ਲਵੇ। ਉਸ ਤੋਂ ਬਾਅਦ ਅਸੀਂ ਇਕੱਠੇ ਦਿੱਲੀ ਦੀਆਂ ਸੜਕਾਂ ਨਾਪਾਂਗੇ ਤੇ ਦਿੱਲੀ ਦੀ ਆਧੁਨਿਕ ਦਿਖ ਤੋਂ ਜਾਣੂ ਹੋਵਾਂਗੇ।ਨਵੇਂ ਫੈਸ਼ਨ, ਨਵੇਂ ਹੁਸਨ ਨੂੰ ਦੇਖਾਂਗੇ। ਗੌਤਮ ਮੰਨ ਗਿਆ ਤੇ ਮੈਂ ਅੱਬਾਸ ਕੋਲ ਉਨ੍ਹਾਂ ਦੇ ਕਮਰੇ ਵਿਚ ਚਲੇ ਗਿਆ। ਉਹਨਾਂ ਹਾਲੇ ਪਹਿਲਾ ਪੈੱਗ ਪਾਇਆ ਸੀ ਤੇ ਮੈਨੂੰ ਕਹਿੰਦੇ ਕਿ ਇਕ ਤੈਨੂੰ ਵੀ ਲੈਣਾ ਪਵੇਗਾ, ਕਿਉਂਕਿ ਇਸ ਵੇਲੇ ਚਾਹ ਨਹੀਂ ਪੀਵੀਦੀ। ਉਹਨਾਂ ਨੇ ਮੈਨੂੰ ਪੈੱਗ ਪਾ ਦਿਤਾ ਤੇ ਗੱਲਾਂ ਗੱਲਾਂ ਵਿਚ ਹੋਰ ਦੇਰ ਲੱਗ ਗਈ। ਗੌਤਮ ਬਾਹਰ ਬੈਠਾ ਬੇਸਬਰੀ ਨਾਲ ਉਡੀਕ ਕਰਦਾ ਰਿਹਾ। ਉਹਨਾਂ ਦਿਨਾਂ ਵਿਚ ਗੌਤਮ ਨੇ ਮੁੱਲਾਵਾਂ ਵਾਂਗ ਲੰਬੀ ਦਾਹੜੀ ਰੱਖੀ ਹੋਈ ਸੀ ਤੇ ਮੁੱਛਾਂ ਸਫਾ ਚੱਟ ਸਨ। ਖੁਦ ਬ੍ਰਾਹਮਣ ਤੇ ਦੇਖਣ ਨੂੰ ਉਹ ਮੌਲਵੀ ਲਗਦਾ ਸੀ। ਉਸ ਦਾ ਬਾਹਰ ਬੈਠੇ ਸਬਰ ਟੁੱਟ ਗਿਆ ਤੇ ਉਹ ਕਮਰੇ ਅੰਦਰ ਹੀ ਆ ਗਿਆ। ਕਹਿੰਦਾ ਇਸ ਤੋਂ ਵੱਧ ਉਡੀਕ ਨਹੀਂ ਸੀ ਹੋ ਸਕਦੀ। ਜਦੋਂ ਉਹ ਕਮਰੇ ਅੰਦਰ ਦਾਖਲ ਹੋਇਆ ਤਾਂ ਮੈਂ ਅੱਬਾਸ ਨੂੰ ਦੱਸਿਆ ਕਿ ਉਹ ਮੇਰਾ ਦੋਸਤ ਹੈ ਤੇ ਅਸੀਂ ਕਿਧਰੇ ਜਾਣ ਕਰਕੇ ਮੈਂ ਇਸ ਨੂੰ ਬਾਹਰ ਲਾਬੀ ਵਿਚ ਉਡੀਕ ਕਰਨ ਦੀ ਬੇਨਤੀ ਕੀਤੀ ਸੀ। ਅੱਬਾਸ ਨੇ ਉਸ ਨੂੰ ਕੋਈ ਮੌਲਵੀ ਸਮਝਦਿਆਂ ਆਪਣਾ ਪੈੱਗ ਇਵੇਂ ਲੁਕੋਇਆ ਕਿ ਉਹ ਸ਼ਬਦਾਂ ਵਿਚ ਬਿਆਨ ਨਹੀਂ ਹੋ ਸਕਦਾ। ਪਰ ਜਦ ਮੈਂ ਦੱਸਿਆ ਕਿ ਗੋਤਮ ਮੇਰਾ ਅਜ਼ੀਜ਼ ਦੋਸਤ ਹੈ ਤੇ ਅਸੀਂ ਇਕੋ ਸ਼ਹਿਰ ਦੇ ਰਹਿਣ ਵਾਲੇ ਹਾਂ ਤੇ ਜ਼ਾਤ ਦਾ ਉਹ ਬ੍ਰਾਹਮਣ ਹੈ ਪਰ ਮੰਨਦਾ ਕਿਸੇ ਧਰਮ ਨੂੰ ਨਹੀਂ ਤਾਂ ਕਿਤੇ ਉਹਨਾਂ ਮਸੀਂ ਡਰੈਸਿੰਗ ਟੇਬਲ ਪਿੱਛੇ ਅੜਾਇਆ ਹੋਇਆ ਗਲਾਸ ਕੱਢਿਆ ਤੇ ਅਸੀਂ ਸਭ ਨੇ ਖੂਬ ਠਹਾਕੇ ਮਾਰਦਿਆਂ ਰਲ਼ ਕੇ ਚੀਅਰਜ਼ ਕੀਤਾ। ਇਸ ਤਰ੍ਹਾਂ ਇਕ ਹੋਰ ਘਟਨਾ ਹੋਈ। ਅੱਬਾਸ ਨੇ ਇਕ ਕਹਾਣੀ "ਸਰਦਾਰ" ਲਿਖੀ। ਉਹ ਵੈਸੇ ਵੀ ਸੱਚ 'ਤੇ ਅਧਾਰਤ ਸੀ ਕਿ ਕਿਵੇਂ 1947 'ਚ ਭਾਰਤ ਦੀ ਵੰਡ ਸਮੇਂ ਇਕ ਸਿੱਖ ਨੇ ਮੁਸਲਮਾਨ ਪਰਿਵਾਰ ਦੀਆਂ ਜਾਨਾਂ ਬਚਾਉਣ ਲਈ ਆਪਣੀ ਜਾਨ ਵਾਰਨ ਦੀ ਠਾਣ ਲਈ ਸੀ। ਉਸ ਕਹਾਣੀ ਦੀ ਬਹੁਤ ਚਰਚਾ ਹੋਈ ਤੇ ਇਸ ਬਾਰੇ ਭਾਰਤ ਤੇ ਵਿਦੇਸ਼ਾਂ ਵਿਚ ਖ਼ਬਰ ਫੈਲ ਗਈ ਕਿ ਅੱਬਾਸ ਸਾਹਿਬ ਨੇ ਕਿਵੇਂ ਸਿੱਖ ਦੇ ਬਾਰਾਂ ਵਜਦੇ ਹਨ ਦਾ ਮਜ਼ਾਕ ਉਡ-ਾਇਆ। ਅੰਮ੍ਰਿਤਸਰੋਂ ਮਤੇ ਪਾਸ ਹੋ ਗਏ। ਸਾਰਾ ਸਿੱਖ ਭਾਈਚਾਰਾ ਅੱਬਾਸ ਦੇ ਖਿਲਾਫ ਹੋ ਉਠਿਆ। ਉਹ ਦਸਦੇ ਸਨ ਕਿ ਕਿਵੇਂ ਉਹ ਜਦ ਭਾਰਤੀ ਫੌਜਾਂ ਦੇ ਮੌਰੇਲ ਤੇ ਉਤਸ਼ਾਹ ਨੂੰ ਕਾਇਮ ਰੱਖਣ ਲਈ ਫਿਲਮੀ ਟੀਮ ਨਾਲ ਸਰਹੱਦ 'ਤੇ ਗਏ ਤਾਂ ਉਥੋਂ ਦੀ ਸਿੱਖ ਪਲਟਨ ਨੇ ਉਹਨਾਂ ਦਾ ਬਾਈਕਾਟ ਕਰ ਦਿਤਾ। ਕਹਿ-ੰਦੇ, "ਇਹ ਸਿੱਖਾਂ ਦਾ ਦੁਸ਼ਮਣ ਹੈ, ਸਾਡਾ ਮਜ਼ਾਕ ਉਡਾਇਆ ਹੈ ਇਸਨੇ।" ਇਸ ਤੇ ਅੱਬਾਸ ਨੇ ਉਸ ਪਲਟਨ ਦੇ ਅਫਸਰਾਂ ਨੂੰ ਬਥੇਰਾ ਕਿਹਾ ਕਿ ਇਸ ਵਿਚ ਤਾਂ ਉਹਨਾਂ ਇਕ ਸਿੱਖ ਨੂੰ ਹੀਰੋ ਬਣਾਇਆ ਹੈ, ਬੇਇੱਜ਼ਤੀ ਕਿਵੇਂ ਹੋਈ? ਇਸ ਵਿਚ ਤਾਂ ਇਕ ਸਿੱਖ ਮੁਸਲਮਾਨ ਪਰਿਵਾਰ ਦੀ ਰੱਖਿਆ ਲਈ ਆਪਣੀ ਜਾਨ ਤੀਕ ਵਾਰਨ ਨੂੰ ਤਿਆਰ ਹੈ। ਅੱਬਾਸ ਨੇ ਕਿਹਾ ਕਿ ਉਹ ਕਹਾਣੀ ਸੁਣ ਲੈਣ, ਜੇ ਫੇਰ ਵੀ ਤਸੱਲੀ ਨਾ ਹੋਵੇ ਤਾਂ ਉਹ ਬਾਈਕਾਟ ਜਾਰੀ ਰੱਖਣ। ਉਸ ਪਲਟਣ ਦਾ ਅਫਸਰ ਇਸ ਗੱਲ ਲਈ ਮੰਨ ਗਿਆ ਤੇ ਪੂਰੀ ਕਹਾਣੀ ਸੁਣਨ ਉਪਰੰਤ ਉਸ ਅੱਬਾਸ ਨੂੰ ਦੱਸਿਆ ਕਿ ਉਸ ਦੇ ਫੌਜੀ ਤਾਂ ਅੰਮ੍ਰਿਤਸਰੋਂ ਪਾਸ ਹੋਏ ਮਤੇ ਕਾਰਨ ਹੀ ਭੜਕੇ ਸਨ। ਉਸ ਆਪਣੀ ਪਲਟਣ ਨੂੰ ਆਪਣੀ ਰਾਇ ਦਿੱਤੀ ਤਾਂ ਉਹਨਾਂ ਸਿਪਾਹੀਆਂ ਨੇ ਅੱਬਾਸ ਨੂੰ ਜੱਫੀ ਪਾ ਲਈ। ਉਹਨਾਂ ਅੱਬਾਸ ਨੂੰ ਜੱਫੀ ਵਿਚ ਘੁੱਟ ਲਿਆ ਤੇ ਪਲਟਨ 'ਚੋਂ ਇਕ ਸਿਪਾਹੀ ਵਲੋਂ ਮੁਆਫੀ ਮੰਗਦਿਆਂ ਅੱਬਾਸ ਨੂੰ ਕਿਹਾ, "ਅੱਬ ਤੋ ਰੰਮ ਕਾ ਏਕ ਪੱਗ ਉਨ ਕੇ ਸਾਥ ਪੀਨਾ ਪੜੇਗਾ।" ਇਸੇ ਕਹਾਣੀ ਨੇ ਅੱਬਾਸ ਨੂੰ ਬਹੁਤ ਖੱਜਲ ਕੀਤਾ। ਝਾਂਸੀ ਦੇ ਇਕ ਸਰਦਾਰ ਨੇ ਅੱਬਾਸ 'ਤੇ ਮੁਕੱਦਮਾ ਕਰ ਦਿਤਾ। ਉਹ ਝਾਂਸੀ ਦੀ ਕਚਹਿਰੀ ਵਿਚ ਤਾਰੀਖ ਭੁਗਤਣ ਗਏ ਤਾਂ ਦੇਖਿਆ ਕਿ ਮੁਕੱਦਮਾ ਕਰਨ ਵਾਲਾ ਸਰਦਾਰ ਬਹੁਤ ਹੀ ਸੁਹਣੀ ਦਿੱਖ ਵਾਲਾ ਸ਼ੁੱਧ ਕਿਸਮ ਦਾ ਇਨਸਾਨ ਲਗਦਾ ਸੀ। ਉਹਦੇ ਚਿੱਟੇ ਵਾਲ, ਚਿੱਟੀ ਪੱਗ, ਚਿੱਟੀ ਪੁਸ਼ਾਕ ਇਸ ਗੱਲ ਦੀ ਗਵਾਹੀ ਸਨ। ਉਹ ਕਚਿਹਰੀ ਵਿਚ ਜੱਜ ਵਲੋਂ ਉਸ ਨੂੰ ਆਵਾਜ਼ ਪੈਣ ਦੀ ਉਡੀਕ ਕਰ ਰਿਹਾ ਸੀ।ਅੱਬਾਸ ਨੇ ਉਸ ਕੋਲ ਜਾ ਕੇ ਉਸ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਮੁਕੱਦਮਾ ਉਸੇ ਨੇ ਕੀਤਾ ਹੈ। ਪਰ ਜਦ ਅੱਬਾਸ ਨੇ ਉਸ ਨੂੰ ਪੁਛਿਆ ਕਿ ਕੀ ਉਸ ਨੇ ਖੁਦ ਉਹ ਕਹਾਣੀ ਪੜ੍ਹੀ ਹੈ? ਤਾਂ ਸਰਦਾਰ ਦੇ ਨਾਂਹ ਕਰਨ ਤੇ ਅੱਬਾਸ ਨੇ ਬੇਨਤੀ ਕੀਤੀ ਕਿ ਉਹ ਕਿਤੇ ਚਾਹ ਦੀ ਦੁਕਾਨ 'ਤੇ ਬੈਠ ਕੇ ਪਹਿਲਾਂ ਉਸ ਦੀ ਉਹ ਕਹਾਣੀ ਸੁਣ ਲਵੇ, ਜਿਸ ਕਰਕੇ ਉਸ ਨੇ ਲੇਖਕ ਉਪਰ ਮੁਕੱਦਮਾ ਕੀਤਾ ਹੋਇਆ। ਪਰ ਉਸ ਨੇ ਜ਼ਿੱਦ ਕੀਤੀ ਕਿ "ਅੰਮ੍ਰਿਤਸਰੋਂ ਮਤਾ ਪਾਸ ਹੋਇਆ ਤਾਂ ਇਸ ਵਿਚ ਸੁਣਨ ਦੀ ਗੱਲ ਹੀ ਕੀ ਹੈ?" ਪਰ ਕਾਫੀ ਜ਼ਿੱਦ ਕਰਨ ਬਾਦ ਅਖੀਰ ਉਹ ਬਜੁਰਗ ਮੰਨ ਗਏ ਤੇ ਇਕ ਰੈਸਟੋਰੈਂਟ ਵਿਚ ਬਹਿ ਕੇ ਪੂਰੀ ਕਹਾਣੀ ਸੁਣੀ। ਉਸ ਬਜੁਰਗ ਨੇ ਅੱਬਾਸ ਨੂੰ ਜੱਫੀ ਪਾਈ ਤੇ ਕਹਿੰਦਾ, "ਤੁਸੀਂ ਇਥੇ ਹੀ ਬੈਠੋ...ਮੈਂ ਕਚਿਹਰੀ ਜਾ ਕੇ ਮੁਕੱਦਮਾ ਵਾਪਸ ਲੈਣ ਦੀ ਅਰਜ਼ੀ ਦੇ ਕੇ ਆਉਂਦਾ ਹਾਂ।" ਇਸ ਤਰਾਂ ਦੀਆਂ ਹੋਰ ਵੀ ਕਹਾਣੀਆਂ ਉਹ ਸੁਣਾਉਂਦੇ।

ਜਦੋਂ ਕਿਤੇ ਮਹਿਫਲ ਲਗਣੀ ਤਾਂ ਉਹਨਾਂ ਕੋਲ ਖਜ਼ਾਨੇ ਦਾ ਪਟਾਰਾ ਖੋਹਲਣ ਦੀ ਫਰਮਾਇਸ਼ ਹਰੇਕ ਵਲੋਂ ਹੁੰਦੀ। ਉਹ ਰਾਜ ਕਪੂਰ ਬਾਰੇ ਗੱਲਾਂ ਕਰਦੇ।ਆਪਣੇ ਹੋਰ ਸਹਿਯੋਗੀਆਂ ਤੇ ਕਲਾਕਾਰਾਂ ਬਾਰੇ ਗੱਲਾਂ ਕਰਦੇ। ਅਮਿਤਾਭ ਬੱਚਨ ਦੀ ਤਾਰੀਫਾਂ ਦੇ ਪੁੱਲ ਬੰਨਦੇ। ਉਹ ਕਹਿੰਦੇ, ਅਮਿਤਾਭ ਬੱਚਨ ਜਿੰਨਾ ਡਸਿ-ਪਲਨ ਦਾ ਪੱਕਾ ਬੰਦਾ ਉਹਨਾਂ ਹਾਲੇ ਤੀਕ ਫਿਲਮ ਇੰਡਸਟਰੀ ਵਿਚ ਨਹੀਂ ਦੇਖਿਆ। ਉਹ ਦਸਦੇ ਕਿ ਜਦ ਅਮਿਤਾਭ ਦੀ ਪਹਿਲੀ ਫਿਲਮ ਸ਼ੁਟ ਕਰ ਰਹੇ ਸਨ ਤਾਂ ਅਮਿਤਾਭ ਇਕ ਲੋਹੇ ਦਾ ਆਪਣਾ ਟਰੰਕ ਲੈ ਕੇ ਆਉਂਦਾ ਸੀ ਜਿਸ ਵਿਚ ਉਹਦੇ ਆਪਣੇ ਕਪੜੇ ਤੇ ਬਿਸਤਰਾ ਹੁੰਦਾ। ਉਹ ਆਪਣਾ ਬਿਸਤਰਾ ਜ਼ਮੀਨ 'ਤੇ ਖੁਦ ਵਿਛਾਉਂਦਾ ਤੇ ਠੀਕ ਸਮੇਂ ਸਿਰ ਸੌਂ ਜਾਂਦਾ ਤੇ ਸਵੇਰੇ ਠੀਕ ਸਮੇਂ ਸਿਰ ਉਠ, ਨਹਾ, ਧੋ ਕੇ ਨਿਸਚਿਤ ਸਮੇਂ ਸ਼ੂਟਿੰਗ 'ਤੇ ਪਹੁੰਚ ਜਾਂਦਾ। ਉਹਦੇ ਡਸਿਪਲਨ ਬਾਰੇ ਬੰਬਈ ਫਿਲਮੀ ਨਗਰੀ ਵਿਚ ਮਗਰੋਂ ਮਸ਼ਹੂਰ ਸੀ ਕਿ ਜੇ ਅਮਿਤਾਭ ਦੀ ਕਾਰ ਕਿਸੇ ਸਟੂਡਿਓ ਵਿਚ ਜਾ ਰਹੀ ਹੈ ਤਾਂ ਸਮਝੋ ਸਵੇਰ ਦੇ ਨੌਂ ਵੱਜੇ ਹਨ ਤੇ ਜੇ ਸ਼ਾਮ ਵੇਲੇ ਬਾਹਰ ਆ ਰਹੀ ਹੈ ਤਾਂ ਸਮਝੋ ਕਿ ਸ਼ਾਮ ਦੇ ਸੱਤ ਵੱਜੇ ਹਨ। ਘੜੀ ਦੇਖਣ ਦੀ ਲੋੜ ਨਹੀਂ।ਅੱਬਾਸ ਦਸਦੇ ਸਨ ਕਿ ਅਮਿਤਾਭ ਦੀ ਪਹਿਲੀ ਫਿਲਮ "ਸਾਤ ਹਿੰ-ਦੁਸਤਾਨੀ" ਵਿਚ ਉਹਨਾਂ ਦੇ ਕਿਰਦਾਰ ਨੂੰ ਇਕ ਉੱਚੀ ਇਮਾਰਤ ਤੋਂ ਕਿਲ੍ਹੇ ਵਿਚੋਂ ਰੱਸੇ ਰਾਹੀ ਸਮੁੰਦਰ ਵੱਲ ਲਟਕਣਾ ਸੀ। ਅੱਬਾਸ ਨੇ ਡੁਪਲੀਕੇਟ ਦਾ ਪ੍ਰਬੰਧ ਵੀ ਕਰ ਲਿਆ ਪਰ ਅਮਿਤਾਭ ਨਹੀਂ ਮੰਨੇ। ਕਹਿੰਦੇ ਕਿ ਉਹ ਇਸ ਸੀਨ ਨੂੰ ਖੁਦ ਕਰਨਗੇ ਤੇ ਜਦ ਉਹ ਸੀਨ ਹੋ ਰਿਹਾ ਸੀ ਤਾਂ ਸਾਰੀ ਟੀਮ ਫਿਕਰਮੰਦ ਸੀ, ਪਰ ਅਮਿਤਾਭ ਦੇ ਚਿਹਰੇ 'ਤੇ ਕਾਨਫੀਡੈਂਸ ਸੀ। ਉਹ ਸੀਨ ਪੂਰਾ ਹੋ ਗਿਆ ਤਾਂ ਅੱਬਾਸ ਨੇ ਉਸ ਨੂੰ ਥਾਪੀ ਦੇ ਕੇ ਸ਼ਾਬਾਸ਼ੀ ਦਿਤੀ। ਰਾਜਕਪੂਰ ਬਾਰੇ ਉਹ ਦੱਸਦੇ ਸਨ ਕਿ ਉਹ ਅਖੀਰਲੇ ਦਿਨਾਂ ਵਿਚ ਸ਼ਰਾਬ ਬਹੁਤ ਪੀਣ ਲਗ ਪਿਆ ਸੀ, ਜਿਵੇਂ ਉਸ ਦਾ ਦਿਲ ਹੀ ਟੁੱਟ ਗਿਆ ਹੋਵੇ। "ਮੇਰਾ ਨਾਮ ਜੋਕਰ" ਬਣਾ ਕੇ ਕਹਿੰਦਾ ਕਿ ਭਾਰਤੀਆਂ ਨੂੰ ਫਿਲਮ ਦੇਖਣੀ ਹੀ ਨਹੀਂ ਆਉਂਦੀ। ਮਸਾਲੇਦਾਰ ਤੇ ਤੜਕ-ਭੜਕ ਵਧੇਰੇ ਪਸੰਦ ਕਰਦੇ ਹਨ ਤੇ ਅਸਲੀਅਤ ਤੋਂ ਦੂਰ ਭਜਦੇ ਹਨ। ਤੇ ਸ਼ਾਇਦ ਇਹੀ ਉਸ ਦੀ ਮੌਤ ਦਾ ਕਾਰਨ ਵੀ ਬਣਿਆ। ਹੋਰ ਕਈ ਕਲਾਕਾਰਾਂ ਬਾਰੇ ਤੇ ਸਾਹਿਤਕ ਗੱਲਾਂ ਹੁੰਦੀਆਂ। ਉਹਨਾਂ ਦੀ ਜੀਵਨੀ ਦੇ ਅੰਸ਼ ਸੁਣਦਿਆਂ ਪਤਾ ਹੀ ਨਾ ਲਗਦਾ ਕਿ ਸਮਾਂ ਕਿਵੇਂ ਉਡਾਰੀ ਮਾਰ ਗਿਆ ਹੋਵੇ। 1975 'ਚ ਲੱਗੀ ਐਮਰਜੈਂਸੀ ਖਤਮ ਹੋਈ ਹੀ ਸੀ।ਇੰਦਰਾ ਕਾਂਗਰਸ ਇਸੇ ਮੁੱਦੇ ਕਾਰਣ ਚੋਣਾਂ ਹਾਰ ਚੁੱਕੀ ਸੀ। ਸਾਹਿਤਕਾਰ ਇਸ ਵਿਸ਼ੇ ਨੂੰ ਲੈ ਆਮ ਹੀ ਹੀ ਬਹਿਸਣ ਬੈਠ ਜਾਂਦੇ। ਉਸ ਦਿਨ ਅਸੀਂ ਅੰਗ੍ਰੇਜ਼ੀ ਦੇ ਲੇਖਕ-ਪੱਤਰਕਾਰ ਤੇ ਮੇਰੇ ਮਿੱਤਰ ਸੁਰੇਸ਼ ਕੋਹਲੀ ਦੇ ਘਰ ਗਰੇਟਰ ਕੈਲਾਸ਼ ਬੈਠੇ ਸਿੱਪ ਕਰ ਰਹੇ ਸਾਂ। ਐਮਰਜੈਂਸੀ ਬਾਰੇ ਗੱਲ ਹੋਈ।













' ਮੈਂ ਕਹਿ ਬੈਠਾ, "ਐਮਰਜੈਂਸੀ ਭਾਰਤ ਦੇ ਆਜ਼ਾਦ ਇਤਿਹਾਸ ਦਾ ਗੋਲਡਨ ਪੀਰੀਅਡ ਸੀ, ਜਦੋਂ ਸਰਕਾਰ ਨੂੰ ਸਰਕਾਰ ਸਮਝਿਆ ਜਾਣ ਲੱਗ ਪਿਆ ਸੀ। ਉਸ ਸਮੇਂ ਮੈਂ ਨੌਜਵਾਨ ਕੁੜੀਆਂ ਨੂੰ ਅੱਧੀ ਰਾਤ ਨੂੰ ਬਿਨਾਂ ਕਿਸੇ ਖੌਫ ਦੇ ਇਕ-ੱਲੇ ਘਰ ਜਾਂਦੇ ਦੇਖਿਆ ਸੀ। ਰਿਸ਼ਵਤ ਲੈਂਦੇ ਫਸ ਜਾਣ ਦੇ ਡਰ ਦੀ ਪ੍ਰਥਾ ਚਲ ਪਈ ਸੀ। ਅੜੰਗੇ ਪਾਉਣ ਵਾਲੇ ਤੇ ਗੁੰਡੇ ਸਭ ਜੇਲ੍ਹਾਂ ਵਿਚ ਸੁੱਟ ਦਿਤੇ ਗਏ ਸਨ!" ਮੇਰੀ ਇਸ ਗੱਲ 'ਤੇ ਅੱਬਾਸ ਅੱਗ-ਬਬੂਲਾ ਹੋ ਗਏ । ਉਹ ਮੇਰੇ ਗਲ ਹੀ ਪੈ ਗਏ।

ਮੈਨੂੰ ਕਹਿੰਦੇ, "ਉਹਨਾਂ ਮੁਸਲਮਾਨਾਂ ਨੂੰ ਦੇਖ ਜੋ ਪੁਸ਼ਤਾਂ ਤੋਂ ਤੁਰਕਮਾਨ ਗੇਟ ਰਹਿੰਦੇ ਸਨ ਤੇ ਐਮਰਜੈਂਸੀ ਨੇ ਉਹਨਾਂ ਨੂੰ ਆਪਣੇ ਸਮਾਜ ਤੋਂ ਦੂਰ ਕਰ ਦਿਤਾ। ਆਪਣੇ ਘਰਾਂ ਤੋਂ ਦੂਰ ਕਰ ਦਿਤਾ।" ਮੇਰੇ ਇਹ ਸਮਝਾਉਣ 'ਤੇ ਕਿ ਉਹ ਜਿਥੇ ਵੀ ਗਏ ਉਥੇ ਜਾ ਕੇ ਉਹ ਹੋਰ ਵੀ ਖੁਸ਼ ਸਨ, ਉਹ ਕੁਝ ਸ਼ਾਂਤ ਹੋ ਗਏ। ਉਨ੍ਹਾਂ ਲੋਕਾਂ ਦਾ ਉਥੋਂ ਉਜੜਨਾ ਤੇ ਸਰਕਾਰ ਵਲੋਂ ਉਨ੍ਹਾਂ ਨੂੰ ਹੋਰ ਥਾਹਾਂ 'ਤੇ ਵਸੇਬਾ ਕਰਵਉਣਾ ਠੀਕ ਸੀ ਜਾਂ ਗਲਤ ਇਹ ਰਾਜਨੀਤਕ ਪਾਰਟੀਆਂ ਦਾ ਹੀ ਕੰਮ ਸੀ ਪਰ ਮੇਰੇ ਜਾਨਣ ਵਾਲਿਆਂ ਵਿਚੋਂ ਕਈ ਲੋਕ ਐਸੇ ਸਨ ਜੋ ਨਵੀਂ ਥਾਂ ਜਾ ਕੇ ਧਰਮ ਦੀ ਬਜਾਇ ਪੜ੍ਹਾਈ ਲਿਖਾਈ ਵਲ ਵਧੇਰੇ ਧਿਆਨ ਦੇ ਰਹੇ ਸਨ ਤੇ ਆਪਣਾ ਭਵਿੱਖ ਕੱਟੜਵਾਦ ਦੀ ਥਾਂ ਵਿਦਿਆ ਦੇ ਆਸਰੇ ਉਸਾਰ ਰਹੇ ਹਨ। ਹੋਰ ਵੀ ਉਹਨਾਂ ਨਾਲ ਬਹੁਤ ਸਾਰੀਆਂ ਗੱਲਾਂ ਹੁੰਦੀਆਂ। ਬਹਿਸਾਂ ਹੁੰਦੀਆਂ।

ਸਹਿਤਕ-ਫਿਲਮੀ ਤੇ ਪਤਾ ਨਹੀਂ ਕੀ ਕੁਝ ਹੋਰ। ਉਹਨਾਂ ਨੂੰ ਆਪਣੇ ਸਾਹਮਣੇ ਬੈਠ ਬੰਦੇ ਤੋਂ ਸਿੱਖਣ ਦੀ ਬਹੁਤ ਖਾਹਸ਼ ਹੁੰਦੀ ਤੇ ਉਸ ਕੋਲੋਂ ਹਰ ਸਿਆਣੀ ਗੱਲ ਗ੍ਰਹਿਣ ਕਰਕੇ ਆਪਣੇ ਅੰਦਰ ਬੰਨ੍ਹ ਲੈਂਦੇ। ਜਿਹੜੀ ਵੀ ਉਹਨਾਂ ਦੇ ਕੰਮ ਦੀ ਕੋਈ ਗੱਲ ਹੁੰਦੀ ਉਸ ਨੂੰ ਆਪਣੀ ਲੇਖਣੀ ਰਾਹੀਂ ਸਮੇਂ ਸਿਰ ਵਰਤ ਕੇ ਹੋਰ ਲੋਕਾਂ ਤਕ ਪੁਜਦੀ ਕਰ ਦਿੰਦੇ।

ਪੂਰੀ ਜ਼ਿੰਦਗੀ ਦੇ ਸਫਰ ਵਿਚ ਉਹਨਾਂ ਦਾ ਹਸੂੰ-ਹਸੂੰ ਕਰਦਾ ਚਿਹਰਾ ਸਾਰੇ ਪਾਸੇ ਮੁਸਕਰਾਹਟ, ਬੁੱਧੀਜੀਵਤਾ ਅਤੇ ਦੋਸਤੀ ਦੀ ਮਹਿਕ ਖਿਲਾਰਦਾ ਰਿਹਾ। ਮੇਰਾ ਉਹਨਾਂ ਨਾਲ ਇਕ ਵਾਰ ਜੁੜਨ ਤੋਂ ਬਾਅਦ ਉਹਨਾਂ ਦੇ ਆਖਰੀ ਦਮ 1987 ਤਕ ਵਾਸਤਾ ਰਿਹਾ। ਪਰ ਅਫਸੋਸ ਕਿ ਜਦ ਉਹ ਮਸ਼ੀਨਾਂ ਦੇ ਸਹਾਰੇ ਆਖਰੀ ਸਾਹ ਲੈ ਰਹੇ ਸਨ ਤਾਂ ਉਹਨਾਂ ਦਾ ਇਕ ਰਿਸ਼ਤੇਦਾਰ ਉਨ੍ਹਾਂ ਦੇ 'ਫਿਲੋਮਨਾ' ਵਿਚ ਬੈਠਾ ਉਹਨਾਂ ਵਲੋਂ ਛੱਡ ਕੇ ਜਾਣ ਵਾਲੀ ਜਾਇਦਾਦ ਦਾ ਜਾਇਜ਼ਾ ਲੈ ਰਿਹਾ ਸੀ।

# ਬਾਬਾ ਸਾਹਿਬ ਦੇ ਪਾਏ ਪੂਰਨਿਆਂ ਤੇ ਉਤਰਨ ਵਾਲੇ ਸ੍ਰੀ ਈਸ਼ਵਰ ਦਾਸ ਪਵਾਰ




ਸ੍ਰੀ ਈਸ਼ਵਰ ਦਾਸ ਪਵਾਰ ਸਹੀ ਅਰਥਾਂ ਵਿਚ ਬਾਬਾ ਸਾਹਿਬ ਦੇ ਪਾਏ ਹੋਏ ਪੂਰਨਿਆਂ 'ਤੇ ਪੂਰੀ ਤਰ੍ਹਾਂ ਉਤਰਦੇ ਹਨ। ਉਹ ਸਰਕਾਰੀ ਸਰਵਿਸ ਦੇ ਦੌਰਾਨ ਅਤੇ ਸੇਵਾ ਮੁਕਤੀ ਤੋਂ ਬਾਅਦ ਵੀ ਕੌਮ ਦੀ ਮੁਕਤੀ ਪ੍ਰਤੀ ਸਰਗਰਮ ਰਹੇ। ਉਹਨਾਂ ਦਾ ਜਨਮ ਊਨਾ ਤਹਿਸੀਲ (ਹੁਣ ਜ਼ਿਲ੍ਹਾ) ਦੇ ਪਿੰਡ ਦੇਹਲਾਂ ਵਿਚ ਇਕ ਸਧਾਰਨ ਪਰਿਵਾਰ ਵਿਚ 9 ਮਈ 1908 ਨੂੰ ਹੋਇਆ। 1927 ਵਿਚ ਉਹਨਾਂ ਨੇ ਡੀ. ਏ. ਵੀ. ਹਾਈ ਸਕੂਲ ਊਨਾ ਤੋਂ ਸਕੂਲ ਦੇ ਪਹਿਲੇ ਪੰਜ ਵਿਦਿਆਰਥੀਆਂ ਵਿਚ ਆ ਕੇ ਦਸਵੀਂਪਾਸ ਕੀਤੀ ਅਤੇ 1929 ਵਿਚ ਡੀ. ਏ. ਵੀ. ਕਾਲਜ ਲਾਹੌਰ ਤੋਂ ਇੰਟਰਮੀਡੀਏਟ ਕਰਕੇ ਇਸੇ ਹੀ ਕਾਲਜ ਤੋਂ 1931 ਵਿਚ ਬੀ. ਏ. ਦੀ ਡਿਗਰੀ ਹਾਸਲ ਕਰ ਲਈ। ਉਹਨਾਂ ਨੂੰ ਉਸ ਵੇਲੇ ਦੇ ਵਿਸ਼ਾਲ ਪੰਜਾਬ 'ਚੋਂ ਅਖੌਤੀ ਅਛੂਤ ਪਰਿਵਾਰਾਂ 'ਚੋਂ ਪਹਿਲੇ ਗ੍ਰੈਜੂਏਟ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਨੂੰ ਕਿ ਪੂਰੇ ਦਲਿਤ ਸਮਾਜ ਦੀ ਪ੍ਰਾਪਤੀ ਕਹਿਣਾ ਯੋਗ ਹੋਵੇਗਾ ਅਤੇ ਉਹ ਆਪਣੀ ਕਰਨੀ ਸਦਕਾ ਇਸ ਧਾਰਨਾ 'ਤੇ ਖਰੇ ਉਤਰੇ। ਉਹਨਾਂ ਨੇ ਬਾਅਦ ਵਿਚ ਲਾਅ ਕਾਲਜ ਲਾਹੌਰ (ਈਵਨਿੰਗ ਕਲਾਸਿਜ਼) ਤੋਂ ਅਵੱਲ ਦਰਜੇ ਵਿਚ ਐਲ. ਐਲ. ਬੀ. ਦੀ ਡਿਗਰੀ ਪ੍ਰਾਪਤ ਕੀਤੀ। ਉਹਨਾਂ ਨੂੰ ਦਲਿਤ ਸਮਾਜ ਦੇ ਪਲੇਠੇ ਉਮੀਦਵਾਰ ਦੇ ਰੂਪ ਵਿਚ ਪੀ. ਸੀ. ਐਸ. ਦੇ ਮੁਕਾਬਲੇ ਦੀ ਪ੍ਰੀਖਿਆ ਵਿਚ ਨਿਤਰਣ ਦਾ ਵੀ ਮਾਣ ਪ੍ਰਾਪਤ ਹੈ। ਉਹ ਵੱਖ-ਵੱਖ ਭਾਗਾਂ ਵਿਚ ਸੇਵਾ ਨਿਭਾਉਂਦੇ ਹੋਏ 1966 ਵਿਚ ਜ਼ਿਲ੍ਹਾ ਤੇ ਸੈਸ਼ਨ ਜੱਜ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਸ੍ਰੀ ਕੇ. ਸੀ. ਸੁਲੇਖ ਜੋ ਕਿ ਪਵਾਰ ਸਾਹਿਬ ਦੇ ਖਾਸ ਪ੍ਰਸ਼ੰਸਕਾਂ/ ਸਹਿ-ਵਿਚਾਰਕਾਂ ਵਿਚੋਂ ਹਨ, ਦਾ ਕਹਿਣਾ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਊਨਾ ਜਿਹੇ ਪੱਛੜੇ ਇਲਾਕੇ ਅਤੇ ਇਕ ਸਧਾਰਨ ਦਲਿਤ ਪਰਿਵਾਰ ਵਿਚ ਜਨਮ ਲੈ ਕੇ ਪਹਿਲੀ ਵਾਰ ਜੱਜ ਬਣਨਾ ਕਿਸੇ ਅਚੰਭੇ ਤੋਂ ਘੱਟ ਨਹੀਂ ਹੈ, ਉਹ ਵੀ ਅਜਿਹੇ ਸਮੇਂ ਜਦ 100 ਸਾਲ ਪਹਿਲਾਂ ਸਮਾਜਿਕ ਭੇਦ-ਭਾਵ ਅਤੇ ਛੂਤ-ਛਾਤ ਦਾ ਪ੍ਰਕੋਪ ਪੂਰੇ ਜ਼ੋਰਾਂ 'ਤੇ ਸੀ। ਉਹਨਾਂ ਨੇ ਪਾਸਪੋਰਟ ਬਰਾਂਚ ਵਿਚ ਆਪਣੀ ਨੌਕਰੀ ਦੇ ਸਮੇਂ ਪਾ-ਸਪੋਰਟ ਹਾਸਲ ਕਰਨ ਲਈ ਰੱਖੀਆਂ ਗਈਆਂ ਸਖਤ ਸ਼ਰਤਾਂ ਨੂੰ ਨਰਮ ਕਰਕੇ ਹਜ਼ਾਰਾਂ ਦਲਿਤ ਲੋਕਾਂ ਨੂੰ ਵਿਦੇਸ਼ਾਂ ਵਿਚ ਜਾ ਕੇ ਆਪਣੀ ਹਾਲਤ ਸੁਧਾਰਨ ਵਿਚ ਬਹੁਤ ਮਦਦ ਕੀਤੀ। ਉਹਨਾਂ ਨੇ ਪੰਜਾਬ ਸੁਬਾਰਡੀਨੇਟ ਸਰਵਿਸ ਬੋਰਡ ਵਿਚ ਸੇਵਾ ਦੌਰਾਨ ਵੀ ਰਾਖਵਾਂਕਰਨ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਕੇ ਯੋਗ ਦਲਿਤ ਨੌਜਵਾਨਾਂ ਨੂੰ ਸਰਕਾਰੀ ਅਦਾਰਿਆਂ ਵਿਚ ਨੌਕਰੀਆਂ ਹਾਸਲ ਕਰਨ ਵਿਚ ਮਦਦ ਕੀਤੀ। ਉਹ ਆਪਣੀ ਕਾਬਲੀਅਤ ਸਦਕਾ ਸੇਵਾ ਨਵਿਰਤੀ ਤੋਂ ਬਾਅਦ ਵੀ ਕਈ ਹੋਰ ਮਹਿਕਮਿਆਂ ਵਿਚ ਅਹਿਮ ਯੋਗਦਾਨ ਪਾਉਂਦੇ ਰਹੇ। ਉਹਨਾਂ ਨੇ ਇੰਡਸਟਰੀਅਲ ਟ੍ਰਿਬਿਊਨਲ ਅਤੇ ਲੇਬਰ ਕੋਰਟ ਦੇ ਚੇਅਰਮੈਨ ਵਜੋਂ ਕੰਮ ਕੀਤਾ। ਸਰਕਾਰੀ ਸਰਵਿਸ ਤੋਂ ਇਲਾਵਾ ਉਹਨਾਂ ਨੇ ਕੌਮ ਦੀ ਭਲਾਈ ਹਿੱਤ ਸਾਹਿਤ ਵਿਚ ਵੀ ਬਹੁਤ ਯੋਗਦਾਨ ਪਾਇਆ। ਉਹਨਾਂ ਨੇ ਆਪਣੇ ਲੰਮੇ ਤਜਰਬੇ ਦੇ ਆਧਾਰ 'ਤੇ ਦਲਿਤ ਸਮਾਜ ਨਾਲ ਸਬੰਧਤ ਸਮੱਸਿਆਵਾਂ ਅਤੇ ਉਹਨਾਂ ਦੇ ਸਮਾਧਾਨ ਲਈ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ, ਜਿਹਨਾਂ ਵਿਚ 'ਮੇਰਾ ਜੀਵਨ ਸੰਘਰਸ਼, ਪਛਾਣ ਦੀ ਤਲਾਸ਼, ਦਲਿਤ ਰਿਜ਼ਰਵੇਸ਼ਨ, ਖੁਦ ਬਣਾਈਆਂ ਬੇੜੀਆਂ, ਜਾਤ ਵਿਵਸਥਾ ਦੇ ਕੌੜੇ ਫਲ, ਮੁਕਤੀ ਦੀ ਰਾਹ' ਆਦਿ ਹਨ। ਲੇਖਕ ਨੂੰ ਉਹਨਾਂ ਨਾਲ ਸ੍ਰੀ ਸ਼ਨਮਾਰ ਦੇ ਮਾਧਿਅਮ ਰਾਹੀਂ ਇਕ ਵਾਰ ਮੁਲਾਕਾਤ ਕਰਨ ਦਾ ਮੌਕਾ ਪ੍ਰਾਪਤ ਹੋਇਆ। ਇਸ ਮੁਲਾਕਾਤ ਦੌਰਾਨ ਪਵਾਰ ਸਾਹਿਬ ਨੇ ਮੈਨੂੰ ਆਪਣੀ ਸਵੈ-ਜੀਵਨੀ 'ਮੇਰਾ ਜੀਵਨ ਸੰਘਰਸ਼' ਆਪਣੇ ਦਸਤਖਤਾਂ ਹੇਠ ਭੇਟ ਕੀਤੀ। ਉਹ ਆਪਣੇ 99 ਸਾਲ ਦੀ ਉਮਰ ਦਾ ਆਖਰੀ ਦਿਨ ਪੂਰਾ ਕਰਦੇ ਹੋਏ 11 ਜੂਨ 2007 ਨੂੰ ਅਕਾਲ ਚਲਾਣਾ ਕਰ ਗਏ। ਦਲਿਤ ਸਮਾਜ ਉਹਨਾਂ ਦਾ ਦਲਿਤ ਉਥਾਨ ਪ੍ਰਤੀ ਯੋਗਦਾਨ ਹਮੇਸ਼ਾ ਯਾਦ ਰੱਖੇਗਾ।

**ਜਲਦ ਹੀ ਸ੍ਰੀ ਈਸ਼ਵਰ ਦਾਸ ਪਵਾਰ ਦੀ ਲਿਖੀ ਕਿਤਾਬ 'ਮੇਰਾ ਜੀਵਨ ਸੰਘਰਸ਼' ਲੜੀਵਾਰ ਆਰੰਭ ਕਰਨ ਜਾ ਰਹੇ ਹਾਂ।**

**– ਡਾ. ਰੌਣਕੀ ਰਾਮ**

**'ਦਲਿਤ ਚੇਤਨਾ: ਸਰੋਤ ਤੇ ਸਰੂਪ' 'ਚੋਂ ਧੰਨਵਾਦ ਸਹਿਤ**

# ਪੰਜਾਬਣਾਂ ਦੇ ਚਾਵਾਂ-ਮਲ੍ਹਾਰਾਂ ਦਾ ਸ਼ਾਨਦਾਰ ਜਸ਼ਨ ਬਣਿਆ 'ਸੰਦਲੀ ਪੈੜ੍ਹਾਂ'















ਪੰਜਾਬੀ ਕਲਚਰਲ ਸੈਂਟਰ ਯੂਐੱਸਏ ਤੇ ਪੰਜਾਬੀ ਰੇਡੀਓ ਯੂਐਸਏ ਦੇ ਵੇਹੜੇ ਦੂਰੋਂ ਦੂਰੋਂ ਵਹੀਰਾਂ ਘੱਤ ਕੇ ਪੁੱਜੀਆਂ ਹਰ ਉਮਰ ਦੀਆਂ ਬੀਬੀਆਂ ਫਰੈਜ਼ਨੋਂ: ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ.ਐਸ.ਏ. ਵਲੋਂ ਕਰਵਾਇਆ ਵਿਲੱਖਣ ਪ੍ਰੋਗਰਾਮ 'ਸੰਦਲੀ ਪੈੜ੍ਹਾਂ' ਹਰ ਉਮਰ ਦੀਆਂ ਪੰਜਾਬਣਾਂ ਦੇ ਚਾਵਾਂ-ਮਲ੍ਹਾਰਾਂ ਦਾ ਸ਼ਾਨਦਾਰ ਜਸ਼ਨ ਹੋ ਨਿਬੜਿਆ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਫਰਿਜ਼ਨੋਂ ਸਟੂਡੀਓ 2125 ਐਨ ਬਾਰਟਨ ਐਵੇਨਿਊ (2125 N Barton Ave Fresno CA 93703) ਦੇ ਵਿਹੜੇ ਵਿੱਚ ਕਰਵਾਏ ਇਸ ਸਭਿਆਚਾਰਕ ਪ੍ਰੋਗਰਾਮ ਦਾ ਆਨੰਦ ਮਾਨਣ ਲਈ ਹਰ ਉਮਰ ਦੀਆਂ ਪੰਜਾਬਣਾਂ ਵਹੀਰਾਂ ਘੱਤ ਕੇ ਪੁੱਜੀਆਂ। 29 ਸਤੰਬਰ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ 6:00 ਵਜੇ ਚੱਲੇ ਇਸ ਪ੍ਰੋਗਰਾਮ ਦੌਰਾਨ ਹਰ ਉਮਰ ਦੀਆਂ ਪੰਜਾਬਣਾਂ ਦਾਦੀਆਂ, ਨਾਨੀਆਂ, ਮਾਵਾਂ, ਧੀਆਂ, ਭੈਣਾਂ, ਮੁਟਿਆਰਾਂ ਤੇ ਬੱਚੀਆਂ ਨੇ ਪੰਜਾਬੀ ਵਿਰਸੇ ਦੇ ਵੱਖ ਵੱਖ ਰੂਪਾਂ ਦੀ ਪੇਸ਼ਕਾਰੀ ਨਾਲ ਖੂਬ ਰੌਣਕਾਂ ਲਾਈਆਂ। ਉਨ੍ਹਾਂ ਨੇ ਗੀਤ ਸੰਗੀਤ ਅਤੇ ਰਵਾਇਤੀ ਲੋਕ ਨਾਚ ਗਿੱਧੇ ਨਾਲ ਪੰਜਾਬੀ ਕਲਚਰਲ ਸੈਂਟਰ ਦੇ ਖੂਬਸੂਰਤ ਢੰਗ ਨਾਲ ਸਜਾਏ ਹਰੇ-ਭਰੇ ਪਾਰਕ ਦੀ ਫਿਜ਼ਾ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗੀ ਰੱਖਿਆ।

ਪ੍ਰੋਗਰਾਮ ਦੀ ਰੂਹੇ ਰਵਾਂ ਬੀਬੀ ਬਲਵਿੰਦਰ ਕੌਰ ਦੀ ਅਗਵਾਈ ਹੇਠ ਉੱਘੀ ਗਾਇਕਾ ਤੇ ਜਾਣੀ ਪਛਾਣੀ ਰੇਡੀਓ ਹੋਸਟ ਜੋਤ ਰਣਜੀਤ ਕੌਰ ਅਤੇ ਅਪਣੀ ਸੁਰੀਲੀ ਆਵਾਜ਼ ਸਦਕਾ ਸਰੋਤਿਆਂ ਦੇ ਮਨਾਂ 'ਚ ਵਿਸ਼ੇਸ਼ ਸਥਾਨ ਰੱਖਣ ਵਾਲੀ ਰਾਣੀ ਕਾਹਲੋਂ ਨੇ ਪ੍ਰੋਗਰਾਮ ਦੀ ਸਮੁੱਚੀ ਕਾਰਵਾਈ ਨੂੰ ਬੜੇ ਦਿਲਚਸਪ ਲਹਿਜ਼ੇ ਵਿੱਚ ਵਿਉਂਤਬੰਦ ਕਰਕੇ ਚਲਾਇਆ। ਸਭ ਤੋਂ ਪਹਿਲਾਂ ਰਾਣੀ ਕਾਹਲੋਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਸਵਾਗਤੀ ਗੀਤ "ਉਡੀਕਾਂ ਭੈਣ ਕਰੇ ਨਾਨਕ ਵੀਰ ਦੀਆਂ ਸਾਰੀ ਦੁਨੀਆਂ ਦੇ ਸਾਂਝੇ ਪੀਰ ਦੀਆਂ" ਨਾਲ ਸ਼ੁਰੂਆਤ ਕੀਤੀ। ਬੀਬੀਆਂ ਦੀ ਪਲ ਪਲ ਵੱਧਦੀ ਉਤਸੁਕਤਾ ਨੂੰ ਵੇਖਦਿਆਂ ਜੋਤ ਰਣਜੀਤ ਨੇ ਸਭਨਾਂ ਦਾ ਮਿੱਠੇ ਤੇ ਮੋਹ ਭਰੇ ਸ਼ਬਦਾਂ ਨਾਲ ਸੁਆਗਤ ਕਰਦਿਆਂ ਬਜ਼ੁਰਗ ਬੀਬੀ ਸੁਰਜੀਤ ਕੌਰ ਸੰਘਾ ਨੂੰ ਸੱਦਾ ਦਿੱਤਾ ਜਿਨ੍ਹਾਂ ਨੇ 'ਨਿੱਕੀ ਨਿੱਕੀ ਕਣੀ ਵੇ ਨਿੱਕਿਆ ਮੀਂਹ ਪਿਆ ਵਰ੍ਹੇ, ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ' ਲੋਕ ਗੀਤ ਸੁਹਾਗ ਗਾ ਕੇ ਵਿਆਹ ਵਾਲਾ ਮਾਹੌਲ ਸਿਰਜਣ ਵਾਲ ਪਹਿਲ ਕੀਤੀ। ਉਸਤੋਂ ਬਾਅਦ ਅਖਾੜਾ ਮਘਣ ਲੱਗਾ।

ਲੋਕ ਗੀਤ ਤੇ ਹੋਰ ਵੰਣਗੀਆਂ ਪੇਸ਼ ਕਰਨ ਵਾਲੀਆਂ ਵਿੱਚ ਸੁਰਜੀਤ ਕੌਰ-ਗੁਰਮੀਤ ਕੌਰ, ਬਲਜੀਤ ਕੌਰ-ਦਲਜੀਤ ਕੌਰ, ਤਰਸੇਮ ਕੌਰ-ਗੁਰਦੀਪ ਕੌਰ, ਦਲਜੀਤ ਕੌਰ-ਰਾਜ ਕੌਰ ਦੀਆਂ ਜੋੜੀਆਂ ਤੋਂ ਇਲਾਵਾ ਕੁਲਦੀਪ ਕੌਰ, ਹਰਿੰਦਰ ਕੌਰ ਰੰਧਾਵਾ, ਇੰਦਰਜੀਤ ਕੌਰ, ਪਰਮ ਧੰਜਲ ਤੇ ਰੂਪਿੰਦਰ ਸੰਧੂ ਸ਼ਾਮਲ ਸਨ।

ਦਵਿੰਦਰ ਸੰਘਾ ਦੀ ਟੀਮ ਦੀਪੀ ਤੇ ਦਿਲਪ੍ਰੀਤ ਕੌਰ ਦਾ ਪੰਜਾਬੀ ਬੋਲੀ ਸਬੰਧੀ ਸਕਿੱਟ ਵਧੀਆ ਰਿਹਾ। ਗਿੱਧੇ ਦੇ ਪਿੜ ਵਿੱਚ ਧਰਤੀ ਹਿਲਾਉਣ ਵਾਲੀਆਂ ਵਿੱਚ ਮੁੱਖ ਤੌਰ ਉੱਤੇ ਅਨੁਭਵ ਮਾਨ, ਦਵਿੰਦਰ ਕੌਰ ਸੰਘਾ, ਦਿਲਪ੍ਰੀਤ ਕੌਰ, ਸਿਮਰਨ ਕੌਰ, ਨੀਤੂ ਕੌਰ, ਜੱਸੀ ਮਾਨ ਅਤੇ ਬੇ-ਏਰੀਆ ਤੋਂ ਬੜੇ ਉਤਸ਼ਾਹ ਨਾਲ ਪੁੱਜੀਆਂ ਸੁਖਨਿੰਦਰ ਕੌਰ ਭੰਗਲ, ਜਗਦੀਸ਼ ਕੌਰ, ਭੁਪਿੰਦਰ ਕੌਰ ਯੂਬਾਸਿਟੀ ਅਤੇ ਹੋਰਨਾਂ ਨੇ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਬੱਚਿਆਂ ਦੀਆਂ ਟੀਮਾਂ ਵਿੱਚ ਮਹਿਕਜੋਤ ਕੌਰ-ਅਨਮੋਲ ਕੌਰ, ਸਰੀਨ ਬੱਸੀ-ਈਸ਼ਾ ਸਿੱਧੂ, ਜਸਲੀਲ ਕੌਰ ਉੱਪਲ-ਗੁਰਨੂਰ ਕੌਰ ਉੱਪਲ ਅਤੇ ਹਰਗੁਣ ਕੌਰ ਮਨੇਸ਼ ਨੇ ਆਪੋ ਅਪਣੀ ਕਲਾ ਰਾਹੀਂ ਸਭ ਦਾ ਮਨੋਰੰਜਨ ਕੀਤਾ। ਪ੍ਰੋਗਰਾਮ ਦੌਰਾਨ ਬਹੁਤੀਆਂ ਬੀਬੀਆਂ ਨੇ ਜੋੜੀ ਦੇ ਰੂਪ ਵਿੱਚ ਪੰਜਾਬੀ ਲੋਕ ਗੀਤਾਂ ਦੇ ਜਿਹੜੇ ਰੂਪ ਅਪਣੀਆਂ ਦਿਲ ਖਿਚਵੀਆਂ ਤੇ ਮਿੱਠੀਆਂ ਆਵਾਜਾਂ ਵਿੱਚ ਗਾਏ ਉਨ੍ਹਾਂ ਵਿੱਚ ਲੋਰੀਆਂ, ਸੁਹਾਗ, ਸਿਠਣੀਆਂ, ਵਿਆਹ ਦੇ ਗੀਤ ਤੇ ਬਾਲ ਗੀਤ ਸ਼ਾਮਲ ਸਨ। ਪ੍ਰੋਗਰਾਮ ਦਾ ਸਿਖ਼ਰ ਤੇ ਖ਼ਾਸ ਖਿੱਚ ਦਾ ਕੇਂਦਰ ਸਦਾ ਵਾਂਗ ਰਵਾਇਤੀ ਗਿੱਧਾ ਸੀ।

ਵੇਖਣ ਵਾਲੀ ਗੱਲ ਇਹ ਸੀ ਕਿ ਪ੍ਰੋਗਰਾਮ ਦੇ ਨਿਰਧਾਰਤ ਸਮੇਂ ਤੋਂ ਪਹਿਲਾਂ ਹੀ ਬੇਅ ਏਰੀਆ, ਸਟਾਕਟਨ, ਸੈਕਰਾਮੈਂਟੋ, ਯੂਬਾ ਸਿਟੀ ਤੇ ਬੇਕਰਜਫੀਲਡ ਸਮੇਤ ਦੂਰ ਦੁਰਾਡੀਆਂ ਥਾਵਾਂ ਤੋਂ ਬੀਬੀਆਂ ਪੰਜਾਬੀ ਕਲਚਰਲ ਸੈਂਟਰ ਦੇ ਵੇਹੜੇ ਪੁੱਜਣੀਆਂ ਸ਼ੁਰੂ ਹੋ ਗਈਆਂ ਸਨ। ਖੂਬਸੂਰਤ ਰਵਾਇਤੀ ਕਢਾਈ ਦੇ ਨਮੂਨਿਆਂ ਵਾਲੇ ਬਾਗ਼ਾਂ, ਫੁੱਲਕਾਰੀਆਂ, ਦਰੀਆਂ, ਚਾਦਰਾਂ, ਸਰਹਾਣੇ, ਖੇਸ-ਖੇਸੀਆਂ, ਚਰਖੇ, ਪੱਖੀਆਂ, ਰਵਾਇਤੀ ਭਾਂਡਿਆਂ ਤੇ ਝੋਲਿਆਂ ਦੀ ਨੁਮਾਇਸ਼ ਨੂੰ ਸਭਨਾਂ ਨੇ ਖ਼ਾਸ ਦਿਲਚਸਪੀ ਨਾਲ ਵੇਖਿਆ। ਇਸ ਨੁਮਾਇਸ਼ ਵਿੱਚ ਮਾਤਾ ਹਰਨਾਮ ਕੌਰ ਹੱਲੂਵਾਲ, (ਮਰਹੂਮ) ਇਕਬਾਲ ਕੌਰ ਫਰੈਜ਼ਨੋਂ, ਮਨਜੀਤ ਕੌਰ ਫਰੈਜ਼ਨੋਂ, ਸਰਬਜੀਤ ਕੌਰ ਫਰੈਜ਼ਨੋਂ, ਰਾਮ ਪਿਆਰੀ ਫਰੈਜ਼ਨੋਂ, ਇੰਦਰਜੀਤ ਕੌਰ ਫਰੈਜ਼ਨੋਂ, ਪ੍ਰਿਤਪਾਲ ਕੌਰ ਸੈਨਹੋਜੇ ਤੇ ਹਰਜੀਤ ਕੌਰ ਜਲੰਧਰ ਦਾ ਉਚੇਚਾ ਯੋਗਦਾਨ ਰਿਹਾ। ਦਰਖ਼ਤਾਂ ਦੀ ਬੁੱਕਲ ਵਿੱਚ ਪਾਈਆਂ ਅਤੇ ਰੀਝਾਂ ਨਾਲ ਸਜਾਈਆਂ ਪੀਘਾਂ ਉਤੇ ਝੂਟਣ ਦੀਆਂ ਚਾਹਵਾਨ ਮੁਟਿਆਰਾਂ ਤੇ ਬੱਚੀਆਂ ਨੂੰ ਲੰਮਾ ਸਮਾਂ ਵਾਰੀ ਦੀ ਉਡੀਕ ਕਰਨੀ ਪੈਂਦੀ ਸੀ। ਬੱਚੇ ਸਾਰਾ ਸਮਾਂ ਨੇ ਅੰਗਰੇਜੀ ਝੂਲੇ (ਬਾਊਂਸਰ) ਦਾ ਮਜ਼ਾ ਲੈਣ 'ਚ ਮਸਤ ਰਹੇ। ਬੀਬੀਆਂ ਦੇ ਸੂਟਾਂ, ਗਹਿਣਿਆਂ, ਹਾਰ ਸ਼ਿੰਗਾਰ ਦੀਆਂ ਵਸਤਾਂ ਦੀ ਵਿਕਰੀ ਵਾਸਤੇ ਜੱਸੀ ਕੌਰ (ਤਨਵੀ ਬੁਟੀਕ) , ਗੁਰਜੀਤ ਕੌਰ (ਜੀ ਐਂਡ ਪੀ ਜਿਊਲਰੀ) ਅਤੇ ਹਰਪ੍ਰੀਤ ਕੌਰ ਸੰਗਰ ਵਲੋਂ ਲਾਏ ਸਟਾਲਾਂ ਉੱਤੇ ਵੀ ਵਾਹਵਾ ਰੌਣਕਾਂ ਸਨ। ਬਲਦੇਵ ਸਿੰਘ ਦੀਆਂ ਖੋਆ ਕੁਲਫ਼ੀਆਂ ਅਤੇ ਕਰੀ ਹਾਊਸ ਫਰੈਜ਼ਨੋਂ ਦੇ ਪਕਵਾਨਾਂ ਦੇ ਸਟਾਲ ਉੱਤੋਂ ਛੋਲੇ ਭਟੂਰਿਆਂ, ਚਿੱਲੀ ਚਿੱਕਨ, ਮੱਛੀ ਦੇ ਪਕੌੜੇ, ਮਾਲ ਪੂੜ੍ਹੇ ਤੇ ਖੀਰ ਖਾਣ ਦੇ ਸ਼ੌਕੀਨਾਂ ਨੇ ਭੀੜ ਕੀਤੀ ਹੋਈ। ਪ੍ਰੋਗਰਾਮ ਕੇਵਲ ਬੀਬੀਆਂ ਦਾ ਹੋਣ ਕਾਰਨ ਬਹੁ ਗਿਣਤੀ ਬੀਬੀਆਂ ਖੁਦ ਹੀ ਕਾਰਾਂ ਚਲਾਂ ਕੇ ਪੁੱਜੀਆਂ। ਪਰ ਕੁਝ ਕੁ ਬੀਬੀਆਂ ਨੂੰ ਛੱਡਣ ਆਉਣ ਵਾਲਿਆਂ ਲਈ ਪੰਜਾਬੀ ਕਲਚਰਲ ਸੈਂਟਰ ਦੀ ਹਰਮਨ ਪਿਆਰੀ ਛੰਨ ਵਿੱਚ ਖਾਣਪੀਣ ਦਾ ਪ੍ਰਬੰਧ ਸੀ। ਉਚੇਚਾ ਸੱਦੇ ਉੱਤੇ ਪੁੱਜੇ ਅਤੇ ਪੰਜਾਬੀ ਕਲਚਰਲ ਸੈਂਟਰ ਦੇ ਪਰਿਵਾਰਕ ਮੈਂਬਰ ਤੇ ਰਹਿਨੁਮਾ ਡਾ. ਗੁਰੂਮੇਲ ਸਿੱਧੂ ਦੀ ਅਗਵਾਈ 'ਚ ਜੁੜੀ ਮਹਿਫ਼ਲ ਵਿੱਚ ਸਿੱਖ ਧਰਮ, ਪੰਜਾਬੀਅਤ, ਕੈਲੀਫੋਰਨੀਆਂ 'ਚ ਸਿੱਖਾਂ ਦੀ ਆਮਦ, ਸਮਾਜਿਕ ਸਰਗਰਮੀਆਂ ਅਤੇ ਮੌਜੂਦਾ ਹਾਲਾਤ ਸਬੰਧੀ ਗਿਆਨ ਭਰਪੂਰ ਗੱਲਬਾਤ ਦਾ ਲਾਹਾ ਲੈਣ ਵਾਲਿਆਂ ਵਿੱਚ ਕਲਚਰਲ ਸੈਂਟਰ ਦੇ ਪ੍ਰੋਗਰਾਮਾਂ ਦੀ ਹਮੇਸ਼ਾਂ ਰੌਣਕ ਵਧਾਉਣ ਵਾਲੇ ਮਨਜੀਤ ਸਿੰਘ ਦੀਵਾਨਾ, ਸੁਰਿੰਦਰ ਸਿੰਘ ਸੰਘਾ, ਪੰਜਾਬੋਂ ਆਏ ਗੁਰਸ਼ਰਨ ਸਿੰਘ ਜਲੰਧਰ- ਰਈਆ ਵਾਲੇ, ਰਣਬੀਰ ਸਿੰਘ ਗਿੱਲ ਜਗਰਾਵਾਂ, ਚਰਨਜੀਤ ਸਘਿ ਸਹੋਤਾ, ਨਦਿਰ ਸਘਿ ਤੇ ਬਲਰਾਜ ਸਿੰਘ ਧਾਲੀਵਾਲ ਸ਼ਾਮਲ ਸਨ।

ਫੋਟੋ ਦੀ ਸੇਵਾ Day and Night Photography Fresno ਵਾਲੇ ਪਰਮਜੀਤ ਸਿੰਘ ਨੇ ਕੀਤੀ।

ਪ੍ਰੋਗਰਾਮ ਨੂੰ ਵਿਉਂਤਬੰਦ ਕਰਨ ਤੇ ਨੇਪਰੇ ਚਾੜ੍ਹਣ ਵਾਲੀ ਟੀਮ ਵਿੱਚ ਹਰਜੋਤ ਸਿੰਘ ਖਾਲਸਾ, ਦਲਜੀਤ ਸਿੰਘ ਸਰਾਂ, ਦਿਲਪ੍ਰੀਤ ਸਿੰਘ, ਸਰੀ ਤੋਂ ਉਚੇਚਾ ਪੁੱਜੀ ਰੂਪੀ, ਸੈਨ ਹੋਜ਼ੇ ਤੋਂ ਅਮਨਜੋਤ ਕੌਰ ਧਾਮੀ , ਜਸਕਰਨ ਕੌਰ ਧਾਮੀ, ਸੰਮੀ ਹੇਅਰ ਨੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਅਹਿਮ ਹਿੱਸਾ ਪਾਇਆ।

# ਸ੍ਰੀ ਰਾਮ 'ਅਰਸ਼' ਦੀਆਂ ਗ਼ਜ਼ਲਾਂ ਵਿਚ 'ਅੰਬੇਡਕਰ-ਦਰਸ਼ਨ'



**ਫਤਿਹਜੰਗ ਸਿੰਘ**
91-98726-70278

ਧਰਤੀ ਉਤੇ ਅਤੇ ਵਾਤਾਵਰਣ ਵਿਚ ਜੀਵਨ ਤੱਤਾਂ ਦੀ ਹੋਂਦ ਮਿਲਜੁਲ ਕੇ ਜ਼ਿੰਦਗੀ ਧੜਕਣ ਦਾ ਸਬੱਬ ਬਣੀ ਤਾਂ ਇਕ ਲੰਬੇ ਅਰਸੇ ਬਾਅਦ ਮਨੁੱਖ ਦੇ ਨੈਣ-ਨਕਸ਼ ਉਭਰਨੇ ਸ਼ੁਰੂ ਹੋਏ।ਉਦੋਂ ਤੋਂ ਅੱਜ ਤੱਕ ਜ਼ਿੰਦਗੀ ਸੰਘਰਸ਼ ਵਿਚੋਂ ਲੰਘਦਿਆਂ ਤਕੜੇ ਦੀ ਹੋਂਦ ਅਤੇ ਕਮਜ਼ੋਰ ਦੀ ਸਮਾਪਤੀ ਦੇ ਵਿਗਿਆਨਕ ਸਿਧਾਂਤ ਨੂੰ ਅਪਣਾਉਂਦੀ ਮਨੁੱਖ ਦੀ ਕਹਾਣੀ ਸਫ਼ਰ ਕਰਦੀ ਗਈ। ਖੋਪਰੀ ਅੰਦਰ ਪਏ ਦਿਮਾਗ ਦੇ ਵਿਕਾਸ ਨੇ ਕਈ ਕਰਵਟਾਂ ਲਈਆਂ ਅਤੇ ਚੰਗੇ ਮਾੜੇ ਕਈ ਦਿਸਹੱਦੇ ਚਿਤਰੇ। ਇਹੀ ਚੰਗੇ ਮਾੜੇ ਕਾਰਨ ਸਮੇਂ-ਸਮੇਂ ਸਿਰ ਚੰਗਾ ਮਾੜਾ ਮਨੁੱਖ, ਚੰਗੇ ਮਾੜੇ ਵਿਚਾਰ ਅਤੇ ਇਹਨਾਂ ਦੇ ਆਧਾਰ 'ਤੇ ਚੰਗੇ ਮਾੜੇ ਸਮਾਜ ਦੀ ਸਿਰਜਣਾ ਕਰਦੇ ਰਹੇ। ਇਤਿਹਾਸ ਚੰਗੇ ਮਾੜੇ ਸਮਿਆਂ ਨਾਲ ਭਰਿਆ ਪਿਆ ਹੈ, ਜਿਸਦਾ ਅਧਿਐਨ ਦੱਸਦਾ ਹੈ ਕਿ ਜਦੋਂ ਵੀ ਮਨੁੱਖਤਾ ਦੇ ਹਿੱਤ ਵਿਚ ਕੋਈ ਵਿਚਾਰਧਾਰਾ ਉਭਰੀ ਤਾਂ ਮਨੁੱਖਤਾ ਖੁਸ਼ਹਾਲੀ, ਜ਼ਿੰਦਗੀ ਭਰਪੂਰ ਤੇ ਖੁਸ਼ਹਾਲ ਹੋ ਨਿੱਬੜੀ ਅਤੇ ਜਦੋਂ ਕਿਸੇ ਗੈਰ-ਮਨੁੱਖੀ ਵਿਚਾਰਧਾਰਾ ਨੇ ਆਪਣੀ ਜਕੜ ਵਧਾਈ ਤਾਂ ਮਨੁੱਖਤਾ ਨਪੀੜੀ ਹੋਈ ਕੁਰਲਾਉਣ ਲੱਗੀ। ਇਸੇ ਪੈਮਾਨੇ ਨੇ ਮਨੁੱਖਤਾ, ਸਮਾਜ, ਰਾਜ ਪ੍ਰਬੰਧ, ਧਰਮਾਂ ਨੂੰ ਵੀ ਦੋ ਹਿੱਸਿਆਂ ਵਿਚ ਵੰਡੀ ਰੱਖਿਆ। ਜਿਸ ਸਮਾਜ, ਧਰਮ, ਰਾਜ ਪ੍ਰਬੰਧ ਵਿਚ ਮਨੁੱਖੀ ਹਿੱਤ ਸਨ, ਉਸ ਵਿਚ ਸਚਾਈ ਦਿਆਨਤਦਾਰੀ, ਦਇਆ, ਬਰਾਬਰਤਾ, ਆਜ਼ਾਦੀ, ਭਾਈਚਾਰਾ ਭਾਰੂ ਰਿਹਾ ਤੇ ਉਹ ਖੁਸ਼ਹਾਲੀ ਦਾ ਜ਼ਾਮਨੀ ਰਿਹਾ। ਇਸ ਤੋਂ ਉਲਟ ਗੈਰ-ਮਨੁੱਖੀ ਵਰਤਾਰੇ ਵਿਚ ਇਹਨਾਂ ਤੱਤਾਂ ਦੀ ਗੈਰ ਹਾਜ਼ਰੀ ਰਹੀ, ਜਿਸਦੇ ਸਿੱਟੇ ਵਜੋਂ ਭੁੱਖ, ਕੰਗਾਲੀ, ਮਾਰ-ਧਾੜ ਅਤੇ ਅਸ਼ਾਂਤੀ ਦਾ ਹੀ ਬੋਲਬਾਲਾ ਰਿਹਾ।

ਦੁਨੀਆਂ ਦੇ ਇਤਿਹਾਸ ਵਿਚ ਜੋ ਵੀ ਸਭਿਅਤਾਵਾਂ ਵਿਕਸਤ ਹੋਈਆਂ, ਉਹ ਵੀ ਭਾਵੇਂ ਇਸ ਵਰਤਾਰੇ ਤੋਂ ਅਛੂਤੀ ਨਹੀਂ ਰਹੀਆਂ ਪਰ ਕੁੱਲ ਮਿਲਾ ਕੇ ਜੀਵਨ ਧਾਰਾ ਚੰਗੇ ਪਾਸੇ ਨੂੰ ਕਬੂਲਦੀ ਹੋਈ ਅਗਰਸਰ ਰਹੀ। ਕੁਝ ਅਰਸੇ ਲਈ ਜੇ ਮਾੜਾ ਪੱਖ ਕਾਬਜ਼ ਰਿਹਾ ਤਾਂ ਚੰਗੇ ਪਾਸੇ ਨੇ ਜ਼ਰੂਰ ਕਰਵਟ ਲਈ। ਇਸ ਅਖਾੜੇ ਦੀ ਇਹੀ ਕਹਾਣੀ ਇਤਿਹਾਸ ਬਣਦੀ ਰਹੀ ਹੈ। ਡਾਢਿਆਂ ਨੇ ਜੇ ਦੁੱਖ ਤੇ ਤਸੀਹੇ ਦਿੱਤੇ ਤਾਂ ਮਲ੍ਹਮ ਲਾਉਣ ਵਾਲੇ ਵੀ ਪੈਦਾ ਹੁੰਦੇ ਰਹੇ ਹਨ। ਸ੍ਰੀ ਰਾਮ 'ਅਰਸ਼' ਨੇ ਵੀ ਇਸਨੂੰ ਇਉਂ ਚਿਤਰਿਆ ਹੈ:-

ਅਸਾਡੇ ਤੇ ਤੁਹਾਡੇ ਵਿਚ ਹੈ ਮੁਢਲਾ ਫਰਕ ਬੱਸ ਇਹੋ
ਅਸੀਂ ਦੀਵੇ ਜਗਾਏ ਹਨ, ਤੁਸੀਂ ਦੀਵੇ ਬੁਝਾਏ ਹਨ।

ਤੇ ਇੰਝ ਕਰਕੇ ਦੁਨੀਆਂ ਦੀ ਰਵਾਨਗੀ ਦੀ ਦਿਸ਼ਾ ਕੁੱਲ ਮਿਲਾ ਕੇ ਮਨੁੱਖਤਾ ਨੂੰ ਸੁਹਣਾ ਅਤੇ ਹੋਰ ਸੁਹਣੇਰਾ ਬਣਾਉਣ ਵੱਲ ਰੁਚਿਤ ਰਹੀ।

ਭਾਰਤ ਦੀ ਸਮਾਜਿਕ ਤੇ ਧਾਰਮਿਕ ਕਹਾਣੀ ਵੀ ਇਸੇ ਤੋਰ ਤੁਰੀ ਹੈ। ਇਕੱਲਾ ਮਨੁੱਖ ਪਹਿਲਾਂ ਕਬੀਲਿਆਂ ਵਿਚ ਤੇ ਫਿਰ ਕਬੀਲੇ ਦਰਿਆਵਾਂ ਕਿਨਾਰੇ ਪੱਕੇ ਟਿਕਾਣੇ ਬਣਾ ਕੇ ਵਿਕਸਤ ਹੋਣ ਲੱਗੇ। ਜਦੋਂ ਇਹ ਸਭਿਅਤਾ ਖੇਤੀ, ਪਸ਼ੂ ਧਨ, ਸੰਦ, ਭਾਂਡੇ, ਗਹਿਣੇ, ਕੱਪੜੇ ਬਣਾਉਂਦੀ ਇਮਾਰਤਸਾਜ਼ੀ ਵਿਚ ਵੀ ਨਿਪੁੰਨਤਾ ਦੀ ਸਿਖਰ 'ਤੇ ਪੁੱਜੀ ਤਾਂ ਉਸ ਵੇਲੇ ਦੁਨੀਆਂ ਦੀਆਂ ਬਾਕੀ ਸਭਿਅਤਾਵਾਂ ਮਸਾਂ ਗੋਡੀਂ ਰਿੜ੍ਹ ਰਹੀਆਂ ਸਨ। ਸਿੰਧ ਘਾਟੀ ਸਭਿਅਤਾ ਦੀ ਹੜੱਪਾ, ਮਹਿੰਜੋਦੜੋ ਅਤੇ ਲੋਥਲ ਦੀ ਖੁਦਾਈ ਵਿਚੋਂ ਲੱਭੀਆਂ ਨਿਸ਼ਾਨੀਆਂ ਇਸਦੀ ਗਵਾਹੀ ਭਰਦੀਆਂ ਹਨ। ਪੰਜ ਕੁ ਹਜ਼ਾਰ ਸਾਲ ਪਹਿਲਾਂ ਦੀ ਇਹ ਕਹਾਣੀ ਹੈ। ਫਿਰ ਲਗਭਗ ਚਾਰ ਕੁ ਹਜ਼ਾਰ ਸਾਲ ਪਹਿਲਾਂ ਆਰੀਅਨ ਦੇ ਆਗਮਨ ਨਾਲ ਇਕ ਲੰਬਾ ਅਰਸਾ ਦੋ ਸਭਿਅਤਾਵਾਂ ਦਾ ਜ਼ਬਰਦਸਤ ਭੇੜ ਚਲਦਾ ਰਿਹਾ ਤੇ ਸਮਾਂ ਆਰੀਅਨ ਦੇ ਹੱਕ ਵਿਚ ਭੁਗਤ ਗਿਆ। ਅਨ-ਆਰੀਅਨ ਜਾਂ ਮੂਲ ਨਿਵਾਸੀਆਂ ਦਾ ਖੁਸ਼ਹਾਲੀ ਦਾ ਸਮਾਂ ਬਦਹਾਲੀ ਨਹੀਂ ਬਹੁਤ ਹੀ ਗੰਭੀਰ ਬਦਹਾਲੀ ਵਿਚ ਵਟਣਾ ਸ਼ੁਰੂ ਹੋ ਗਿਆ। ਢਾਈ ਕੁ ਹਜ਼ਾਰ ਸਾਲ ਪਹਿਲਾਂ ਗੌਤਮ ਬੁੱਧ ਨੇ ਇਸ ਵਿਵਸਥਾ ਨੂੰ ਵਿਰਾਮ ਦਿੱਤਾ ਤੇ ਇਸਨੂੰ ਚੰਗੇ ਪਾਸੇ ਮੋੜਾ ਦਿੱਤਾ। ਇਸ ਪਰਪਾਟੀ ਨੂੰ ਅਸ਼ੋਕ ਮਹਾਨ ਨੇ ਜਾਰੀ ਰੱਖਿਆ ਅਤੇ ਉਸਦੇ ਪੋਤਰੇ ਬ੍ਰਹਿਦਰਥ ਦੇ ਕਤਲ ਹੋਣ ਤੱਕ ਜਾਰੀ ਰਹੀ। ਇਸ ਤੋਂ ਬਾਅਦ ਅਜਿਹਾ ਭਿਅੰਕਰ ਮੋੜ ਆਇਆ ਕਿ ਉਸਦਾ ਭਿਅੰਕਰ ਪਰਛਾਵਾਂ ਅੱਜ ਤੱਕ ਨਾਲ-ਨਾਲ ਹੀ ਚੱਲ ਰਿਹਾ ਹੈ।

ਭਾਰਤ ਦੀ ਇੱਥੋਂ ਤੱਕ ਦੀ ਕਹਾਣੀ ਤਾਂ ਭਾਵੇਂ ਦੁਨੀਆਂ ਦੇ ਇਤਿਹਾਸ ਨਾਲ ਹੀ ਮੇਲ ਖਾਂਦੀ ਹੈ ਪਰ ਇਸ ਤੋਂ ਬਾਅਦ ਜਦੋਂ ਸਾਡੀ ਸਭਿਅਤਾ ਹਮਲਾਵਰਾਂ ਦੇ ਵੱਸ ਪੈ ਕੇ ਵਰਣਾਂ ਵਿਚ ਵੰਡੀ ਗਈ ਤਾਂ ਇਹ ਬਾਕੀ ਦੁਨੀਆਂ ਤੋਂ ਅੱਡਰੀ ਕਿਸਮ ਦੀ ਸਭਿਅਤਾ ਹੋ ਨਿੱਬੜੀ। ਦੁਨੀਆਂ ਵਿਚ ਹੋਰ ਕਿਤੇ ਮਨੁੱਖਤਾ ਵਿਚ ਵੰਡੀਆਂ ਪਾ ਕੇ ਉਹਨਾਂ ਨੂੰ ਵਰਣਾਂ ਤੇ ਜਾਤੀਆਂ ਵਿਚ ਵੰਡ ਕੇ, ਉਚ-ਨੀਚ ਪੈਦਾ ਕਰਕੇ, ਉਚਿਆਂ ਵੱਲੋਂ ਨੀਵਿਆਂ ਨੂੰ ਇੰਨੇ ਤਸੀਹੇ ਨਹੀਂ ਦਿੱਤੇ ਗਏ, ਇੰਨੇ ਅੱਤਿਆਚਾਰ ਨਹੀਂ ਕੀਤੇ ਗਏ।ਬਾਕੀ ਸਭਿਅਤਾਵਾਂ ਦੀ ਕਹਾਣੀ ਤਕੜੇ ਤੇ ਮਾੜੇ, ਜਾਂ ਗਰੀਬ ਤੇ ਅਮੀਰ ਜਾਂ ਮਾਲਕ ਤੇ ਗੁਲਾਮ ਦੀ ਰਹੀ ਹੋਵੇਗੀ ਪਰ ਕਿਸੇ ਨੇ ਕਿਸੇ ਤੇ ਇੰਨੇ ਜ਼ੁਲਮ ਨਹੀਂ ਕੀਤੇ ਹੋਣਗੇ, ਜਿਸ ਤੋਂ ਮਨੁੱਖਤਾ ਹੱਦੋਂ ਵੱਧ ਸ਼ਰਮਸਾਰ ਹੋਈ ਹੋਵੇ। ਵਰਣਾਂ ਨੂੰ ਪੱਕਿਆਂ ਕਰਕੇ ਮਨੂੰਵਾਦੀ ਜਾਤਪਾਤੀ ਪ੍ਰਣਾਲੀ ਦੀ ਅਜਿਹੀ ਸਿਰਜਣਾ ਕੀਤੀ ਗਈ ਕਿ ਚੰਗੇ ਤੋਂ ਚੰਗੇ ਰਾਜ ਪ੍ਰਬੰਧ ਆਏ, ਸਿੱਖੀ ਵਰਗੀਆਂ ਹੋਰ ਕਈ ਮਨੁੱਖ ਹਿਤੈਸ਼ੀ ਲਹਿਰਾਂ ਆਈਆਂ, ਮਨੁੱਖਤਾ ਨੂੰ ਪ੍ਰਣਾਏ ਕਈ ਸੰਤ, ਗੁਰੂ, ਵਿਦਵਾਨ, ਆਗੂ ਆਏ, ਆਜ਼ਾਦੀ ਆਈ, ਲੋਕਰਾਜ ਆਇਆ, ਵਿਗਿਆਨ ਦੀ ਸਿਖਰ ਆਈ, ਸਾਰੀ ਦੁਨੀਆਂ ਇਕ ਇਕਾਈ ਵਿਚ ਵੱਟ ਗਈ ਪਰ ਅਫ਼ਸੋਸ ਇਹ ਅਣਮਨੁੱਖੀ ਜਾਤਪਾਤੀ ਵੰਡ ਕੋਈ ਨਾ ਤੋੜ ਸਕਿਆ। ਇਹੀ ਵਿਵਸਥਾ ਹੈ ਜਿਸਨੇ ਅਤੀਤ ਵਿਚ ਦੇਸ਼ ਨੂੰ ਤਰ੍ਹਾਂ-ਤਰ੍ਹਾਂ ਦੇ ਵਿਦੇਸ਼ੀਆਂ ਦਾ ਗੁਲਾਮ ਬਣਾਇਆ, ਸੋਨੇ ਦੀ ਚਿੜੀਆ ਨੂੰ ਕੰਗਾਲ ਤੇ ਭੁੱਖਮਰੀ ਦਾ ਸ਼ਿਕਾਰ ਬਣਾਇਆ ਪਰ ਇਸਨੂੰ ਕਾਇਮ ਰੱਖਿਆ ਗਿਆ। ਦੁਨੀਆਂ ਦੀਆਂ ਨਜ਼ਰਾਂ ਵਿਚ ਇਸ ਵਿਵਸਥਾ ਨੇ ਭਾਰਤ ਦਾ ਅਕਸ ਰਸਾਤਲ ਵੱਲ ਧੱਕਿਆ, ਮਨੁੱਖੀ ਹੱਕਾਂ ਦਾ ਘਾਣ ਕੀਤਾ, ਸਭ ਕੁਝ ਹੁੰਦਿਆਂ-ਸੁੰਦਿਆਂ ਅਸੀਂ ਦੁਨੀਆਂ ਦੇ ਗਰੀਬ ਮੁਲਕਾਂ ਦੀ ਕਤਾਰ ਵਿਚ ਪਿੱਛੇ ਲੱਗੇ ਰਹੇ, ਭੁੱਖ ਤੇ ਨੰਗ ਨਾਲ ਘੁਲਦੇ ਰਹੇ ਪਰ ਅਸੀਂ ਇਸ ਜਾਤਪਾਤੀ ਵਿਵਸਥਾ ਨੂੰ ਸੇਕ ਨਹੀਂ ਆਉਣ ਦਿੱਤਾ।

ਇਸ ਵਿਵਸਥਾ ਨੂੰ ਜਾਰੀ ਰੱਖਣ ਜਾਂ ਖਤਮ ਕਰਨ ਦੇ ਅੱਜ ਦੋ ਵੱਖੋ-ਵੱਖ ਖੇਮੇ ਉਭਰ ਕੇ ਭਾਰਤ ਦੇ ਨਕਸ਼ੇ 'ਤੇ ਆ ਚੁੱਕੇ ਹਨ। ਇਕ ਖੇਮਾ ਇਸਨੂੰ ਜਾਰੀ ਰੱਖ ਰਿਹਾ ਹੈ ਕਿਉਂਕਿ ਉਸ ਨੇ ਇਸ ਤੋਂ ਲਾਭ ਲਿਆ ਹੈ ਤੇ ਲੈਣਾ ਚਾਹੁੰਦਾ ਹੈ। ਦੂਜਾ ਖੇਮਾ ਇਸ ਵਿਵਸਥਾ ਦਾ ਨਪੀੜਿਆ ਹੋਇਆ ਹੈ, ਉਹ ਇਸਨੂੰ ਖਤਮ ਕਰਨਾ ਚਾਹੁੰਦਾ ਹੈ। ਦੂਜੇ ਖੇਮੇ ਦੇ ਝੰਡਾ ਬਰਦਾਰ ਹਨ ਡਾ. ਅੰਬੇਡਕਰ, ਜਿਹਨਾਂ ਦੇ ਵਿਧੀਵਤ ਸੰਘਰਸ਼ ਨੇ ਸਦੀਆਂ ਤੋਂ ਲਤਾੜੇ, ਦਬਾਏ, ਗਰੀਬੀ ਦੇ ਝੰਬੇ, ਜਾਨਵਰ ਨੁਮਾ ਮਨੁੱਖਾਂ ਨੂੰ ਮਨੁੱਖ ਹੋਣ ਦਾ ਦਰਜਾ ਤੇ ਉਹਨਾਂ ਨੂੰ ਮਨੁੱਖੀ ਹੱਕ ਦਿਵਾਉਣ ਦਾ ਨਾਮਣਾ ਖੱਟਿਆ। ਉਹਨਾਂ ਨੂੰ ਜਦੋਂ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਆਪਣੀ ਵਿਚਾਰਧਾਰਾ ਨੂੰ ਲਿਖਤੀ ਰੂਪ ਦੇ ਦਿੱਤਾ। ਸੰਖੇਪ ਵਿਚ 'ਅੰਬੇਡਕਰ-ਦਰਸ਼ਨ' ਵਿਗਿਆਨਕ ਸੋਚ ਦਾ ਹੋਕਾ ਹੈ, ਮਨੁੱਖੀ ਹੱਕਾਂ ਦਾ ਪਹਿਰੇਦਾਰ ਹੈ, ਆਜ਼ਾਦੀ ਦਾ ਰਖਵਾਲਾ ਹੈ, ਬਰਾਬਰਤਾ ਦਾ ਝੰਡਾ ਬਰਦਾਰ ਹੈ, ਸਮਾਜਿਕ ਭਾਈਚਾਰੇ ਦਾ ਲਖਾਇਕ ਹੈ, ਮਨੁੱਖ ਨੂੰ ਕੇਂਦਰ ਵਿਚ ਰੱਖ ਕੇ ਧਰਮ ਰਹਿਤ ਸਮਾਜਿਕ ਸਰੋਕਾਰਾਂ ਨਾਲ ਓਤ-ਪੋਤ ਇਹ ਖੁਸ਼ਹਾਲੀ ਦਾ ਪ੍ਰਤੀਕ ਹੈ। ਵਰਣ ਵਿਵਸਥਾ ਦੇ ਸਤਾਇਆਂ ਦਾ ਗਾਡੀਹਾਰਾ ਹੈ ਇਹ।



ਉਪਰੋਕਤ ਢਾਂਚੇ ਦੇ ਤਾਣੇ-ਬਾਣੇ ਤੋਂ ਬਣੇ ਪੈਮਾਨੇ ਰਾਹੀਂ ਇਸਦੇ ਮਾਪਦੰਡਾਂ ਦੇ ਆਧਾਰ 'ਤੇ ਅਸੀਂ ਲੇਖਕਾਂ, ਕਵੀਆਂ, ਕਹਾਣੀਕਾਰਾਂ, ਫਿਲਮਕਾਰਾਂ ਅਤੇ ਸਿਆਸਤਦਾਨਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ। ਇਸੇ ਆਧਾਰ 'ਤੇ ਜਦੋਂ ਅਸੀਂ ਆਪਣੇ ਮਸ਼ਹੂਰ ਗ਼ਜ਼ਲਗੋ ਸ੍ਰੀ ਰਾਮ 'ਅਰਸ਼' ਦੀਆਂ ਰਚਨਾਵਾਂ ਦੀ ਪਰਖ ਪੜਚੋਲ ਕਰਦੇ ਹਾਂ ਤਾਂ ਉਹ ਅੰਬੇਡਕਰਵਾਦੀ ਵਧੇਰੇ ਲੱਗਦਾ ਹੈ। ਉਹ ਮਾਰਕਸੀ ਵਿਚਾਰਧਾਰਾ ਦਾ ਲਖਾਇਕ ਵੀ ਆਖਿਆ ਜਾ ਸਕਦਾ ਸੀ ਪਰ ਉਸਨੇ ਮਾਰਕਸੀ ਵਿਚਾਰਧਾਰਾ ਅਨੁਸਾਰ ਗਰੀਬਾਂ, ਮਜ਼ਦੂਰਾਂ ਤੇ ਲੋਟੂਆਂ ਦੀ ਕਹਾਣੀ ਨੂੰ ਵਰਣ ਵੰਡ ਦੀ ਐਨਕ ਵਿਚੋਂ ਤੱਕਿਆ ਹੈ ਅਤੇ ਇਸ ਅਨੁਸਾਰ ਨਤੀਜੇ ਕੱਢੇ ਹਨ। ਆਪਣੀਆਂ ਰਚਨਾਵਾਂ ਰਾਹੀਂ ਹੀ ਉਸਨੇ ਆਪਣੇ ਆਪ ਨੂੰ ਅੰਬੇਡਕਰਵਾਦੀ ਸਾਬਤ ਨਹੀਂ ਕੀਤਾ ਸਗੋਂ ਆਪਣੇ-ਆਪ ਹੀ ਆਪਣੇ-ਆਪ ਨੂੰ ਅੰਬੇਡਕਰਵਾਦੀ ਐਲਾਨ ਵੀ ਦਿੱਤਾ ਹੈ। ਉਹਨਾਂ ਆਪਣੀ ਗ਼ਜ਼ਲਾਂ ਦੀ ਪੁਸਤਕ 'ਫਰਜ਼' ਦੇ ਆਦਿ ਕਥਨ ਵਿਚ ਲਿਖਿਆ ਹੈ-

'ਡਾ. ਅੰਬੇਡਕਰ ਦੀ ਅਦੁੱਤੀ ਮਨੁੱਖਵਾਦੀ ਵਿਚਾਰਧਾਰਾ ਦੀ ਚਿਣਗ ਨਾਲ ਜਗਾਈ ਗਈ ਦਲਿਤ ਜਾਗ੍ਰਤੀ ਦੀ ਪਾਵਨ ਮਸ਼ਾਲ ਅਜੇ ਮਹਾਰਾਸ਼ਟਰ ਦੀ ਧਰਤੀ ਦਾ ਗਮਨ ਕਰ ਰਹੀ ਸੀ ਜਦੋਂ ਮੈਂ ਤ੍ਰਾਸਦੀ ਭੋਗਦੇ ਮਨੁੱਖ ਬਾਰੇ ਇਹ ਕਿਹਾ ਸੀ-

ਉਹ ਕਿਵੇਂ ਬੋਲੇ ਕਿਵੇਂ ਇਨਸਾਫ਼ ਮੰਗੇ ਦੋਸਤੋ
ਜੋ ਚਿਰਾਂ ਤੋਂ ਜ਼ੁਲਮ ਨੂੰ ਸਹਿ ਸਹਿ ਕੇ ਪੱਥਰ ਹੋ ਗਿਆ।

ਉਹ ਅੱਗੇ ਲਿਖਦੇ ਹਨ-

"... ਮੇਰੀ ਆਸਥਾ ਅਤੇ ਪ੍ਰਤੀਬੱਧਤਾ ਵਰਣਹੀਣ ਅਤੇ ਵਰਗਹੀਣ ਸਮਾਜ ਦੀ ਸਥਾਪਨਾ ਕਰਨ ਵਿਚ ਹੈ। ਮੈਂ ਇਸ ਅਦਭੁਤ ਸਿਧਾਂਤ ਨੂੰ ਕਰੋੜਾਂ ਲੋਕਾਂ ਦੀ ਨਿਜਾਤ ਦਾ ਸਾਧਨ ਸਮਝਦਾ ਹਾਂ। ਮੇਰੇ ਵਰਗੇ ਅਣਗਿਣਤ ਸੁਚੇਤ ਦੇਸ਼ਵਾਸੀ ਅਣਮਨੁੱਖੀ ਵਰਣ ਵਿਹੁ ਨੂੰ ਸਮਾਪਤ ਕਰਕੇ ਇਸ ਧਰਤੀ ਉਪਰ ਮਾਨਵਤਾਵਾਦੀ ਪਰਚਮ ਨੂੰ ਉੱਚਾ ਹੋਰ ਉੱਚਾ ਲਹਿਰਾਉਣ ਦੇ ਕਾਰਜ ਵਿਚ ਜੁਟੇ ਹੋਏ ਹਨ।"

ਇੰਝ ਉਹਨਾਂ ਨੇ ਬਿਨਾਂ ਕਿਸੇ ਲਾਗ ਲਪੇਟ ਤੋਂ ਆਪਣੇ-ਆਪ ਨੂੰ ਅੰਬੇਡਕਰਵਾਦ ਦੇ ਮਾਨਵਤਾਵਾਦੀ ਝੰਡੇ ਨੂੰ ਉੱਚਾ ਲਹਿਰਾਉਣ ਵਾਲਿਆਂ ਦੀ ਕਤਾਰ ਵਿਚ ਸ਼ਾਮਲ ਕਰ ਲਿਆ ਹੈ। ਇਸ ਅਦਭੁਤ ਸਿਧਾਂਤ ਨੂੰ ਉਹ ਕਰੋੜਾਂ ਲੋਕਾਂ ਦੀ ਬੰਦਖੁਲਾਸੀ ਦਾ, ਆਜ਼ਾਦੀ ਦਾ ਸਾਧਨ ਮੰਨਦੇ ਹਨ। ਇਸ ਵਿਚ ਉਸਦੀ ਆਸਥਾ ਹੈ ਪਰ ਉਹ ਉਸ ਵੇਲੇ ਦੁਖੀ ਹੁੰਦੇ ਹਨ, ਜਦੋਂ ਵੇਖਦੇ ਹਨ ਕਿ ਪੰਜਾਬੀ ਸਾਹਿਤ ਵਿਚ ਇਸ ਮਾਨਵਵਾਦੀ ਸਿਧਾਂਤ ਦੇ ਸ਼ਿਅਰਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸਨੂੰ ਉਹ ਸਾਜ਼ਿਸ਼ ਆਖਣ ਤੱਕ ਚਲੇ ਜਾਂਦੇ ਹਨ। ਉਹ ਅੱਗੇ ਲਿਖਦੇ ਹਨ-

"ਪਰ ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਅਤੇ ਵਿਸ਼ੇਸ਼ਕਰ ਗ਼ਜ਼ਲ ਦੇ ਅਲੋਚਕਾਂ ਨੇ ਅਜਿਹੇ ਮਾਨਵਤਾਵਾਦੀ ਸਿਧਾਂਤ ਨਲ ਓਤ-ਪੋਤ ਸ਼ਿਅਰਾਂ ਵੱਲ ਧਿਆਨ ਹੀ ਨਹੀਂ ਮਾਰਿਆ। ਜ਼ਿਕਰ ਜ਼ਕਾਰ ਹੀ ਨਹੀਂ ਕੀਤਾ। ਅਜਿਹਾ ਕਰਨਾ ਵੀ ਤਾਂ ਇਨਸਾਨੀਅਤ ਵਿਰੋਧੀ ਸਾਜ਼ਿਸ਼ ਹੀ ਸਮਝੀ ਜਾਣੀ ਚਾਹੀਦੀ ਹੈ।"

ਪ੍ਰਸਿੱਧ ਉਸਤਾਦ ਗ਼ਜ਼ਲਗੋ ਡਾ. ਸਾਧੂ ਸਿੰਘ ਹਮਦਰਦ ਨੇ 'ਅਰਸ਼' ਦੀਆਂ ਗ਼ਜ਼ਲਾਂ ਵਿਚੋਂ ਅਜਿਹੇ ਸ਼ਿਅਰ ਲੱਭੇ ਹਨ ਜੋ ਉਪਰੋਕਤ ਵਿਚਾਰਾਂ ਦੀ ਪ੍ਰੋੜਤਾ ਕਰਦੇ ਹਨ। ਉਹ ਲਿਖਦੇ ਹਨ, "ਉਹ ਦਲਿਤ ਅਤੇ ਪੱਛੜੇ ਵਰਗ ਦੀਆਂ ਮੁਸ਼ਕਿਲਾਂ ਅਤੇ ਅਪਦਾਵਾਂ ਤੋਂ ਚੰਗੀ ਤਰ੍ਹਾਂ ਜਾਣੂ ਹੈ ਤੇ ਇਹਨਾਂ ਦੀ ਆਪਣੇ ਕਲਾਮ ਵਿਚ ਅਕਾਸੀ ਕਰਦਾ ਹੈ। ਦਲਿਤ ਜਾਤੀਆਂ ਉਤੇ ਹਜ਼ਾਰਾਂ ਸਾਲਾਂ ਤੋਂ ਮਨੂੰ ਮਹਾਰਾਜ ਦੀ ਕਿਰਪਾ ਨਾਲ ਸਵਰਣ ਜਾਤੀਆਂ ਜਬਰ ਕਰਦੀਆਂ ਆਈਆਂ ਹਨ। ਉਹਨਾਂ ਦੀ ਦਰਦ ਭਰੀ ਕਹਾਣੀ 'ਅਰਸ਼' ਨੇ ਆਪਣੇ ਸ਼ਿਅਰਾਂ ਵਿਚ ਢੁਕਵੇਂ ਢੰਗ ਨਾਲ ਬਿਆਨ ਕੀਤੀ ਹੈ"-
(ਗ਼ਜ਼ਲ ਜਨਮ ਅਤੇ ਵਿਕਾਸ- 1985)

ਡਾ. ਹਮਦਰਦ ਤੋਂ ਤਿੰਨ ਦਹਾਕੇ ਬਾਅਦ ਪ੍ਰਸਿੱਧ ਗ਼ਜ਼ਲਗੋ ਡਾ. ਐਸ. ਤਰਸੇਮ ਨੇ ਵੀ ਆਪਣੀ ਪੁਸਤਕ 'ਪੰਜਾਬੀ ਗ਼ਜ਼ਲ ਸ਼ਾਸਤਰ' ਵਿਚ ਇਸ ਤੱਥ ਨੂੰ ਤਸਲੀਮ ਕੀਤਾ ਹੈ। 'ਅਰਸ਼' ਨੇ ਆਪ ਇਸ ਬਾਰੇ ਇੰਝ ਖੁਲਾਸਾ ਕੀਤਾ ਹੈ, "ਡਾ. ਐਸ. ਤਰਸੇਮ ਨੇ ਆਪਣੀ ਮਹੱਤਵਪੂਰਨ ਪੁਸਤਕ 'ਪੰਜਾਬ ਗ਼ਜ਼ਲ ਸ਼ਾਸਤਰ' ਵਿਚ ਮੇਰੀਆਂ ਗ਼ਜ਼ਲਾਂ ਵਿਚੋਂ ਅਜਿਹੇ ਸ਼ਿਅਰ ਚੁਣ ਕੇ ਪਾਠਕਾਂ ਨੂੰ ਪਰੋਸੇ ਹਨ, ਜਿਹੜੇ ਹਾਸ਼ੀਆਗਤ ਲੋਕਾਂ ਨੂੰ ਹੰਭਲਾ ਮਾਰ ਕੇ ਸਮਾਜ ਵਿਚ ਆਪਣਾ ਬਣਦਾ ਸਥਾਨ ਪ੍ਰਾਪਤ ਕਰਨ ਦੀ ਪ੍ਰੇਰਨਾ ਵੀ ਦਿੰਦੇ ਹਨ।"

ਇੰਝ ਸ੍ਰੀ ਰਾਮ 'ਅਰਸ਼' ਨੇ ਆਪਣੇ ਆਪ ਨੂੰ ਅੰਬੇਡਕਰਵਾਦੀ ਮੰਨ ਲਿਆ ਹੈ ਅਤੇ ਮਸ਼ਹੂਰ ਗ਼ਜ਼ਲਗੋ ਆਲੋਚਕਾਂ ਨੇ ਵੀ ਇਸਦੀ ਤਾਈਦ ਕਰ ਦਿੱਤੀ ਹੈ। 'ਅਰਸ਼' ਦਾ ਤਾਂ ਮੰਤਵ ਹੀ ਸਮਾਜਿਕ ਸਰੋਕਾਰਾਂ ਨੂੰ ਪੇਸ਼ ਕਰਨਾ ਰਿਹਾ ਹੈ। ਉਹ ਕਲਾ ਨੂੰ ਕਲਾ ਲਈ ਨਹੀਂ ਸਗੋਂ ਕਲਾ ਨੂੰ ਲੋਕ ਹਿੱਤ ਵਿਚ ਵਰਤਦਾ ਹੈ। ਉਹ ਨਵੇਂ ਦੌਰ ਦਾ ਬਹੁ-ਆਯਾਮੀ ਗ਼ਜ਼ਲਗੋ ਹੈ। ਨਾ ਉਹ ਜ਼ਿਆਦਾ ਉਸਤਾਦੀ ਦਿਖਾਉਂਦਾ ਹੈ ਅਤੇ ਨਾ ਹੀ ਔਖੇ ਸ਼ਬਦਾਂ ਦਾ ਜਾਲ ਬੁਣਦਾ ਹੈ, ਬੱਸ ਸਿੱਧੀ ਸਾਦੀ ਸਰਲ ਭਾਸ਼ਾ ਵਿਚ ਸਿੱਧੀ-ਸਾਦੀ ਗੱਲ ਆਖ ਕੇ ਵੱਡੇ ਅਰਥ ਦੇ ਜਾਂਦਾ ਹੈ। ਸਮਾਜ ਦੀਆਂ ਗਲਤ ਕਦਰਾਂ ਕੀਮਤਾਂ ਨੂੰ ਇੰਝ ਪੇਸ਼ ਕਰਦਾ ਹੈ ਕਿ ਉਸ ਪ੍ਰਤੀ ਨਫਰਤ ਦਾ ਜਹਾਦ ਖੜ੍ਹਾ ਹੋ ਜਾਵੇ। ਕਿਉਂਕਿ ਗ਼ਜ਼ਲ ਦੇ ਹਰ ਸ਼ਿਅਰ ਵਿਚ ਵੱਖਰੇ ਵਿਚਾਰ ਹੁੰਦੇ ਹਨ, ਇਸ ਲਈ ਹਰ ਗ਼ਜ਼ਲ ਵਿਚ ਕੋਈ ਨਾ ਕੋਈ ਸ਼ਿਅਰ ਸਮਾਜਿਕ ਸਰੋਕਾਰ ਨੂੰ ਪ੍ਰਣਾਇਆ ਮਿਲ ਜਾਂਦਾ ਹੈ। ਅਰਸ਼ ਨੇ ਆਪਣੀ ਨਿਵੇਕਲੀ ਸ਼ੈਲੀ ਨਾਲ ਸਾਬਤ ਕਰ ਦਿੱਤਾ ਹੈ ਕਿ ਜੋ ਗ਼ਜ਼ਲ ਕਿਸੇ ਵੇਲੇ ਅਰਬੀ, ਫਾਰਸੀ ਤੇ ਉਰਦੂ ਦੀ ਵਿਦੇਸ਼ੀ ਵਿਧਾ ਮੰਨੀ ਜਾਂਦੀ ਸੀ ਅਤੇ ਬਹੁਤਾ ਕਰਕੇ ਸੁਰਾ, ਸੁਰਾਹੀ, ਜਾਮ, ਇਸ਼ਕ, ਮੁਹੱਬਤ, ਬੇਵਫਾਈ ਵਿਛੋੜੇ ਆਦਿ ਦੇ ਦੁਆਲੇ ਹੀ ਘੁੰਮਦੀ ਰਹਿੰਦੀ ਸੀ। ਉਸ ਗ਼ਜ਼ਲ ਦੇ ਪੰਜਾਬੀ ਵਿਚ ਨਾ ਸਿਰਫ਼ ਵਿਸ਼ਾ ਵਸਤੂ ਹੀ ਬਦਲੇ ਜਾ ਸਕਦੇ ਹਨ, ਸਗੋਂ ਪੰਜਾਬੀ ਸਭਿਆਚਾਰ ਵਿਚੋਂ ਉਦਾਹਰਣਾਂ, ਬਿੰਬ, ਪ੍ਰਤੀਬਿੰਬ ਲੈ ਕੇ ਉਸਨੂੰ ਖਾਲਸ ਪੰਜਾਬੀ ਰੂਪ ਵੀ ਦਿੱਤਾ ਜਾ ਸਕਦਾ ਹੈ। 'ਅਰਸ਼( ਜਿੱਥੇ ਇਤਿਹਾਸ-ਮਿਥਿਹਾਸ ਵਿਚੋਂ ਬਿੰਬ ਲੈ ਕੇ ਉਹਨਾਂ ਨੂੰ ਨਵੇਂ ਅਰਥਾਂ ਵਿਚ ਪੇਸ਼ ਕਰਨ ਦੀ ਸਮਰੱਥਾ ਰੱਖਦਾ ਹੈ, ਉਥੇ ਪੰਜਾਬੀ ਸਭਿਆਚਾਰ ਵਿਚੋਂ ਵੀ ਆਸਾਨ ਬਿੰਬਾਂ ਪ੍ਰਤੀਬਿੰਬਾਂ ਨਾਲ ਡੂੰਘੇ ਅਰਥ ਦੇ ਸਕਦਾ ਹੈ। ਝਨਾਂ, ਹੀਰ, ਜੋਗੀ, ਰਾਂਝਾ, ਖੇੜੇ, ਤਖ਼ਤ ਹਜ਼ਾਰਾ, ਚੂਰੀ, ਬੇਲਾ, ਮੱਝਾਂ, ਪੂਰਨਮਾਸ਼ੀ, ਕੱਚੇ ਤੇ ਤੈਰਨਾ, ਕਲਜੁਗ, ਨਾਥ, ਡੇਰੇ, ਚਿਮਟਾ, ਸ਼ੰਖ, ਜਟਾਵਾਂ, ਇਕਲਵੇ, ਦਰੋਣਾਚਾਰੀਆ, ਪੂਰਨ, ਸੁੰਦਰਾਂ, ਕੁਰਖੇਤਰ ਆਦਿ ਵਰਗੇ ਕਿੰਨੇ ਹੀ ਸ਼ਬਦ ਤੇ ਬਿੰਬ ਵਰਤ ਕੇ ਅਰਸ਼ ਨੇ ਆਪਣੀਆਂ ਗ਼ਜ਼ਲਾਂ ਨੂੰ ਪੰਜਾਬੀ ਰੰਗ ਵਿਚ ਰੰਗਿਆ ਹੈ। ਉਹ ਆਪ ਵੀ ਕਹਿੰਦੇ ਹਨ:-

"ਮੈਂ ਆਪਣੇ ਗ਼ਜ਼ਲ ਦਿਆਂ ਸ਼ਿਅਰਾਂ ਨੂੰ ਪੰਜਾਬ ਦੀ ਧਰਤੀ ਉਪਰ ਵਗਦੇ ਦਰਿਆਵਾਂ ਦਾ ਅੰਮ੍ਰਿਤ ਜਲ ਪਿਆ ਕੇ ਸਦੀਵਤਾ ਪ੍ਰਦਾਨ ਕਰਨੀ ਲੋਚਦਾ ਹਾਂ' ਤੇ ਉਹ ਇਸ ਵਿਚ ਕਾਮਯਾਬ ਹੈ। ਇਹਨਾਂ ਖਿਆਲਾਂ ਨਾਲ ਲਬਰੇਜ਼ ਉਹ ਦੋ ਕੁ ਦਰਜਨ ਪੁਸਤਕਾਂ ਪੰਜਾਬੀ ਬੋਲੀ ਨੂੰ ਅਰਪਣ ਕਰ ਚੁੱਕੇ ਹਨ। ਇਹਨਾਂ ਵਿਚੋਂ ਵਰਣ ਵਿਵਸਥਾ ਦੇ ਸਤਾਏ ਲੋਕ ਤੇ ਉਹਨਾਂ ਨੂੰ ਪੇਸ਼ ਦੁਸ਼ਵਾਰੀਆਂ ਦੇ ਸ਼ਿਅਰਾਂ ਦੀ ਵੰਨਗੀ ਪੇਸ਼ ਹੈ-

ਤੁਹਾਡੇ ਸ਼ਹਿਰ ਦੀ ਛਿਪਦੀ ਤਰਫ ਢਾਰਾ ਜੋ ਮੇਰਾ ਹੈ
ਰਵੀ ਦੇ ਹੁੰਦਿਆਂ ਵੀ ਉਸ 'ਚ ਰਹਿੰਦਾ ਕਿਉਂ ਹਨੇਰਾ ਹੈ?

ਇਹ ਕੌੜਾ ਸੱਚ ਹੈ ਕੈਸਾ! ਉਨ੍ਹਾਂ ਦਾ ਘਰ ਨਹੀਂ ਕੋਈ
ਜਿਨ੍ਹਾਂ ਨੇ 'ਅਰਸ਼' ਸਾਰੇ ਸ਼ਹਿਰ ਖ਼ਾਤਰ ਘਰ ਬਣਾਏ ਹਨ।

ਉਹ ਖ਼ੁਦ ਨੂੰ ਇਕ ਸੁਤੰਤਰ ਦੇਸ਼ ਦੇ ਵਾਸੀ ਕਿਵੇਂ ਸਮਝਣ
ਜਿਨ੍ਹਾਂ ਨੇ ਉਮਰ ਜ਼ਿੱਲਤ ਦੀ ਛਵੀ ਹੇਠਾਂ ਗੁਜ਼ਾਰੀ ਹੈ।

ਏਸ ਕਾਣੀ ਵੰਡ ਦਾ, ਮੈਂ ਦੋਸ਼ ਕਿਸਦੇ ਸਿਰ ਧਰਾਂ?
ਕੋਈ ਦੌਲਤਮੰਦ, ਜ਼ੋਰਾਵਰ, ਕੋਈ ਕਮਜ਼ੋਰ ਹੈ।

ਲੋਕ ਜਿਹੜੇ ਜ਼ਿੰਦਗੀ ਦੇ ਸੋਮਿਆਂ ਤੋਂ ਦੂਰ ਹਨ
ਕਲ੍ਹ ਵੀ ਉਹ ਮਜਬੂਰ ਸਨ ਤੇ ਅੱਜ ਵੀ ਉਹ ਮਜਬੂਰ ਹਨ।

ਸਖ਼ਤ ਮਿਹਨਤ ਕਰਕੇ ਵੀ ਭੁੱਖਾਂ ਦੇ ਕੈਦੀ ਹਨ ਜਿਹੜੇ
ਸੋਚਦੀ ਹੈ ਘਾਲਣਾ ਕੇਹੋ ਜਿਹੇ ਮਜ਼ਦੂਰ ਹਨ?

ਇਕ ਤਾਂ ਮੇਰੀ ਧਿਰ ਹੈ ਛੋਟੀ, ਦੂਜੀ ਨਿਰਬਲ ਉਨ੍ਹਾਂ ਤੋਂ
ਕਿੰਝ ਇਨਸਾਫ਼ ਮਿਲੇਗਾ ਮੈਨੂੰ ਮੁਨਸਿਫ਼ ਵੱਡੀ ਧਿਰ ਦੇ ਹਨ।

ਜਿਸਨੂੰ ਤੂੰ ਹੈ ਦਰੜਿਆ ਪੈਰਾਂ ਦੇ ਹੇਠ ਚਾਰ ਜੁਗ
ਦੋਸਤਾ ਉਸਨੂੰ ਵੀ ਹੁਣ ਜੀ ਲੈਣ ਦੇ ਇਨਸਾਨ ਵਾਂਗ।

ਸ੍ਰੀ ਰਾਮ 'ਅਰਸ਼' ਨੇ ਉਸ ਇਤਿਹਾਸ-ਮਿਥਿਹਾਸ ਦੀਆਂ ਬਰੀਕ ਪਰਤਾਂ ਨੂੰ ਲਾਹ ਕੇ ਪੇਸ਼ ਕੀਤਾ ਹੈ, ਜਿਸਨੇ ਦਲਿਤਾਂ ਨੂੰ ਜੁਗੋਂ ਜੁਗ ਲੁੱਟ ਦਾ ਸਾਧਨ ਬਣਾਈ ਰੱਖਣ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ।ਧਰਮ ਦੇ ਸਹਾਰੇ ਪਲਣ ਵਾਲੇ ਕਰਮਕਾਂਡਾਂ ਅਤੇ ਪਾਖੰਡਾਂ ਨੇ ਵੀ ਦਲਿਤ ਦਾਸਤਾਨ ਨੂੰ ਵਧਾਉਣ ਵਿਚ ਬਹੁਤ ਵੱਡਾ ਹਿੱਸਾ ਪਾਇਆ। ਆਪਣੇ ਸਭਿਆਚਾਰ ਵਿਚ ਵਿੱਚਰਦੀਆਂ ਇਤਿਹਾਸ-ਮਿਥਿਹਾਸ ਦੀਆਂ ਉਹਨਾਂ ਗੰਭੀਰ ਕਿਸਮ ਦੀਆਂ ਘਟਨਾਵਾਂ ਨੂੰ ਜੋ ਲੋਕਾਂ ਦਿਆਂ ਦਿਲਾਂ ਵਿਚ ਚਾਹੇ-ਅਣਚਾਹੇ, ਜਾਣੇ-ਅਣਜਾਣੇ ਖੌਰੂ ਪਾਉਂਦੀਆਂ ਰਹਿੰਦੀਆਂ ਹਨ, ਅਰਸ਼ ਨੇ ਸਹਿਜ ਰੂਪ ਨਾਲ ਆਪਣੀਆਂ ਗ਼ਜ਼ਲਾਂ ਦਾ ਹਿੱਸਾ ਬਣਾਇਆ ਹੈ-

ਜਿਸਨੇ ਸਾਗਰ ਮੰਥਨ ਕੀਤਾ ਉਸਨੂੰ ਅੰਮ੍ਰਿਤ ਮਿਲਿਆ ਨਾ
ਫਿਰ ਕਿੰਝ ਆਪਣੀ ਮਿਹਨਤ ਦਾ ਫਲ ਏਥੇ ਸਭਨੇ ਖਾਣਾ ਹੈ।

ਮਿਰਗ ਨਹੀਂ ਹੁੰਦਾ ਸੋਨੇ ਦਾ ਇਹ ਹੈ 'ਅਰਸ਼' ਛਲਾਵਾ
ਚਲਕੇ ਰਾਣੀ ਨੂੰ ਸਮਝਾਈਏ, ਪੀਰ ਫਕੀਰ ਧਿਆਈਏ।

ਇਕਲਵਿਆ ਜਿਸ ਕਮਾਨ ਥੀਂ ਬਣਿਆ ਸੀ ਤੀਰ ਅੰਦਾਜ਼
ਆਪਣੇ ਲਈ ਦਰੋਣ ਤੋਂ ਉਹੀ ਕਮਾਨ ਸੰਭਾਲ।

ਜਿਨ੍ਹਾਂ ਤੋਂ ਲੋਅ ਦੀ ਕਾਤਰ ਢਾਰਿਆਂ ਵਿਚ ਜਰ ਨਹੀਂ ਹੁੰਦੀ
ਉਹਨਾਂ ਨੇ ਸੋਚ ਨੂੰ ਤਾਲੇ ਲਗਾ ਰੱਖੇ ਰਿਵਾਜ਼ਾਂ ਦੇ।

ਜਦੋਂ ਮਿਥਿਹਾਸ ਨੇ ਵਿਰਸੇ ਨੂੰ ਟੀਸੀ 'ਤੇ ਬਿਠਾ ਦਿੱਤਾ
ਕੁਕਰਮਾਂ ਦਾ ਤਦੋਂ ਦੋਹਾਂ ਨੂੰ ਮੈਂ ਸ਼ੀਸ਼ਾ ਵਿਖਾ ਦਿੱਤਾ।

ਉਹਨਾਂ ਧਰਮ ਰਿਵਾਜ਼ਾਂ ਨੂੰ ਮੈਂ ਕੀਕਣ ਆਦਰ ਮਾਣ ਦਿਆਂ
ਬੇਇਨਸਾਫੀ ਨੂੰ ਸ਼ਹਿ ਦਿੱਤੀ ਜਿਹਨਾਂ ਧਰਮ ਰਿਵਾਜ਼ਾਂ ਨੇ।

ਉਹੀ ਕੱਲ੍ਹ ਤੱਕ ਇਸ ਧਰਤੀ 'ਤੇ 'ਅਰਸ਼' ਹਕੂਮਤ ਕਰਦੇ ਸਨ
ਵੇਖਣ ਨੂੰ ਅੱਜ ਜਿਹੜੇ ਲੋਕੀਂ ਲੱਗਦੇ ਝੱਲ ਵਲੱਲੇ ਨੇ।

ਗੁਰੂ ਦੇ ਕਹਿਣ 'ਤੇ ਅੰਗੂਠਾ ਲਾਹ ਕੇ ਦੇ ਦਿੱਤਾ
ਜਿਹੜੇ ਗੁਰੂ ਦਾ ਕਦੇ ਉਸਨੂੰ ਵਰ ਨਹੀਂ ਮਿਲਿਆ।

ਇਹ ਰਿਹਾ ਹਰ ਇਕ ਸਦੀ ਵਿਚ ਰਾਜ ਸੱਤਾ ਦਾ ਗੁਲਾਮ
ਤਦ ਹੀ ਤਾਂ ਇਤਿਹਾਸ ਵਿਚ ਹੋਈਆਂ ਨੇ ਹੇਰਾਫੇਰੀਆਂ।

ਗਿਆਨ ਦੇ ਭੰਡਾਰ ਮੇਰੇ ਪੁਰਖਿਆਂ ਦੇ ਸਾੜ ਕੇ
ਫਿਰ ਕੀ ਤੂੰ ਬਣ ਗਿਆ ਹੈਂ ਦੇਸ਼ ਦਾ ਵਿਦਵਾਨ ਯਾਰ।

ਗੈਰ ਮਨੁੱਖੀ ਤੰਤਰ ਜਿਸਨੇ ਮੈਨੂੰ ਹੀਣ ਬਣਾਇਆ ਸੀ
ਅੱਜ ਦੀ ਪੀੜ੍ਹੀ ਰੱਦ ਕਰ ਚੁੱਕੀ ਐਸੇ ਦੁਸ਼ਟ ਵਿਚਾਰਾਂ ਨੂੰ।

'ਕਲਿੰਗਾ' ਦੀ ਭਿਅੰਕਰ ਜੰਗ ਦਾ ਇਤਿਹਾਸ ਇਸ ਵਿਚ
'ਸਿਧਾਰਥ' ਦੇ ਫ਼ਕਤ ਕਥਨਾਂ ਦਾ ਇਹ ਵਰਕਾ ਨਹੀਂ ਹੈ।

ਉਹ ਜੋ ਬਿਨ ਕਾਰਨ ਮੇਰੇ ਤੇ ਕਰ ਰਿਹਾ ਹੈ ਜ਼ੁਲਮ ਘਿਰਣਿਤ
ਕਿਉਂ ਕੋਈ ਅਵਤਾਰ ਆ ਕੇ ਉਸਨੂੰ ਸਮਝਾਉਂਦਾ ਨਹੀਂ?

ਸੁਪਨਿਆਂ ਵਿਚ ਸਿੰਧ ਘਾਟੀ ਜਾਂ ਹੜੱਪਾ ਦੇਖਦਾਂ
ਹੋਏਗਾ ਮੇਰਾ ਉਨ੍ਹਾਂ ਦੇ ਨਾਲ ਰਿਸ਼ਤਾ ਦੂਰ ਦਾ।

ਜਿਵੇਂ ਦਲਿਤ ਨੇ ਵਰਣ ਵਿਵਸਥਾ ਅਧੀਨ ਜੁਗਾਂ ਜੁਗਾਂ ਤੀਕ ਅੱਨਿਆ, ਅੱਤਿਆਚਾਰ ਅਤੇ ਅੰਤਾਂ ਦੇ ਜ਼ੁਲਮ ਸਹਿਣ ਕੀਤੇ, ਉਸੇ ਤਰ੍ਹਾਂ ਇਸਤਰੀ ਵੀ ਜਬਰ ਜ਼ੁਲਮ ਦਾ ਸ਼ਿਕਾਰ ਰਹੀ ਹੈ। ਇਸੇ ਵਿਵਸਥਾ ਨੇ ਇਸਤਰੀ ਨੂੰ ਆਜ਼ਾਦ ਹਸਤੀ ਨਾਂ ਮੰਨ ਕੇ ਉਸਨੂੰ ਮਰਦ ਦੇ ਪਰਛਾਵੇਂ ਹੇਠ ਰੱਖਿਆ ਅਤੇ ਮੰਡੀ ਦੀ ਇਕ ਵਸਤ ਬਣਾਈ ਰੱਖਿਆ। ਉਸਨੂੰ ਜਦ ਚਾਹਿਆ ਵਰਤ ਲਿਆ ਤੇ ਜਦ ਚਾਹਿਆ ਛੱਡ ਦਿੱਤਾ। ਮਰਦ ਦੀ ਚਿਖਾ ਵਿਚ ਨਾ ਚਾਹੁੰਦਿਆਂ ਵੀ ਜ਼ਿੰਦਾ ਸੜਨਾ ਪਿਆ। ਜੂਏ

(ਬਾਕੀ ਅਗਲੇ ਸਫੇ 'ਤੇ)

# ਸ੍ਰੀ ਰਾਮ 'ਅਰਸ਼' ਦੀਆਂ ਗਜ਼ਲਾਂ ਵਿਚ 'ਅੰਬੇਡਕਰ-ਦਰਸ਼ਨ'












(ਸਫਾ 19 ਦੀ ਬਾਕੀ)

ਵਿਚ ਹਾਰਨ ਵਾਲੀ ਵਸਤ ਬਣਨਾ ਪਿਆ। ਪੰਜਾਂ ਪੰਜਾਂ ਪਤੀਆਂ ਨੂੰ ਰਿਝਾਉਣਾ ਪਿਆ। ਜੇ ਉਸਨੂੰ ਮਨ ਮਰਜ਼ੀ ਦਾ ਪਤੀ ਚੁਣਨ (ਸਵੰਬਰ) ਦਾ ਅਧਿਕਾਰ ਕਦੇ ਦਿੱਤਾ ਵੀ ਤਾਂ ਸ਼ੱਕ ਪੈਣ 'ਤੇ ਪਤੀ ਨਹੀਂ ਸਗੋਂ ਉਸਨੂੰ ਖੁਦ ਹੀ ਪਵਿੱਤਰ ਹੋਣ ਦਾ ਇਮਤਿਹਾਨ ਦੇਣਾ ਪਿਆ। ਔਰਤ ਨੂੰ ਵੀ ਦਲਿਤ ਵਾਂਗ ਅਨਪੜ੍ਹ, ਜਾਇਦਾਦ ਰਹਿਤ ਇਕ ਗੁਲਾਮ ਬਣਾ ਕੇ ਰੱਖਿਆ ਗਿਆ। ਬੱਸ ਉਹ ਦਲਿਤ ਵਾਂਗ ਇੰਨੀ ਅਛੂਤ ਨਹੀਂ ਸੀ। ਅਬਲਾ, ਕੁਲਟਾ, ਗੁੱਤ ਪਿੱਤੇ ਮੱਤ, ਵਿਭਚਾਰੀ ਆਦਿ ਵਿਸ਼ੇਸ਼ਣ ਉਸ ਲਈ ਆਮ ਵਰਤੇ ਜਾਂਦੇ ਸਨ। ਡਾ. ਅੰਬੇਡਕਰ ਨੇ ਇਸਤਰੀ ਦੇ ਅਧਿਕਾਰਾਂ ਲਈ ਅਤੇ ਉਸਦੇ ਬਰਾਬਰਤਾ ਦੇ ਦਰਜੇ ਲਈ ਸੰਘਰਸ਼ ਕੀਤਾ ਅਤੇ ਬਣਦਾ ਸਥਾਨ ਕਾਨੂੰਨ ਦੀ ਮੁਹਰ ਲੁਆ ਕੇ ਦਿੱਤਾ। ਅੱਜ ਜੇ ਇਸਤਰੀ ਹਰ ਖੇਤਰ ਵਿਚ ਮੱਲਾਂ ਮਾਰ ਰਹੀ ਹੈ ਤਾਂ ਇਸ ਪਿੱਛੇ ਡਾ. ਅੰਬੇਡਕਰ ਦੀ ਸੋਚ ਖਲੋਤੀ ਦਿਸ ਪਵੇਗੀ। ਸ੍ਰੀ ਰਾਮ 'ਅਰਸ਼' ਨੇ ਕਿੰਨੇ ਹੀ ਸ਼ਿਅਰ ਲਿਖੇ ਹਨ, ਜਿਹਨਾਂ ਵਿਚ ਇਸਤਰੀ ਦੀ ਦੁਰਦਸ਼ਾ ਦਾ ਵਰਣਨ ਹੈ। ਉਹ ਇਸਤਰੀ ਦੀ ਆਜ਼ਾਦੀ ਦਾ ਹਾਮੀ ਹੈ। ਵੰਨਗੀ ਵੇਖੋ:-

ਕਿਵੇਂ ਚਿੜੀਆਂ ਨਾਲ ਉਡਣ ਉਸ ਗਗਨ ਅੰਦਰ
ਜਿਹੜੀ ਥਾਂ ਬੇਮੁਹਾਰੇ ਝੁੰਡ ਫਿਰਦੇ ਹੋਣ ਬਾਜ਼ਾਂ ਦੇ।

ਪਹਿਲਾਂ ਉਹਨਾਂ ਨੇ ਸਾਰੀ ਬਸਤੀ ਨੂੰ ਫੂਕ ਸੁੱਟਿਆ
ਫਿਰ ਸੇਜ ਇਕ ਵਿਛਾਈ ਭੁੱਬਲ ਦੇ ਢੇਰ ਉਪਰ।

ਚੁੰਨੀ ਦੀ ਆਬਰੂ ਨੂੰ ਪਰਜਾ ਬਚਾ ਸਕੀ ਨਾ
ਕੁਦਰਤ ਨੇ ਵੈਣ ਪਾਏ ਬੱਚੀ ਦੀ ਲੇਰ ਉਪਰ।

ਉਸਦੇ ਵਿਚ ਸੁੱਤੀ ਪਈ ਮੁਟਿਆਰ ਝੰਬੀ ਜਾਏਗੀ
ਨਿਰਦਈ ਝੱਖੜ ਨੂੰ ਜਦ ਕਮਜ਼ੋਰ ਢਾਰਾ ਮਿਲ ਗਿਆ।

ਉਨ੍ਹਾਂ ਨੂੰ ਤੌਖਲਾ ਹੈ ਬਾਲੜੀ ਅੱਖਰ ਨਾ ਪੜ੍ਹ ਜਾਵੇ
ਕਦੋਂ ਜਾਏਗੀ ਤੰਗ ਨਜ਼ਰੀ ਜਨੂੰਨੀ ਜਬਰਾਂ ਵਿਚੋਂ।

ਰਾਖਸ਼ ਮਿਲ ਕੇ ਸਿਖਰ ਦੁਪਹਿਰੇ ਚੁੰਨੀ ਪੈਰਾਂ ਹੇਠ ਮਧੋਲਣ
ਫਿਰ ਵੀ ਮੇਰੇ ਜੁਗ ਦਾ ਰਹਿਬਰ ਕਿਉਂ ਹੁੰਦਾ ਬੇਦਾਰ ਨਹੀਂ।

ਜਿਹੜੀ ਮਹਿਫੂਜ਼ ਨਾ ਘਰ ਵਿਚ ਬਜ਼ਾਰਾਂ ਨਾ ਬੱਸਾਂ ਅੰਦਰ
ਜੋ ਲੀਰੋ ਲੀਰ ਹੋਈ ਹੈ ਉਹ ਚੁੰਨੀ ਸੀ ਉਸਦਾ ਗਹਿਣਾ।

ਬਾਲ ਕੰਨਿਆ ਦੀ ਹੁੰਦੀ ਬੇਪੱਤੀ ਹੈ ਰਾਤ ਦਿਨ
ਜਾਪਦੈ ਹੁਣ ਆ ਗਈ ਹੈ ਏਸ ਦੁਨੀਆਂ ਦੀ ਅਖੀਰ।

ਵਿਡੰਬਨਾ ਹੈ ਸਵੰਬਰ ਰਚਾਉਣ ਮਗਰੋਂ ਵੀ
ਸਦੀ ਨੂੰ 'ਅਰਸ਼' ਪਸੰਦੀਦਾ ਵਰ ਨਹੀਂ ਮਿਲਿਆ।

ਜੰਡ ਦੀ ਛਾਵੇਂ ਪਿਆਰ ਕਰੇਗਾ ਜਿਹੜਾ ਵੀ
ਉਸਦੇ ਬਚ ਜਾਵਣ ਦੀ ਮੈਨੂੰ ਆਸ ਨਹੀਂ।

ਦਲਿਤਾਂ ਅਤੇ ਔਰਤਾਂ 'ਤੇ ਜੋ ਮਨੂੰਵਾਦੀ ਵਿਵਸਥਾ ਰਾਹੀਂ ਜ਼ੁਲਮ ਅਤੇ ਅੱਤਿਆਚਾਰ ਢਾਏ ਗਏ, ਉਹਨਾਂ ਵਿਰੁੱਧ ਸਮੇਂ-ਸਮੇਂ 'ਤੇ ਸੰਤ, ਗੁਰੂ, ਮਹਾਂਪੁਰਖ ਆਵਾਜ਼ ਬੁਲੰਦ ਕਰਦੇ ਰਹੇ, ਜਿਸਦੇ ਇਵਜ਼ ਵਿਚ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਸੀਹੇ ਅਤੇ ਜ਼ੁਲਮ ਅੱਤਿਆਚਾਰ ਸਹਿਣੇ ਪਏ, ਇੱਥੋਂ ਤੱਕ ਕਿ ਜਾਨ ਦੀਆਂ ਕੁਰਬਾਨੀਆਂ ਵੀ ਦੇਣੀਆਂ ਪਈਆਂ। ਇਸ ਲੜੀ ਵਿਚ ਬੁੱਧ, ਨਾਨਕ, ਨਾਮਦੇਵ, ਤੁੱਕਾ ਰਾਮ, ਬਿਸਵੰਨਾ, ਕਬੀਰ, ਰਵਿਦਾਸ, ਜਿਹੇ ਸੰਤ ਅਤੇ ਜੋਤੀਬਾ ਫੂਲੇ, ਪੈਰੀਅਰ, ਰਾਮਾਸਵਾਮੀ, ਨਰਾਇਣਾ ਗੁਰੂ, ਸ਼ਾਹੂ ਜੀ ਮਹਰਾਜ, ਬਿਰਸਾ ਮੂੰਡਾ, ਸ਼ਿਵਾ ਜੀ ਵਰਗੇ ਮਹਾਂਪੁਰਸ਼ਾਂ ਵਰਗੇ ਕਿੰਨੇ ਹੀ ਨਾਂ ਲਏ ਜਾ ਸਕਦੇ ਹਨ। ਬਾਬਾ ਨਾਨਕ ਦੀ ਸ਼ੁਰੂ ਕੀਤੀ ਲਹਿਰ ਇਸ ਵਿਵਸਥਾ ਦੇ ਵਿਰੋਧ ਵਿਚ ਹੀ ਸੀ, ਜਿਸ ਕਰਕੇ ਇਸਦੇ ਅਗਲੇ ਪੈਰੋਕਾਰਾਂ ਨੂੰ ਅੰਤਾਂ ਦੇ ਜ਼ੁਲਮ ਸਹਿਣੇ ਪਏ ਤੇ ਕਈਆਂ ਨੂੰ ਜਾਨ ਦੀਆ ਕੁਰਬਾਨੀਆਂ ਵੀ ਦੇਣੀਆਂ ਪਈਆਂ। ਡਾ. ਅੰਬੇਡਕਰ ਨੇ ਸਾਰੇ ਭਾਰਤ ਵਿਚੋਂ ਪੈਦਾ ਹੋਏ ਇਹਨਾਂ ਸੰਤਾਂ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਤੇ ਵਿਚਾਰਧਾਰਾਵਾਂ ਨੂੰ ਇਕ ਬੱਝਵੇਂ ਰੂਪ ਵਿਚ ਪੇਸ਼ ਕੀਤਾ ਅਤੇ ਇਕ ਲਹਿਰ ਬਣਾਈ, ਜੋ ਇਕ ਇਨਕਲਾਬ ਤੋਂ ਘੱਟ ਨਹੀਂ ਸੀ। ਸਮੇਂ ਦੇ ਹਾਕਮਾਂ ਨੇ ਇਸਨੂੰ ਹਰ ਪਾਸਿਉਂ ਦਬਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਬਹੁਤੀ ਸਫਲਤਾ ਨਾਂ ਮਿਲ ਸਕੀ। ਡਾ. ਅੰਬੇਡਕਰ ਦੇ ਜਾਣ ਤੋਂ ਦਹਾਕੇ ਬਾਅਦ ਹੀ ਇਕ ਹੋਰ ਯੋਧੇ ਆਗੂ ਕਾਂਸ਼ੀ ਰਾਮ ਨੇ ਇਸ ਲਹਿਰ ਨੂੰ ਫਿਰ ਤੋਂ ਸੁਰਜੀਤ ਕਰਕੇ ਅਗਾਂਹ ਤੋਰਿਆ ਅਤੇ ਜਨ ਜਨ ਤੱਕ ਲੈ ਕੇ ਗਏ। ਉਹਨਾਂ ਨੇ ਹੀ ਇਹ ਗੱਲ ਸਮਝਾਈ ਕਿ ਸਾਡੇ ਪੁਰਖਿਆਂ ਦੀਆਂ ਘਾਲਣਾਵਾਂ ਅਤੇ ਕੁਰਬਾਨੀਆਂ ਦਾ ਕਰਜ਼ਾ ਸਾਡੇ ਸਿਰ 'ਤੇ ਹੈ, ਜਿਸਨੂੰ ਉਤਾਰਨਾ ਪਵੇਗਾ। ਇਸੇ ਹੀ ਕਰਜ਼ੇ ਦਾ ਜ਼ਿਕਰ ਸ੍ਰੀ ਰਾਮ 'ਅਰਸ਼' ਨੇ ਆਪਣੀਆਂ ਗਜ਼ਲਾਂ ਵਿਚ ਕਈ ਕਈ ਵਾਰ ਕੀਤਾ ਹੈ। ਆਪਣੀ ਪੁਸਤਕ 'ਫਰਜ਼' ਦਾ ਨਾਮਕਰਨ ਉਸਨੇ ਇਸੇ ਲਈ ਕੀਤਾ ਹੈ ਕਿ ਪੁਰਖਿਆਂ ਦਾ ਕਰਜ਼ ਉਤਾਰਨਾ ਉਸਦਾ ਫਰਜ਼ ਬਣਦਾ ਹੈ। ਸ਼ਿਅਰ ਵੇਖੋ:-

ਜਾਣ ਲੱਗਾ ਵਕਤ ਖਬਰੇ ਉਸਨੂੰ ਕੀ ਕਹਿ ਗਿਆ?
ਉਮਰ ਭਰ ਉਹ ਪੁਰਖਿਆਂ ਦਾ ਰਿਣ ਚੁਕਾਉਂਦਾ ਰਹਿ ਗਿਆ।

ਮੇਰੇ ਪੁਰਖੇ ਖੁਸ਼ ਹੋਵਣਗੇ ਇਹ ਸੁਣਕੇ
ਮੈਂ ਉਹਨਾਂ ਸਿਰ ਚੜ੍ਹਿਆ ਕਰਜ਼ ਚੁਕਾ ਚੁੱਕਾਂ।

ਡਾ. ਅੰਬੇਡਕਰ ਦੇ ਸੰਘਰਸ਼ ਦੀ ਸ਼ਾਨਦਾਰ ਪ੍ਰਾਪਤੀ ਇਹ ਸੀ ਕਿ ਉਹ ਦੇਸ਼ ਨੂੰ ਇਕ ਵਧੀਆ ਸੰਵਿਧਾਨ ਦੇ ਗਏ ਜੋ ਹਰ ਪੱਖੋਂ ਹਰ ਇਕ ਦੀ ਆਜ਼ਾਦੀ, ਬਰਾਬਰਤਾ ਅਤੇ ਭਾਈਚਾਰੇ ਦੀ ਜਾਮਨੀ ਭਰਦਾ ਹੈ। ਜਿਹਨਾਂ ਲੋਕਾਂ ਨੂੰ ਸਦੀਆਂ ਤੋਂ ਅਧਿਕਾਰ ਰਹਿਤ ਰੱਖ ਕੇ ਇੰਨਾ ਲੁੱਟਿਆ ਖਸੁੱਟਿਆ ਗਿਆ ਕਿ ਉਹਨਾਂ ਨੂੰ ਭੁਲਾ ਹੀ ਦਿੱਤਾ ਗਿਆ ਕਿ ਉਹ ਵੀ ਇਨਸਾਨ ਹੀ ਹਨ। ਇਹਨਾਂ ਲੋਕਾਂ ਦੇ ਅਧਿਕਾਰ ਸੰਵਿਧਾਨ ਵਿਚ ਸੁਰੱਖਿਅਤ ਕਰ ਦਿੱਤੇ ਅਤੇ ਇਸਤਰੀ ਸਮੇਤ ਸਭ ਨੂੰ ਬਰਾਬਰੀ ਦੇ ਹੱਕ ਪ੍ਰਦਾਨ ਕੀਤੇ। ਇਹਨਾਂ ਅਧਿਕਾਰਾਂ ਵਿਚ ਸਭ ਲਈ ਵੋਟ ਦਾ ਅਧਿਕਾਰ ਬਹੁਤ ਮਹੱਤਵਪੂਰਨ ਹੈ ਜੋ ਇਹਨਾਂ ਨੂੰ ਆਪਣੀ ਬੰਦਖੁਲਾਸੀ ਅਤੇ ਉਨਤੀ ਲਈ ਆਪਣੀ ਮਨਮਰਜ਼ੀ ਦੀ ਸਰਕਾਰ ਚੁਣਨ ਦੀ ਤਾਕਤ ਬਖਸ਼ਦਾ ਹੈ। ਪਰ ਇਹ ਗੱਲ ਹਾਲੇ ਚੰਗੀ ਤਰ੍ਹਾਂ ਸਮਝੀ ਨਹੀਂ ਜਾ ਸਕੀ ਤੇ ਵੋਟ ਦੀ ਕੀਮਤ ਪਛਾਣੀ ਨਹੀਂ ਗਈ। ਇਸ ਸਾਰੇ ਕੁਝ ਨੂੰ 'ਅਰਸ਼' ਨੇ ਇੰਝ ਸਮਝਿਆ ਅਤੇ ਸਮਝਾਇਆ ਹੈ:-

ਮੈਂ ਆਪਣੇ ਦੇਸ਼ ਦੇ ਕਾਨੂੰਨ ਦੀ ਪ੍ਰਸਤਾਵਨਾ ਪੜ੍ਹ ਲਾਂ
ਰਤਾ ਭਰ ਰੋਕ ਕੇ ਰੱਖਣਾ ਤੁਸੀਂ ਆਪਣੇ ਸਵਾਲਾਂ ਨੂੰ।

ਵਿਸਾਰ ਛੱਡਿਐ ਤੁਸੀਂ ਲੋਕ ਰਾਜ ਦਾ ਮੰਤਰ
ਬਰਾਬਰੀ ਦਾ ਵਚਨ ਬਰਛੀਆਂ 'ਤੇ ਚਲਦਾ ਹੈ।

ਪਰਜਾ ਤੰਤਰ ਕੂਕ ਰਿਹਾ ਹੈ ਡਿੱਗੇ ਲੋਕੋ ਉਠੋ
ਲੋਕ ਵਿਰੋਧੀ ਲੋਕ ਸਭਾ ਨੂੰ ਵੋਟਾਂ ਨਾਲ ਹਰਾਈਏ।

ਫਿਰ ਗਰੀਬਾਂ ਨੇ ਲਗਾਇਆ ਮਿਲ ਕੇ ਨਾਅਰਾ ਦੇਖ ਲੈ
ਤੇਰੇ ਹੱਥੋਂ ਰਾਜ ਖੁਸ ਚੱਲਿਆ ਦੁਬਾਰਾ ਦੇਖ ਲੈ।

ਸਿਰ ਨੂੰ ਨਾ ਧਰ ਤੂੰ ਜ਼ੁਲਮ ਦੇ ਪੈਰਾਂ ਤੇ ਵਾਰ-ਵਾਰ
ਇਕ ਵਾਰ ਤੂੰ ਤਲੀ 'ਤੇ ਵੀ ਸਿਰ ਧਰ ਕੇ ਵੇਖ ਲੈ।

ਕੋਈ ਤਿਉਹਾਰ ਹੈ ਜਾਂ ਹੈ ਕੋਈ ਮੰਤਵ ਅਨੋਖਾ
ਕਿ ਆਇਆ ਬਾਦਸ਼ਾਹ ਪੈਦਲ ਗਰੀਬਾਂ ਦੇ ਦਰ 'ਤੇ।

ਨਾਗ ਦੇ ਲੰਘਣ ਮਗਰੋਂ ਉਸਦੀ ਲੀਕ ਨੂੰ ਪਿੱਟਣ ਦਾ ਕੀ ਲਾਭ?
ਆਪਣੀ ਵੋਟ ਦੀ ਸ਼ਕਤੀ ਨੂੰ ਚੋਣਾਂ ਵਿਚ ਅਜ਼ਮਾਇਆ ਕਰ।

ਮੇਰੇ ਜੁਗ ਦੇ ਨਿਰਧਨ ਲੋਕੋ ਸੋਚੋ ਸਮਝੋ ਕੀ ਕਰਦੇ ਹੋ?
ਮੇਟ ਨਾ ਸਕਿਆ ਜੋ ਨਿਰਧਨਤਾ ਉਸੇ ਦਾ ਪਾਣੀ ਭਰਦੇ ਹੋ?

ਅੱਛੇ ਦਿਨ ਹੁਣ ਲੈ ਕੇ ਆਉਣੇ ਹਨ ਲੋਕੋ
ਇਸ ਨਅਰੇ ਨੂੰ ਆਪਣਾ ਧਰਮ ਬਣਾ ਚੁੱਕਾਂ।

ਨਾਲ ਚਲੇ ਸੀ ਜਿਦ੍ਹੇ ਅੱਛੇ ਦਿਨਾਂ ਦੀ ਭਾਲ ਵਿਚ
ਉਸਨੂੰ ਮੰਜ਼ਿਲ ਮਿਲ ਗਈ ਲੋਕਾਂ ਨੂੰ ਲਾਰਾ ਮਿਲ ਗਿਆ।

'ਅਰਸ਼' ਆਪਣੇ ਇਸ ਸਫ਼ਰ ਵਿਚ ਅੱਖਾਂ ਖੋਲ੍ਹ ਕੇ ਵਿਚਰਦਾ ਹੈ। ਹਰ ਲੋਕ ਵਿਰੋਧੀ ਵਰਤਾਰੇ ਨੂੰ ਭੰਡਦਾ ਹੈ ਤੇ ਲੋਕ ਹਿੱਤ ਕਾਰਵਾਈ ਦੀ ਤਾਰੀਫ ਅਤੇ ਹੌਸਲਾ ਅਫਜ਼ਾਈ ਕਰਦਾ ਹੈ। ਉਹ ਨਿਰਬਲ ਅਤੇ ਮਜਬੂਰ ਨੂੰ ਵਾਰ-ਵਾਰ ਝੰਜੋੜਦਾ ਹੈ ਅਤੇ ਕੁਝ ਕਰ ਗੁਜ਼ਰਨ ਲਈ ਵੰਗਾਰਦਾ ਹੈ। ਸਮਾਜਿਕ ਸਰੋਕਾਰ ਦੀਆਂ ਵੱਖ-ਵੱਖ ਘਟਨਾਵਾਂ ਨੂੰ ਅਰਸ਼ ਬਾਖੂਬੀ ਚਿਤਰਦਾ ਹੈ। ਇਹ ਭਾਵੇਂ ਕਰਜ਼ਾਈ ਕਿਸਾਨ ਜਾਂ ਮਜ਼ਦੂਰ ਦੀ ਖੁਦਕੁਸ਼ੀ ਹੈ ਜਾਂ ਬਲਿਊ ਸਟਾਂਰ ਅਪਰੇਸ਼ਨ ਦੀ ਤਬਾਹੀ ਹੈ ਜਾਂ ਬਾਬਾਵਾਦ ਦੇ ਡੇਰਿਆਂ ਦੀ ਸਮੱਸਿਆ ਹੈ ਜਾਂ ਅਤਿ ਗਰੀਬੀ ਵਿਚ ਗਰੀਬ ਵੱਲੋਂ ਆਪਣੇ ਅੰਗ ਵੇਚਣਾ ਹੈ ਜਾਂ ਮੰਡੀ ਵਿਚ ਐਫ. ਡੀ. ਆਈ. ਦੀ ਆਮਦ ਹੈ, 'ਅਰਸ਼' ਨੇ ਸਭ ਨੂੰ ਨੀਝ ਲਾ ਕੇ ਤੱਕਿਆ ਹੈ ਅਤੇ ਆਪਣੇ ਕਲਾਮ ਵਿਚ ਛੋਹਿਆ ਹੈ:-

ਜ਼ਹਿਰ ਦੀ ਜੋ ਬੂੰਦ ਕਲ੍ਹ ਅੰਮ੍ਰਿਤ ਦੇ ਕੁੰਡ ਅੰਦਰ ਗਿਰੀ
ਉਸ 'ਚ ਘਿਰਦਾ ਜਾਪਦਾ ਬ੍ਰਹਿਮੰਡ ਮੌਲਾ ਮਿਹਰ ਕਰ।

ਫਿਰ ਵੀ ਬਦੀ ਸਭ ਥਾਂ ਨੇਕੀਆਂ 'ਤੇ ਭਾਰੀ ਹੈ
ਥਾਂ ਕੁ ਥਾਂ ਤੇ ਉਂਝ ਇੱਥੇ ਸਾਧੂਆਂ ਦੇ ਡੇਰੇ ਹਨ।

ਦਾਣਾ ਫੱਕਾ ਹੁੰਦੇ ਸੁੰਦੇ, ਭੁੱਖੇ ਮਰਦੇ ਜਾਈਏ
ਹਿੱਸੇ ਬਹਿੰਦਾ ਰਿਜ਼ਕ ਮਿਲੇ ਤਦ ਮੌਤ ਨੂੰ ਦੂਰ ਭਜਾਈਏ।

ਫਸਲ ਕਰਜ਼ੇ ਦੀ ਨਾ ਖੇਤਾਂ 'ਚ ਉਗਾਈ ਜਾਵੇ
ਮਾਤਮੀ ਸਫ ਨਾ ਹਰ ਇਕ ਘਰ 'ਚ ਵਿਛਾਈ ਜਾਵੇ।

ਨਾਗਾਂ ਦੇ ਵਿਸ਼ ਤੋਂ ਵੀ ਜ਼ਹਿਰੀ ਧਰਤ ਬਣੀ ਹੈ ਖੇਤਾਂ ਦੀ
ਜ਼ਹਿਰਾਂ ਵਿਚ ਉਪਜੀ ਗੰਦਮ ਨੂੰ ਕਿਹੜਾ ਪ੍ਰਾਣੀ ਖਾਏਗਾ?

ਕੀਮਤਾਂ ਵਸਤਾਂ ਦੀਆਂ ਹੁਣ ਘਟਣਗੀਆਂ ਹਰਗਿਜ਼ ਨਹੀਂ
ਕਿਉਂ ਜੁ ਮੰਡੀ ਫਿਰ ਲੈ ਆਈ ਇਜਾਰੇਦਾਰ ਨੂੰ।

ਉਨ੍ਹਾਂ ਲੋਕਾਂ ਦੀ ਵਧਦੀ ਭੀੜ ਵਿਚ ਮੈਂ ਵੀ ਤਾਂ ਸ਼ਾਮਲ ਹਾਂ
ਜਿਹੜੇ ਅੰਗਾਂ ਨੂੰ ਆਪਣੇ ਵੇਚ ਕੇ ਉਮਰਾਂ ਵਧਾਉਂਦੇ ਹਨ।

ਫਿਰ ਬਗਾਵਤ ਕਿੰਝ ਹੋਵੇਗੀ ਮਹਿਲਾਂ ਦੇ ਬੁੱਤਘਾੜੇ ਤੋਂ
ਮਿਲ ਜਾਵੇ ਜੇ ਉਸਨੂੰ ਉਸਦੀ ਮਿਹਨਤ ਦੀ ਮਜ਼ਦੂਰੀ ਯਾਰ।

ਸ੍ਰੀ ਰਾਮ 'ਅਰਸ਼' ਇਸ ਸਾਰੀ ਵਿਗੜੀ ਹੋਈ ਸਮਾਜਿਕ ਹਾਲਤ ਤੋਂ ਆਵਾਜ਼ਾਰ ਹੋਇਆ ਕਿਸੇ ਭੂਚਾਲ ਦੀ ਆਸ ਕਰਦਾ ਹੋਇਆ ਇਨਕਲਾਬ ਦੀ ਤਮੰਨਾ ਕਰਦਾ ਹੈ, ਜਿਸ ਵਿਚ ਖੁਸ਼ਹਾਲੀ ਹੀ ਖੁਸ਼ਹਾਲੀ ਹੋਵੇ। ਉਹ ਇਸ ਇਨਕਲਾਬ ਦੇ ਅੰਸ਼ ਉਹਨਾਂ ਵਿਚ ਹੀ ਲੱਭਦਾ ਹੈ ਜੋ ਇਸ ਵਿਵਸਥਾ ਦੇ ਸ਼ਿਕਾਰ ਹਨ। ਇਸ ਵਿਵਸਥਾ ਦੇ ਦਾਨਵ ਨੂੰ ਉਹ ਇਕੱਲੇ ਇਕੱਲੇ ਨਹੀਂ ਸਗੋਂ ਇਕੱਤਰ ਹੋ ਕੇ ਵੱਡੇ ਸੰਘਰਸ਼ ਨਾਲ ਹੀ ਮਾਰ ਭਜਾਉਣ ਲਈ ਆਖਦਾ ਹੈ।

ਅੰਬੇਡਕਰਵਾਦ ਦਾ ਇਹੀ ਸਿਧਾਂਤ ਹੈ ਕਿ ਪਹਿਲਾਂ ਸਿੱਖਿਅਤ ਕਰੋ, ਫਿਰ ਸੰਘਰਸ਼ ਕਰੋ ਅਤੇ ਫਿਰ ਸੰਗਠਿਤ ਹੋਵੋ। 'ਅਰਸ਼' ਨੂੰ ਆਪਣੇ ਕਲਾਮ ਦੀ ਗੰਭੀਰਤਾ ਦਾ ਵੀ ਗਿਆਨ ਹੈ ਅਤੇ ਉਸਦੇ ਨਤੀਜੇ ਤੋਂ ਵੀ ਉਹ ਵਾਕਫ ਹੈ ਪਰ ਫਿਰ ਵੀ ਉਹ ਸੰਘਰਸ਼ ਜਾਰੀ ਰੱਖਣ ਦਾ ਚਾਹਵਾਨ ਹੈ ਅਤੇ ਇਸ ਗਿਆਨ ਅਤੇ ਸੰਘਰਸ਼ ਦੀ ਮਸ਼ਾਲ ਨੂੰ ਬਿਨਾਂ ਕਿਸੇ ਡਰ ਭੈਅ ਤੋਂ ਬਾਲੀ ਰੱਖਣਾ ਚਾਹੁੰਦਾ ਹੈ। ਇਸਦੀ ਜੋ ਵੀ ਸਜ਼ਾ ਮਿਲੇ ਉਹ ਭੁਗਤਣ ਲਈ ਤਿਆਰ ਹੈ। ਗਰੀਬ ਨੂੰ ਤਾਂ ਬਿਨਾਂ ਕਾਰਨ ਹੀ ਸਜ਼ਾ ਮਿਲਦੀ ਰਹੀ ਹੈ। ਵੰਨਗੀਆਂ ਵੇਖੋ:-

ਖਾਹਸ਼ਾਂ ਦਫਨ ਹੋਣ ਜਿਸ ਥਾਂ 'ਤੇ
ਉਸ ਹੀ ਥਾਂ 'ਤੇ ਭੂਚਾਲ ਆਉਂਦਾ ਹੈ।

ਸਮਾਜਿਕ ਖੇਤ 'ਚੋਂ ਪੁੱਟ ਕੇ ਜਿੰਨ੍ਹਾਂ ਨੂੰ ਦੂਰ ਸੁੱਟਿਆ ਸੀ।
ਮਿਲੇ ਹਨ ਬੀਜ ਰੋਹ ਵਿਦਰੋਹ ਦੇ ਉਹਨਾਂ ਨਾਬਰਾਂ ਵਿਚੋਂ

ਦਿਲ 'ਚ ਹੈ ਜਿਸਦੀ ਤਮੰਨਾ ਆਏਗਾ ਉਹ ਇਨਕਲਾਬ
ਇਸ ਤਰ੍ਹਾਂ ਦਾ ਹੈ ਭਰੋਸਾ 'ਅਰਸ਼' ਖਿਦਮਤਗਾਰ ਨੂੰ।

ਸਮਾਜਿਕ ਰਹਿਤਲਾਂ ਵਿਚ ਪੈਰ ਜੋ ਡੂੰਘੇ ਜਮਾ ਚੁੱਕਾ
ਇਕੱਲੀ ਜਾਨ ਕੋਲੋਂ ਭ੍ਰਿਸ਼ਟਿਆ ਦਾਨਵ ਨਹੀਂ ਢਹਿਣਾ।

ਤੁਸੀਂ ਇਕਸਾਰਤਾ ਦੇ ਸਭ ਤਰਫ ਦੀਵੇ ਜਗਾ ਕੇ
ਨਰੋਆ ਇਨਕਲਾਬ ਇੱਥੇ ਲਿਆਉਣਾ ਲੋਚਦੇ ਹੋ।

ਜੇ ਮੇਰੀ ਆਸਥਾ ਝੁੱਗੀ 'ਚ ਪਲਦੀ ਕਿਰਤ ਅੰਦਰ ਹੈ
ਕਿਵੇਂ ਮਹਿਲਾਂ 'ਚੋਂ ਉਡਦੀ ਧੂੜ ਨੂੰ ਮੱਥੇ ਲਗਾ ਲੈਂਦਾ।

ਗਜ਼ਲ ਮੇਰੀ ਭੁਗਤਦੀ ਹੈ ਸਦਾ ਮਜ਼ਲੂਮ ਦੇ ਹੱਕ ਵਿਚ
ਤਦੇ ਅਨਿਆ ਵਿਰੁੱਧ ਇਸ ਵਿਚ ਭਖਦੀ ਚਿੰਗਾਰੀ ਹੈ।

ਸਧਾਰਨ ਸਿਰ ਕਿਵੇਂ ਇਕ ਸੀਸ ਬਣ ਜਾਂਦਾ ਹੈ ਦੁਨੀਆਂ ਵਿਚ
ਮੈਂ ਤ੍ਰਿਸਕਾਰੇ ਹੋਏ ਨੂੰ ਏਸਦਾ ਮੰਤਰ ਸਿਖਾ ਦਿੱਤਾ।

ਹਾਕਮ ਖਿਲਾਫ ਅੱਜ ਤੱਕ ਮੈਂ ਆਖਿਆ ਨਾ ਕੁਝ ਵੀ
ਉਂਝ ਹੈ ਕਲਾਮ ਮੇਰਾ ਫਾਂਸੀ ਚੜ੍ਹਾਉਣ ਜੋਗਾ।

ਤੁਸੀਂ ਹਿੰਮਤ ਜੁਟਾ ਕੇ ਘਰ 'ਚ ਉਸਨੂੰ ਲੈ ਤਾਂ ਆਏ ਹੋ
ਮਗਰ ਹੁਣ ਬਾਲ ਕੇ ਰੱਖਣਾ ਬਨੇਰੇ ਤੇ ਮਸ਼ਾਲਾਂ ਨੂੰ।

ਕਸੂਰਵਾਰ ਨਹੀਂ ਹਾਂ ਮਗਰ ਗਰੀਬ ਤੇ ਹਾਂ
ਸਜ਼ਾ ਦਿਓਗੇ ਜਿਹੜੀ ਮੈਂ ਕਬੂਲ ਕਰਲਾਂਗਾ।

ਉਸਨੂੰ ਕੁਝ ਦੈਂਤ ਲੱਭਦੇ ਫਿਰ ਰਹੇ ਹਨ
ਜਿਨ੍ਹਾਂ ਰਿਣ ਪੁਰਖਿਆਂ ਦਾ ਤਾਰਿਆ ਹੈ।

ਹੋਵੇਗਾ ਸਭ ਯਾਦ ਤੁਹਾਨੂੰ, ਭੇਂਟ ਸਿਰਾਂ ਦੀ ਕਿਉਂ ਦਿੱਤੀ ਸੀ
ਬਾਝ ਸਿਰਾਂ ਦੇ ਜਿਉਂਦੇ ਲੋਕੋ ਹੁਣ ਕਿਸ ਹੋਣੀ ਤੋਂ ਡਰਦੇ ਹੋ?

ਸਿਰ ਕਿਸੇ ਦਾ ਹੈ ਤੇਰੀ ਧੌਣ ਤੇ ਟਿਕਿਆ ਹੋਇਆ
'ਅਰਸ਼' ਜੀਣਾ ਹੈ ਤਾਂ ਉਸ ਸਿਰ ਨੂੰ ਬਚਾ ਕੇ ਰੱਖੀਂ।

ਤੇ 'ਅਰਸ਼' ਉਸ ਦਿਨ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਵਧੀਆ ਤਸੱਵਰ ਕਰਦਾ ਹੈ ਜਦੋਂ ਇਹ ਸੰਘਰਸ਼ ਕਾਮਯਾਬ ਹੋਵੇਗਾ:-

ਪ੍ਰਭ ਨੇ ਜਿਸ ਦਿਨ ਅੰਮ੍ਰਿਤ ਰਾਹੀਂ ਵਰਣਾਂ ਦੇ ਸਭ ਫਰਕ ਮਿਟਾਏ
'ਅਰਸ਼' ਲਈ ਉਸ ਦਿਨ ਤੋਂ ਵੱਡਾ ਹੋਰ ਕੋਈ ਤਿਉਹਾਰ ਨਹੀਂ।

ਸ਼ਾਲਾ!! ਉਹ ਦਿਨ ਉਸਦੀ ਜ਼ਿੰਦਗੀ ਵਿਚ ਜ਼ਰੂਰ ਆਵੇ।

*******

## ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਮਦਨ ਵੀਰਾ

# ਦਲਿਤ ਚੇਤਨਾ ਤੇ ਮਦਨ ਵੀਰਾ ਦੀ ਕਵਿਤਾ



ਪ੍ਰੋ ਪਰਬਿੰਦਰ ਸਿੰਘ
(209) 328-3316)

ਦਲਿਤ ਚੇਤਨਾ ਬਾਰੇ ਗੱਲ ਕਰਨ ਤੋਂ ਪਹਿਲਾਂ ਜੇ ਚੇਤਨਾ ਬਾਰੇ ਗੱਲ ਕਰ ਲਈ ਜਾਵੇ ਤਾਂ ਬਿਹਤਰ ਰਹੇਗਾ। ਚੇਤਨਾ ਇਕ ਵਿਸ਼ੇਸ਼ ਨਜ਼ਰੀਆ ਜਾਂ ਦ੍ਰਿਸ਼ਟੀ ਹੈ ਜਿਸ ਰਾਹੀਂ ਅਸੀਂ ਸਮਾਜ ਨੂੰ ਜਾਂ ਜੀਵਨ ਨੂੰ ਵੇਖਦੇ ਹਾਂ। ਇਸ ਵਿਸ਼ੇਸ਼ ਨਜ਼ਰੀਏ ਦੇ ਬਣਨ ਵਿਚ ਕਈ ਗੱਲਾਂ ਯੋਗਦਾਨ ਪਾਉਂਦੀਆਂ ਹਨ ਜਿਵੇਂ ਵਰਗ , ਜਾਤ ,ਕਾਲ ,ਵਿਚਾਰਧਾਰਾ ਆਦਿ। ਭਿੰਨ ਭਿੰਨ ਵਰਗਾਂ, ਜਾਤਾਂ, ਸਮਿਆਂ, ਵਿਚਾਰਧਾਰਾ ਨਾਲ ਜੁੜੇ ਲੋਕਾਂ ਦਾ ਨਜ਼ਰੀਆ ਵੱਖ ਵੱਖ ਹੋਵੇਗਾ ਜਿਵੇਂ ਅਮੀਰ ਤੇ ਗਰੀਬ ਦਾ ਨਜ਼ਰੀਆ ਵੱਖ ਵੱਖ ਹੁੰਦਾ ਹੈ ,ਇਸੇ ਤਰ੍ਹਾਂ ਵੱਖ ਵੱਖ ਵਰਣਾਂ ਜਾਂ ਜਾਤਾਂ ਨਾਲ ਜੁੜੇ ਲੋਕਾਂ ਦੀ ਸੋਚ ਵੀ ਵੱਖ ਵੱਖ ਹੁੰਦੀ ਹੈ। ਮੱਧਕਾਲ ਤੇ ਆਧੁਨਿਕ ਸਮੇਂ ਦੀ ਸੋਚ ਵਿਚ ਅੰਤਰ ਹੈ ਤੇ ਇਸੇ ਤਰ੍ਹਾਂ ਮਾਰਕਸਵਾਦ ਤੇ ਸਨਾਤਨਵਾਦ ਨਾਲ ਜੁੜੇ ਵਿਅਕਤੀਆਂ ਦਾ ਨਜ਼ਰੀਆ ਵੱਖ ਵੱਖ ਹੋਵੇਗਾ। ਸੋ ਅਸੀਂ ਚੇਤਨਾ ਨੂੰ ਇਕ ਤਰ੍ਹਾਂ ਨਾਲ ਦ੍ਰਿਸ਼ਟੀ, ਨਜ਼ਰੀਆ ਜਾਂ ਵਿਸ਼ੇਸ਼ ਸੋਚਣ ਦਾ ਅੰਦਾਜ਼ ਕਹਿ ਸਕਦੇ ਹਾਂ ਜਿਸ ਨਾਲ ਉਹ ਸਮਾਜ ਨੂੰ ,ਦੁਨੀਆਂ ਨੂੰ ਵੇਖਦਾ ਹੈ। ਦਲਿਤ ਚੇਤਨਾ ਇਕ ਤਰ੍ਹਾਂ ਨਾਲ ਦਲਿਤ ਸਮਾਜ ਵਿਚ ਆਈ ਜਾਗ੍ਰਿਤੀ ਤੇ ਆਪਣੇ ਅਧਿਕਾਰਾਂ ਪ੍ਰਤੀ ਸੋਝੀ ਹੈ ਜੋ ਦਲਿਤ ਵਰਗ ਬਾਰੇ ਗੰਭੀਰ ਚਿੰਤਨ ਕਰਦੀ ਹੈ। ਦਲਿਤ ਚੇਤਨਾ ਇਕ ਤਰ੍ਹਾਂ ਨਾਲ ਵਰਣ ਵਿਵਸਥਾ ਤੋਂ ਉਪਜੀ ਅਮਨੁੱਖੀ ਤੇ ਸਮਾਜਿਕ ਭੇਦਭਾਵ ਦੀ ਸੋਚ ਨੂੰ ਬਦਲਕੇ ਸੁਤੰਤਰਤਾ, ਬਰਾਬਰੀ ਤੇ ਸਵੈਮਾਣ ਪੈਦਾ ਕਰਨਾ ਹੀ ਦਲਿਤ ਸਾਹਿਤ ਦਾ ਮੰਤਵ ਸਮਝਦੀ ਹੈ। ਡਾਕਟਰ ਪਰਸ਼ੋਤਮ ਸਤਿਆਪ੍ਰੇਮੀ ਦਾ ਮੱਤ ਹੈ ਕਿ ਦਲਿਤ ਸ਼ਬਦ ਦਬਾਏ ਗਏ, ਸ਼ੋਸ਼ਿਤ, ਪੀੜਿਤ, ਸਤਾਏ ਗਏ ਅਰਥਾਂ ਵਿਚ ਜਦ ਸਾਹਿਤ ਨਾਲ ਜੁੜਦਾ ਹੈ ਤਾਂ ਇਹ ਇਕ ਵਿਰੋਧ ਦਾ, ਇਕ ਨਕਾਰ ਦਾ ਸੰਕੇਤ ਦਿੰਦਾ ਹੈ। ਇਹ ਨਕਾਰ ਵਿਵਸਥਾ ਦਾ ਹੋਵੇ, ਸਮਾਜਿਕ ਵਿਸੰਗਤੀਆਂ, ਧਾਰਮਿਕ ਰੂੜੀਆ, ਆਰਥਿਕ ਔਕੜਾਂ ਤੇ ਚਾਹੇ ਸਾਹਤਿਕ ਪਰੰਪਰਾਵਾਂ ਦਾ ਹੋਵੇ- ਨਕਾਰ ਦਾ ਹੋਣਾ ਜ਼ਰੂਰੀ ਹੈ। ਸਤਿਆਪ੍ਰੇਮੀ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਦਲਿਤਾਂ ਦੀ ਹਾਲਤ, ਦੁਖਾਂ ਤੇ ਸ਼ੋਸ਼ਣ ਦਾ ਪ੍ਰਗਟਾਵਾ ਹੀ ਦਲਿਤ ਚੇਤਨਾ ਨਹੀਂ ਹੈ, ਦਲਿਤ ਚੇਤਨਾ ਦਾ ਸਿੱਧਾ ਸੰਬੰਧ ਦਲਿਤਾਂ ਦੀ ਸੱਭਿਆਚਾਰਕ, ਇਤਿਹਾਸਿਕ ਤੇ ਸਮਾਜਿਕ ਭੂਮਿਕਾ ਦੇ ਤਲਿਸਮ ਨੂੰ ਤੋੜਨਾ ਹੈ। ਇਕ ਤਰ੍ਹਾਂ ਨਾਲ ਦਲਿਤ ਸਾਹਿਤ ਵਿਚ ਬਰਾਬਰਤਾ, ਸੁਤੰਤਰਤਾ ਤੇ ਭਾਈਚਾਰੇ ਦੇ ਭਾਵਾਂ ਦੀ ਪੇਸ਼ਕਾਰੀ ਵਰਣ ਵਿਵਸਥਾ ਤੋਂ ਉਪਜੇ ਜਾਤੀਭੇਦ ਦਾ ਹੀ ਵਿਰੋਧ ਹੈ। ਜਯ ਪ੍ਰਕਾਸ਼ ਕਰਦਮ ਦਲਿਤ ਚੇਤਨਾ ਨੂੰ ਅਜਿਹੇ ਸਾਹਿਤ ਵਜੋਂ ਵੇਖਦਾ ਹੈ ਜੋ ਵਰਣ ਵਿਵਸਥਾ, ਸ਼ੋਸ਼ਣ, ਅਸਮਾਨਤਾ, ਧਾਰਮਿਕਤਾ ਤੇ ਪਰੰਪਰਾਗਤ ਰੂੜੀਆਂ ਖਿਲਾਫ ਇਕ ਮੁਹਿੰਮ ਛੇੜਦਾ ਹੋਵੇ। ਡਾਕਟਰ ਮੈਨੇਜਰ ਪਾਂਡੇ ਦਾ ਕਹਿਣਾ ਹੈ ਕਿ ਭਾਰਤੀ ਸਮਾਜ ਨੂੰ ਸਮਝਣ ਲਈ ਵਰਣ ਤੇ ਵਰਗ ਨੂੰ ਇਕੋ ਵੇਲੇ ਵੇਖਣਾ ਪਵੇਗਾ। ਵਰਗ ਦਾ ਆਧਾਰ ਆਰਥਿਕ ਹੈ ਜਦ ਕੇ ਵਰੁਣ ਦਾ ਆਧਾਰ ਆਰਥਿਕ ਤੇ ਸਮਾਜਿਕ ਦੋਵੇਂ ਹਨ। ਸੱਚੇ ਦਲਿਤ ਸਾਹਿਤ ਦੇ ਸੰਬੰਧ ਵਿਚ ਉਸਦਾ ਮੰਨਣਾ ਹੈ ਜੀਵਨ ਦੇ ਯਥਾਰਥ ਤੇ ਅਨੁਭਵ ਦੇ ਸੰਬੰਧ ਵਿਚ ਦਲਿਤਾਂ ਦੀ ਲਿਖਤ ਵਿਚ ਜੋ ਅੱਗ ਹੋਵੇਗੀ ਉਹ ਗੈਰ ਦਲਿਤਾਂ ਦੀ ਲਿਖਤ ਵਿਚ ਨਹੀਂ ਹੋਵੇਗੀ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਦਲਿਤ ਲੇਖਕ ਹੀ ਦਲਿਤ ਦਾ ਯਥਾਰਥਕ ਤਸਵੀਰ ਪੇਸ਼ ਕਰ ਸਕਦਾ ਹੈ। ਕੁਝ ਵਿਦਵਾਨ ਤਾਂ ਦਲਿਤ ਸਾਹਿਤ ਨੂੰ ਦਲਿਤਾਂ ਦੁਆਰਾ ਦਲਿਤਾਂ ਬਾਰੇ ਲਿਖਿਆ ਸਾਹਿਤ ਹੀ ਸਵੀਕਾਰ ਕਰਦੇ ਹਨ।

ਡਾਕਟਰ ਓਮ ਪ੍ਰਕਾਸ਼ ਵਾਲਮੀਕੀ ਨੇ ਦਲਿਤ ਚੇਤਨਾ ਬਾਰੇ , ਦਲਿਤ ਸਾਹਿਤ ਬਾਰੇ ਤੇ ਦਲਿਤ ਸੌਂਦਰਯ ਸ਼ਾਸ਼ਤਰ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਵਾਲਮੀਕੀ ਦਲਿਤ ਚੇਤਨਾ ਦੀ ਪਰਿਭਾਸ਼ਾ ਡਾਕਟਰ ਅੰਬੇਦਕਰ ਦੀ ਵਿਚਾਰਧਾਰਾ ਦੇ ਆਧਾਰ ਤੇ ਕਰਦਾ ਹੈ। ਉਸ ਅਨੁਸਾਰ ਦਲਿਤ ਚੇਤਨਾ ਮੂਲ ਤੌਰ 'ਤੇ ਡਾਕਟਰ ਅੰਬੇਦਕਰ ਦੇ ਜੀਵਨ ਤੇ ਨਜ਼ਰੀਏ ਤੋਂ ਹੀ ਦ੍ਰਿਸ਼ਟੀ ਗ੍ਰਹਿਣ ਕਰਦੀ ਹੈ। ਉਸ ਅਨੁਸਾਰ ਦਲਿਤ ਚੇਤਨਾ ਦੇ ਮੁੱਖ ਸਰੋਕਾਰ ਇਸ ਤਰ੍ਹਾਂ ਹਨ :-

\# ਅੰਬੇਦਕਰ ਦੇ ਤਰਕਸ਼ੀਲ ਤੇ ਬੋਧਿਕ ਦ੍ਰਿਸ਼ਟੀਕੋਣ ਅਨੁਸਾਰ ਕੋਈ ਰੱਬ ਨਹੀਂ ,ਕੋਈ ਆਤਮਾ ਨਹੀਂ ਦੇ ਸੰਕਲਪ ਨੂੰ ਮੰਦੇ ਹੋਏ ਹਿੰਦੂ ਕਨੂੰਨ ਤੇ ਰਿਵਾਜ਼ਾਂ ਪਖੰਡਾਂ ਦਾ ਵਿਰੋਧ

\# ਜਾਤੀ ਪ੍ਰਬੰਧ, ਜਾਤੀਵਾਦ ਤੇ ਸੰਪਰਦਾਇਕਤਾ ਦਾ ਵਿਰੋਧ

\# ਸਾਮੰਤਵਾਦ , ਪੂੰਜੀਵਾਦ ਤੇ ਬ੍ਰਾਹਮਣਵਾਦ ਦਾ ਵਿਰੋਧ

\# ਕਿਸੇ ਵੀ ਤਰ੍ਹਾਂ ਦੀ ਸਰਬਉੱਚਤਾ ,ਵਿਸ਼ੇਸ਼ਾ ਅਧਿਕਾਰ ਤੇ ਇਨ੍ਹਾਂ ਨਾਲ ਜੁੜੀਆਂ ਗੱਲਾਂ ਦਾ ਵਿਰੋਧ

\# ਕਿਸੇ ਵੀ ਤਰ੍ਹਾਂ ਦੀ ਸਮਾਜੀ ਵੰਡ ਦਾ ਵਿਰੋਧ

\# ਰਵਾਇਤੀ ਸੁਹਜ ਸ਼ਾਸ਼ਤਰ ਦਾ ਵਿਰੋਧ

\# ਰਾਮਚੰਦਰ ਸ਼ੁਕਲ ਦੀ ਮਹਾਨ ਕਵਿਤਾ ਦੀ ਪਰਿਭਾਸ਼ਾ ਨਾਲ ਅਸਹਿਮਤੀ

\# ਧਾਰਮਿਕ ,ਰਾਜਨੀਤਕ ਤੇ ਸਮਾਜਿਕ ਸ਼ੋਸ਼ਣ ਦੀ ਪੇਸ਼ਕਾਰੀ

\# ਦਲਿਤ ਪੀੜਾ ਦੀ ਪੇਸ਼ਕਾਰੀ

\# ਜਾਤਹੀਣ ਤੇ ਵਰਗਹੀਣ ਸਮਾਜ ਉਸਾਰਨ ਵਿਚ ਸਹਿਯੋਗ

\# ਆਪਸੀ ਭਾਈਚਾਰੇ ,ਸਮਾਜਿਕ ਨਿਆਏ ਤੇ ਆਜ਼ਾਦੀ ਦਾ ਸਮਰਥਨ

ਇਕ ਤਰ੍ਹਾਂ ਨਾਲ ਸਮਾਜਿਕ ਅੰਤਰ ਵਿਰੋਧਾਂ ਤੋਂ ਉਪਜੀਆਂ ਵਿਸੰਗਤੀਆਂ ਨੇ ਦਲਿਤਾਂ ਵਿਚ ਬਹੁਤ ਨਿਰਾਸ਼ਾ ਪੈਦਾ ਕੀਤੀ। ਇਹੋ ਜਿਹੀਆਂ ਸਥਿਤੀਆਂ ਦੇ ਜਿੰਮੇਵਾਰ ਕੌਣ ਸਨ/ਹਨ। ਮਹਾਤਮਾ ਫੂਲੇ ਦਾ ਮੰਨਣਾ ਹੈ ਕਿ ਜਦੋਂ ਤੋਂ ਬ੍ਰਾਹਮਣਾ ਦੀ ਸੱਤ ਕਾਇਮ ਹੋਈ ਹੈ, ਉਦੋਂ ਤੋਂ ਹੀ ਅਛੂਤ ਲਗਾਤਾਰ ਜ਼ੁਲਮ ਤੇ ਸ਼ੋਸ਼ਣ ਦਾ ਸ਼ਿਕਾਰ ਹਨ। ਹਰ ਤਰ੍ਹਾਂ ਦੀਆਂ ਕਠਿਨਾਈਆਂ ਤੇ ਯਾਤਨਾਵਾਂ ਵਿਚ ਆਪਣੇ ਦਿਨ ਗੁਜ਼ਾਰ ਰਹੇ ਹਨ। ਬ੍ਰਾਹਮਣਾ ਨੇ ਅਛੂਤਾਂ ਨੂੰ ਗਿਆਨਹੀਣ ਤੇ ਬੁੱਧੀਹੀਣ ਬਣਾ ਦਿੱਤਾ ਹੈ। ਬ੍ਰਾਹਮਣਾਂ ਅਨੁਸਾਰ ਬ੍ਰਹਮਾ ਨੇ ਅਛੂਤਾਂ ਨੂੰ ਬ੍ਰਾਹਮਣਾਂ ਦੀ ਸੇਵਾ ਲਈ ਹੀ ਪੈਦਾ ਕੀਤਾ ਹੈ। ਇਨ੍ਹਾਂ ਨੂੰ ਹਮੇਸ਼ਾ ਬ੍ਰਾਹਮਣਾਂ ਦੀ ਸੇਵਾ ਵਿਚ ਹੀ ਲੱਗੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਕੁਝ ਨਹੀਂ ਕਰਨਾ ਚਾਹੀਦਾ। ਅਜਿਹਾ ਕਰਕੇ ਹੀ ਉਨ੍ਹਾਂ ਦਾ ਜੀਵਨ ਸਾਰਥਕ ਹੋ ਸਕਦਾ ਹੈ ਤੇ ਉਹ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦੇ ਹਨ। ਅਸਲ ਵਿਚ ਦਲਿਤ ਚੇਤਨਾ ਦੀਆਂ ਜੜ੍ਹਾਂ ਦਲਿਤ ਸੱਭਿਆਚਾਰ ਵਿਚੋਂ ਹੀ ਤਲਾਸ਼ੀਆਂ ਜਾ ਸਕਦੀਆਂ ਹਨ ਜਿਸ ਵਿਚ ਇਜ਼ੱਤ, ਸਵੈਮਾਣ ਤੇ ਭਵਿੱਖ ਬਾਰੇ ਸੋਚ ਹੋਵੇ। ਇੰਜ ਵੇਖੀਏ ਤਾਂ ਦਲਿਤ ਚੇਤਨਾ ਇਕ ਇਨਕਲਾਬੀ ਸੋਚ ਦੀ ਪੈਦਾਵਾਰ ਹੋ ਨਿਬੜਦੀ ਹੈ ਜੋ ਸੰਘਰਸ਼ ਨਾਲ ਜੁੜਦੀ ਹੈ। ਡਾਕਟਰ ਅੰਬੇਦਕਰ ਦੇ ਵਿਚਾਰ ਇਸਦੀ ਤਹਿ ਵਿਚ ਪਏ ਹਨ। ਦਲਿਤ ਚੇਤਨਾ ਦਲਿਤਾਂ ਨੂੰ ਉਨ੍ਹਾਂ ਦੀ ਗੁਲਾਮਗਿਰੀ ਬਾਰੇ ਸੁਚੇਤ ਕਰਦੀ ਹੈ। ਇਕ ਤਰ੍ਹਾਂ ਨਾਲ ਡਾਕਟਰ ਅੰਬੇਦਕਰ ਦੇ ਵਿਚਾਰਾਂ ਅਨੁਕੂਲ ਹੋਣਾ ਹੀ ਦਲਿਤ ਸਾਹਿਤ ਤੇ ਦਲਿਤ ਚੇਤਾ ਦਾ ਪੈਮਾਨਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਸ਼ਕਤੀ ਨੂੰ ਸਵੀਕਾਰ ਕਰਨ ਵਾਲਾ, ਵੰਸ਼ਵਾਦ, ਵਰਣਵੰਡ, ਜਾਤੀਵਾਦ ਦਾ ਪ੍ਰਬਲ ਵਿਰੋਧ ਕਰਨ ਵਾਲਾ ਤੇ ਦਲਿਤ ਪੀੜਾ ਨੂੰ ਚਿਤਰਣ ਵਾਲਾ ਸਾਹਿਤ ਹੀ ਦਲਿਤ ਚੇਤਨਾ ਭਰਭੂਰ ਸਾਹਿਤ ਹੈ ਜਿਸਦਾ ਕੇਂਦਰ ਬਿੰਦੂ ਹਜ਼ਾਰਾਂ ਸਾਲਾਂ ਦੇ ਸ਼ੋਸ਼ਣ ਤੋਂ ਮੁਕਤ ਹੋਣ ਦੀ ਕੋਸ਼ਿਸ਼ ਹੈ।

**- ਪ੍ਰੋ ਪਰਬਿੰਦਰ ਸਿੰਘ (209) 328-3316)**



ਮਦਨ ਵੀਰਾ +91-94178-26296

## ਮੈਂ ਤੇ ਮੇਰੀ ਕਵਿਤਾ

ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਲੋਕਾਂ ਲਈ ਓਪਰੇ ਹਾਂ
ਅਜਨਬੀ ਹਾਂ
ਜਿਹੜੇ ਕਲਾ ਤੇ ਸਾਹਿਤ ਦੀ ਗੱਲ
ਕਿਸੇ ਦੇਵੀ ਦੇ ਨਾਂ ਤੋਂ ਸ਼ੁਰੂ ਕਰਦੇ ਨੇ
ਤੇ ਦੇਵਤੇ ਦੇ ਨਾਂ 'ਤੇ ਲਿਆ ਮੁਕਾਉਂਦੇ ਨੇ
ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਲਈ ਵੀ ਬੇ-ਮਾਅਨੇ ਹਾਂ
ਓਪਰੇ ਹਾਂ
ਬਾਹਰਲੇ ਹਾਂ
ਜਿਨ੍ਹਾਂ ਦੇ ਭਾਸ਼ਣਾਂ ਦੀ ਖਿਚੜੀ
ਏ. ਸੀ. ਕਮਰਿਆਂ 'ਚ ਪੱਕਦੀ ਏ
ਜਿਹਨੂੰ
ਵਰ੍ਹੇ ਛਿਮਾਹੀ ਬਾਅਦ
ਸ਼ਾਹੀ ਸੈਮੀਨਾਰਾਂ ਦੀ ਭੀੜ ਛਕਦੀ ਏ
ਮੈਂ ਤੇ ਮੇਰੀ ਕਵਿਤਾ ਦਾ
ਉਨ੍ਹਾਂ ਨਾਲ ਵੀ ਕੋਈ ਨੇੜ ਨਹੀਂ
ਜਿਨ੍ਹਾਂ ਦੀ ਨਜ਼ਰ ਦੀ ਐਨਕ ਉਧਾਰੀ ਹੈ
ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਦੇ ਨਾਲ ਨੇ
ਜੋ ਤੁਹਾਡੀ ਸਵੈ ਸਿਰਜੀ
ਅਖੌਤੀ ਮੁੱਖ ਧਾਰਾ ਲਈ/ਗੰਦ ਕੂੜਾ ਜਾਂ ਗਾਲ੍ਹ ਨੇ
ਸਭਿਅਕ ਸਮਝੇ ਜਾਂਦੇ ਸਮਾਜ ਲਈ
ਪੰਜਵੀਂ ਪਾਲ੍ਹ ਨੇ।

## ਕੁਜਾਤ

ਮੈਂ ਉਦੋਂ ਤੱਕ ਨੇਕ ਸੀ
ਸਾਊ ਸੀ
ਜਦੋਂ ਤੱਕ
ਤੁਹਾਡੇ ਹੁਕਮ 'ਚ ਬੱਝਾ
ਬਰਦਾ ਸੀ
ਜੀ-ਜੀ ਕਰਦਾ ਸੀ
ਤੁਹਾਡੇ ਖਰਵੇ ਜਿਹੇ ਬੋਲ
ਮੇਰੀ ਖ਼ੈਰਾਤ ਸੀ
ਮੇਰੇ ਲਈ ਸੌਗਾਤ ਸੀ
ਉਦੋਂ ਤੁਹਾਡਾ ਕਿਹਾ ਦਿਨ
ਮੇਰੇ ਲਈ ਦਿਨ ਸੀ
ਤੁਹਾਡੀ ਦੱਸੀ ਰਾਤ
ਮੇਰੇ ਲਈ ਰਾਤ ਸੀ
ਮੈਂ ਅਣ-ਕਹੀ
ਮੈਂ ਅਣ-ਸੁਣੀ
ਬੇ-ਹੁੰਗਾਰਾ ਬਾਤ ਸੀ
ਇੱਕ ਬੇ-ਨਾਵੇਂ ਦੇ
ਇਕ ਬੇ-ਥਾਵੇਂ ਦੇ
ਸਿਰ 'ਤੇ ਖੜੀ
ਸ਼ਾਹ ਕਾਲ਼ੀ ਰਾਤ ਸੀ।
ਹੁਣ ਜਦੋਂ ਮੈਂ
ਦਿਨ ਨੂੰ ਦਿਨ
ਰਾਤ ਨੂੰ ਰਾਤ ਕਿਹਾ
'ਨ੍ਹੇਰ ਨੂੰ 'ਨ੍ਹੇਰ
ਸਰਘੀ ਨੂੰ ਪ੍ਰਭਾਤ ਕਿਹਾ
ਤਾਂ ਤੁਹਾਡੇ ਤਪਦੇ ਬੋਲਾਂ ਨੇ
ਮੈਨੂੰ ਕਾਫ਼ਰ ਕਿਹਾ
ਕੁਜਾਤ ਕਿਹਾ।

## ਨਾਬਰ-1

ਅਸੀਂ ਮੁਨਕਰ ਹਾਂ
ਉਸ ਸੱਚ ਤੋਂ
ਜਿਹੜਾ ਤੁਸੀਂ ਪੜ੍ਹਾਉਂਦੇ ਹੋ
ਜਿਹੜਾ ਤੁਸੀਂ ਸਿਖਾਉਂਦੇ ਹੋ
ਅਸੀਂ ਨਾਬਰ ਹਾਂ
ਤੁਹਾਡੇ ਉਸ ਫਲਸਫੇ ਤੋਂ
ਜਿਹੜਾ ਇਹ ਸਿੱਧ ਕਰਦਾ ਹੈ
ਕਿ ਧਰਤੀ ਤੇ ਨਰਕ
ਥੁੜ੍ਹਾਂ ਮਾਰਿਆਂ ਦੇ
ਮੱਥੇ ਦੀ ਲਿਖਤ ਹੈ
ਪਿਛਲੇ ਜਨਮ ਦਾ ਕੋਹੜ ਹੈ
ਸਰਾਪ ਹੈ
ਪਹਿਲੇ ਕੀਤਾ ਪਾਪ ਹੈ
ਅਸੀਂ ਬਾਗੀ ਹਾਂ
ਬਾਗੀ ਹਾਂ ਉਸ ਸੱਚ ਤੋਂ
ਜੋ ਹੱਥਾਂ ਦੀਆਂ ਲਕੀਰਾਂ ਤੋਂ
ਬੰਦੇ ਦੀਆਂ ਤਕਦੀਰਾਂ ਤੱਕ
ਬੇਤੁਕਾ ਇਹ ਸਿੱਧ ਕਰਕੇ
ਸਿਮਟ ਜਾਂਦਾ ਹੈ
ਕੁਰਸੀ ਨੂੰ ਲਿਪਟ ਜਾਂਦਾ ਹੈ
ਕਿ ਸ਼ਹਿਨਸ਼ਾਹਾਂ ਦਾ ਮੁਕੱਦਰ
ਬਾਦਸ਼ਾਹੀ ਹੈ।
ਤੁਸੀਂ ਚਾਦਰ ਹੋ- ਸੇਵਾਦਾਰ ਹੋ
ਸਿਰਫ ਨਕਸ਼ਹੀਣ ਭੀੜ ਹੋ
ਕੀੜੇ ਮਕੌੜਿਆਂ ਦੀ
ਕਤਾਰ ਹੋ
ਅਸੀਂ ਫਿਟਕਾਰਦੇ ਹਾਂ
ਪਰੇ ਚੱਕ ਮਾਰਦੇ ਹਾਂ
ਤੁਹਾਡੇ ਇਸ ਦੰਭੀ ਗਿਆਨ ਨੂੰ
ਬੇਹੇ-ਬੁੱਸੇ ਬਿਆਨ ਨੂੰ
ਜਿਸਦੀ ਹਰੀ ਖਿੜਕੀ
ਰੌਸ਼ਨਦਾਨ ਤੇ ਬੂਹਾ
'ਨ੍ਹੇਰੇ ਦੇ ਖੂਹ ਵੱਲ ਖੁੱਲ੍ਹਦਾ ਹੈ
ਤੇ ਹਰ ਇਕ ਸੱਚ
ਪਾਸਕੂ ਵਾਲੀ ਤੱਕੜੀ 'ਚ ਤੁਲਦਾ ਹੈ
ਅਸੀਂ ਹੁਣ ਸਮਝ ਗਏ ਹਾਂ
ਜਾਣ ਗਏ ਹਾਂ
ਤੁਹਾਡੀ ਧਰਮ ਨੀਤੀ ਨੂੰ
ਤੁਹਾਡੀ ਕਰਮ ਨੀਤੀ ਨੂੰ
ਜੋ ਸਾਨੂੰ
ਬੰਦਿਆਂ ਦਾ
ਅੱਜ ਵੀ ਪੰਜਵੀਂ ਪਾਲ੍ਹ ਦੱਸਦੀ ਏ
ਤੇ ਸਾਡੇ ਹੋਣ ਨੂੰ
ਸਾਡੀ ਹੋਂਦ ਨੂੰ
ਇਕ ਮਸ਼ਕਰੀ ਜਾਂ ਗਾਲ੍ਹ ਦੱਸਦੀ ਏ।

## ਨਾਬਰ-2

ਹੇ ਗੁਣੀ ਗਿਆਨੀਓ!
ਵਿਦਵਤਾ ਦੇ ਵਰੋਸਾਏ
ਮਹਾਂ ਪੰਡਤੋ!!
ਮੈਨੂੰ ਅਨਪੜ੍ਹ ਅਗਿਆਨੀ ਹੀ ਰਹਿਣ
ਦਿਓ
ਰਹਿਣ ਦਿਓ ਅਨਪੜ੍ਹ ਸਿਲ-ਵੱਟਾ
ਜਾਂ ਪੱਥਰ
ਚੰਗਾ ਹਾਂ- ਕਲਾ ਹੀਣ
ਰੰਗਾਂ ਤਰੰਗਾਂ ਤੋਂ ਵਿਰਵਾ
ਤੁਸੀਂ ਆਪਣੇ ਕੋਲ ਹੀ ਰੱਖੋ
ਆਪਣਾ ਕਾਵਿ ਸ਼ਾਸਤਰ
ਰਸ ਸਿਧਾਂਤ ਤੇ ਛੰਦ ਛੜੱਪੇ
ਆਪਣੀ ਕਲਾ ਦੇ ਠੱਪੇ
ਮੈਂ ਨਹੀਂ ਲੋੜ
ਤੁਹਾਡੇ ਸੁਹਜ ਸਮੁੰਦਰਦੀ
ਖਾਨਿਆਂ 'ਚ ਵੰਡੀ ਧਰਤੀ
ਤੇ ਛਤਰੀ ਜਿੱਡੇ ਅੰਬਰ ਦੀ
ਮੈਨੂੰ ਨਾ ਦੱਸੋ
ਕਵਿਤਾ ਲਈ ਕੋਈ ਨਵਾਂ ਵਿਸ਼ਾ
ਨਾ ਸੁਝਾਓ
ਲਿਖਣ ਲਈ ਅਛੂਤੇ ਤੇ ਨਵੇਂ ਬਿੰਬ
ਨਹੀਂ ਚਾਹੀਦੇ ਮੈਨੂੰ
ਤੁਹਾਡੀ ਦੱਸੀ ਹੋਈ ਵਿਲੱਖਣਤਾ
ਠਰੀ ਤੇ ਡਰੀ ਜਿਹੀ ਮੌਲਿਕਤਾ।
ਡਾਢਿਓ!
ਉਹ ਸ਼ਬਦ ਮੇਰੇ ਲਈ ਬੇਅਰਥ ਹਨ
ਜਿਨ੍ਹਾਂ 'ਚ ਮੇਰੇ ਮੁੜ੍ਹਕੇ ਦੀ
ਮਹਿਕ ਨਹੀਂ
ਉਹ ਬੋਲ ਮੇਰੇ ਲਈ ਸੱਖਣੇ ਨੇ
ਊਣੇ ਨੇ ਨਿਗੂਣੇ ਨੇ
ਜਿਨ੍ਹਾਂ 'ਚੋਂ
ਮੇਰੇ ਲਹੂ ਦਾ ਤਾਪ ਨਹੀਂ
ਸੇਕ ਨਹੀਂ
ਮੈਂ ਸ਼ਬਦਾਂ 'ਚ ਸੁਹਜ ਨਹੀਂ ਜੜਦਾ
ਸੋਹਜ ਲਈ ਲੜਦਾ ਹਾਂ
ਸ਼ਬਦ ਮੇਰੇ ਲਈ
ਸਿਰਫ਼ ਸ਼ਬਦ ਨਹੀਂ
ਜ਼ਿੰਦਗੀ ਦੇ ਰਣ 'ਚ ਜੂਝਦੇ
ਜਹਾਦੀ ਨੇ
ਸ਼ਬਦ ਮੇਰੇ ਲਈ ਤੇਗ ਨੇ
ਢਾਲ ਨੇ
ਬਾਣ ਨੇ
ਤਲਵਾਰ ਨੇ
ਸਵਾਲ ਨੇ
ਕਵਿਤਾ ਮੇਰੇ ਲਈ
ਸਿਰਫ ਕਵਿਤਾ ਨਹੀਂ ਮੁਹਾਜ਼ ਹੈ।

## ਬੇਵਤਨਾ

ਨਾ ਮੇਰਾ ਘਰ ਹੈ ਨਾ ਘਾਟ
ਨਾ ਖੇਤ ਨਾ ਬਾੜੀ
ਨਾ ਬਾਗ ਨਾ ਬੰਨੇ
ਪਰ ਉਹ ਕਹਿੰਦੇ ਨੇ
ਕਿ ਪਿੰਡ ਤੇਰਾ ਹੈ
ਨਾ ਮੇਰੇ ਲਈ ਕੋਈ ਲਿਖਤ ਹੈ
ਨਾ ਮੇਰੀ ਪੜ੍ਹਤ ਹੀ
ਨਾ ਕੋਈ ਕੱਚਾ ਪੱਕਾ ਕਾਗਜ਼ ਹੈ
ਨਾ ਹਰਫ਼ ਹੀ
ਪਰ ਉਹ ਕਹਿੰਦੇ ਨੇ
ਕਿ ਸ਼ਹਿਰ ਤੇਰਾ ਹੈ
ਇੱਥੇ ਮੇਰਾ ਜੰਮਣਾ-ਜੰਮਣਾ ਨਹੀਂ
ਗੰਦੀ ਨਾਲੀ 'ਚ
ਕਿਸੇ ਕੀਟ ਦਾ ਰੀਂਘਣਾ ਹੈ
ਤੇ ਮੇਰੀ ਮੌਤ
ਚਿੜ੍ਹੀ ਦੀ ਮੌਤ ਹੋਵੇਗੀ
ਜਿਸ ਤੇ ਅਖੌਤੀ ਸਿਆਣੇ ਤੇ ਗਵਾਰ
ਮਿਲ ਕੇ ਹੱਸਣਗ
ਅਸ਼ਲੀਲ ਫੱਬਤੀਆਂ ਕੱਸਣਗੇ
ਇਹ ਪਿੰਡ?
ਇਸ ਲਈ ਮੇਰਾ ਹੈ
ਕਿ ਇਹਦੀ ਮਿੱਟੀ 'ਚ ਜੜ੍ਹ ਹੋਏ ਨੇ
ਮੇਰੇ ਪੁਰਖੇ
ਮਿੱਟੀ ਦੇ ਕਣ ਕਣ 'ਚ
ਜੜ੍ਹ ਹੋਏ ਨੇ ਮੇਰੇ ਬਜ਼ੁਰਗ
ਇਹ ਸ਼ਹਿਰ?
ਇਸ ਲਈ ਮੇਰਾ ਹੈ
ਕਿ ਇਹਦੀਆਂ ਉੱਚੀਆਂ ਇਮਾਰਤਾਂ 'ਚ
ਮੇਰੇ ਲਹੂ ਦੀ ਲਿਸ਼ਕ ਹੈ
ਕਿ ਪਿੰਡ ਦੀ ਹਰ ਡੰਡੀ
ਸੜਕਾਂ 'ਚ ਖਪ ਜਾਂਦੀ ਹੈ
ਕਿ ਇੱਥੋਂ ਜਾਰੀ ਹੋਇਆ ਹੈ
ਮੈਨੂੰ ਪੀਲਾ ਕਾਰਡ
ਇਹ ਦੇਸ਼
ਇਸ ਲਈ ਮੇਰਾ ਹੈ
ਕਿ ਇੱਥੇ ਮਨੂੰ ਦੀ ਪ੍ਰਯੋਗਸ਼ਾਲਾ 'ਚ
ਪੁਣ ਪਰਖ ਹੋਈ ਹੈ
ਮੇਰੀ ਜਾਤ-ਮੇਰੀ ਨਸਲ
ਪਰਤ ਦਰ ਪਰਤ ਹੋਈ ਹੈ
ਮੇਰੀ ਸ਼ਨਾਖਤ
ਮੇਰੀ ਪਛਾਣ
ਤੇ ਮੈਨੂੰ ਹੱਕਾਂ ਦੇ ਨਾਂ ਤੇ ਮਿਲੀ ਹੈ
ਵੋਟ ਦੀ ਪਰਚੀ
ਜੋ ਲੋਕਤੰਤਰ ਦੇ ਅੰਬਰ ਨੂੰ
ਟਟੀਰੀ ਵਾਂਗ ਥੰਮੀ ਖੜੀ ਹੈ
ਆਪਣੀਆਂ ਟੰਗਾਂ ਉਤੇ
ਉਹ-ਮੇਰੇ
ਐਵੇਂ-ਘਿੱਚੀ ਦੇ ਪਿੰਡ
ਰੇਤ-ਛਲ ਵਰਗੇ ਸਾਕ ਵਾਲੇ ਸ਼ਹਿਰ
ਤੇ ਸੱਚਮੁੱਚ ਦੇ ਮਤੇਰਾਂ ਵਰਗੇ ਦੇਸ਼
ਜੇ ਮੈਂ ਵਤਨੀ ਹੋ ਕੇ ਵੀ
ਇੰਜ ਬੇਵਤਨਾ ਹੀ ਰਹਿਣਾ ਹੈ
ਤਾਂ ਫਿਰ ਮੈਂ ਇਹ ਕਹਿਣਾ ਹੈ
''ਚੰਗਾ ਹੈ ਰੇਤ ਵਰਗੇ ਰਿਸ਼ਤੇ ਨੂੰ
ਮੈਂ ਨਕਾਰ ਦਿਆਂ ਤੋੜ ਦਿਆਂ
ਤੇਰੇ ਕੂਲ੍ਹੇ ਤੇ ਲਵੇ ਚਿਹਰੇ 'ਤੇ
ਮੈਂ ਆਪਣੀ ਸਾਰੀ ਨਫਰਤ
ਖੇੜ ਦਿਆਂ-ਰੋੜ੍ਹ ਦਿਆਂ
ਜੋ ਮਿੱਟੀ ਨਾਲ ਜੋੜਦੀ ਮੈਨੂੰ
ਤੇ ਗੰਢਦੀ ਪਿੰਡ ਨਾਲ ਨਾਤਾ
ਮੈਂ ਭੁੱਲ ਜਾਣਾ ਜਨਮ ਭੂਮੀ ਨੂੰ
ਤੇ ਨਾੜੂ ਦੀ ਗੰਢ ਮਰੋੜ ਦਿਆਂ
ਪੁਰਜ਼ਾ ਪੁਰਜ਼ਾ ਵਗਾਹ ਮਾਰਾਂ
ਬਖਸ਼ਿਆ ਕਾਰਡ ਜੋ ਪੀਲਾ
ਤੇ ਪਰਚੀ ਵੋਟ ਦੀ ਬਿਨ ਤੱਕਿਆਂ
ਗੰਦੀ ਨਾਲੀ 'ਚ ਰੋੜ੍ਹ ਦਿਆਂ ..''

## ਵਹਿਮ ਭਰਮ

ਆਉ ਛੱਡੀਏ ਵਹਿਮ ਭਰਮ ਦੋਸਤੋ
ਨਵੀਂ ਪੀੜ੍ਹੀ ਨੂੰ ਇਸ ਤੋਂ ਮੁਕਤ ਕਰਾਈਏ ਜੀ
ਇਹਨਾਂ ਅੱਗੇ ਨਹੀਂ ਸਾਨੂੰ ਵਧਨ ਦੇਣਾ
ਆਉ ਗਿਆਨ ਦਾ ਦੀਪਕ ਜਲਾਈਏ ਜੀ
ਮੂਰਖ ਬਣਾਉਂਦੇ ਜੋਤਸ਼ੀ ਭੋਲੇ ਭਾਲਿਆਂ ਨੂੰ
ਆਉ ਆਪਾਂ ਉਹਨਾਂ ਨੂੰ ਜਗਾਈਏ ਜੀ
ਮੁੰਡਾ, ਕੋਠੀ, ਕਾਰ ਅਤੇ ਚੰਗੇ ਬੈਂਡਾਂ ਲਈ
ਨਾ ਮੱਥਾ ਇਨ੍ਹਾਂ ਦੇ ਦਰਾਂ ਤੇ ਰਗੜੀਏ ਜੀ
ਮੁੰਡਾ ਵਿੱਚ ਸਵਰਗਾਂ ਦੇ ਜੇ ਲੈ ਜਾਂਦਾ ਹੈ
ਕੁੜੀ ਘਰ ਵਿੱਚ ਸਵਰਗ ਲੈ ਆਉਂਦੀ ਹੈ
ਨੂੰਹ ਘਰ ਨੂੰ ਸਵਰਗ ਬਣਾਉਂਦੀ ਹੈ
ਆਉ ਸਵੱਸਥ ਬੱਚੇ ਦੀ ਮੰਗ ਕਰੀਏ
ਮੁੰਡੇ ਕੁੜੀ ਦਾ ਫਰਕ ਮਿਟਾਈਏ ਜੀ
ਗੁਰੂਆਂ ਨੇ ਪਰਿਵਾਰ ਵਾਰਿਆ ਜੀ
ਰਾਮ ਚੰਦਰ ਨੇ ਬਨਵਾਸ ਕੱਟਿਆ ਜੀ
ਈਸਾ ਮਸੀਹ ਨੂੰ ਸੂਲੀ ਤੇ ਟੰਗਿਆ ਜੀ
ਪੈਗੰਬਰ ਮੁਹੰਮਦ ਨੇ ਪਰਿਵਾਰ ਵਾਰਿਆ ਜੀ
ਦੇਖੋ ਸਾਡੇ ਰਹਿਬਰਾਂ ਨੇ ਦੁਨੀਆਂ ਵਿੱਚ
ਬਹੁਤ ਸਾਰੇ ਕੰਮ ਕੀਤੇ ਨੇਕ
ਜੀਵਨ ਵਿੱਚ ਦੁੱਖ ਸਹੇ ਅਨੇਕ
ਆਉ ਆਪਾਂ ਉਨ੍ਹਾਂ ਦੇ ਜੀਵਨ ਤੋਂ
ਕੋਈ ਪ੍ਰੇਰਨਾ ਲੈ ਕੇ ਸਿੱਖੀਏ ਜੀ
ਦਿਨ ਕੋਈ ਚੰਗਾ ਮਾੜਾ ਨਹੀਂ ਹੁੰਦਾ
ਮਾੜੇ ਹੁੰਦੇ ਨੇ ਆਪਣੇ ਕਰਮ ਜੀ
ਜਦੋਂ ਜਨਮ ਮਰਨ ਸਾਡੇ ਹੱਥ ਨਹੀਂ
ਛੱਡੋ ਇਹ ਨੇ ਸਭ ਭਰਮ ਜੀ
ਆਉ ਵਹਿਮ ਭਰਮਾਂ ਨੂੰ ਛੱਡ ਕੇ ਜੀ
ਜੀਵਨ ਚੰਗੇ ਕਰਮਾਂ ਨਾਲ ਗੁਜਰੀਏ ਜੀ
ਰੱਜ ਰੱਜ ਕੇ ਕਰੀਏ ਆਉ ਮਿਹਨਤ
ਫੇਰ ਪੌੜੀ ਸਫਲਤਾ ਦੀ ਚੜ੍ਹੀਏ ਜੀ।



**– ਸੰਜੇ ਸ਼ਰਮਾ**
91-95010-21184

## ਜਾਗੋ

ਆਓ ਨੀ ਕੁੜੀਓ ਕੱਢ ਲਚ ਜਾਗੋ ਲਾਈ ਸ਼ਗਨਾਂ ਦੀ ਮਹਿੰਦੀ
ਕੂੰਜ ਡਾਰ 'ਚੋਂ ਵਿਛੜ ਚੱਲੀ, ਮੈਂ ਮੁੜ ਕੇ ਨਾ ਕਹਿੰਦੀ
ਵਰ੍ਹੇ ਛਿਮਾਹੀ ਫੇਰ ਕਿਤੇ ਮੈਥੋਂ ਜਾਣਾ ਫੇਰਾ ਪਾਇਆ
ਨੀ ਅੱਜ ਮੇਰੇ ਬਾਬਲ ਨੇ ਵੇਖੋ ਕਿੱਡਾ ਕਾਜ਼ ਰਚਾਇਆ।

ਸਹੀ ਸਲਾਮਤ ਧੀ ਤੋਰਨੀ ਦਸਤੂਰ ਤਾਂ ਵੈਸੇ ਜੱਗ ਦਾ
ਧੀ ਤੋਰ ਕੇ ਮਾਂ-ਪਿਓ ਦਾ ਕਿਵੇਂ ਸਿਰੋਂ ਭਾਰ ਤਾਂ ਲੱਥਦਾ
ਸਿਹਰੇ ਬੰਨ੍ਹ ਕੇ ਆ ਜਾਣਾ ਕਿਸੇ ਗੋਰੀ ਮਾਂ ਦਾ ਜਾਇਆ
ਨੀ ਅੱਜ ਮੇਰੇ ਬਾਬਲ ਨੇ ਵੇਖੋ .....

ਮੈਂ ਗੁੱਡੀਆਂ ਅਤੇ ਪਟੋਲੇ ਖੇਡ ਕੇ ਇੱਥੇ ਹੀ ਛੱਡ ਚੱਲੀ
ਮਾਂ ਅੰਮੜੀ ਦੇਵਾਂ ਦਿਲਾਸਾ ਤੂੰ ਤਾਂ ਰਹਿ ਗਈ ਇਕੱਲੀ
ਸਾਰੀ ਉਮਰ ਮੈਂ ਮੌਜ ਮਾਣੀ, ਨਾ ਜਾਵੇ ਕਦੇ ਭੁਲਾਇਆ
ਨੀ ਅੱਜ ਮੇਰੇ ਬਾਬਲ ਨੇ ਵੇਖੋ .....

ਰੌਣਕ ਹੁੰਦੀ ਧੀ ਵਿਹੜੇ ਦੀ ਕੁੱਲ ਦੁਨੀਆਂ ਤਾਂ ਜਾਣੇ
ਧੀ ਧਿਆਣੀ ਹੱਥ ਇੱਜ਼ਤ ਹੁੰਦੀ ਕਹਿੰਦੇ ਲੋਕ ਸਿਆਣੇ
ਤਾਏ, ਚਾਚੇ ਦੇਣ ਅਸੀਸਾਂ ਪੱਗ ਨੂੰ ਦਾਗ ਨਾ ਲਾਇਆ
ਨੀ ਅੱਜ ਮੇਰੇ ਬਾਬਲ ਨੇ ਵੇਖੋ .....

ਧੰਨਵਾਦ ਕਰਾਂ ਵੀਰਾਂ ਦਾ ਜਿਹਨਾਂ ਕਸਰ ਕੋਈ ਨਾ ਛੱਡੀ
ਹੁਣ ਆ ਲੈ ਮਾਏ ਸਾਂਭ ਲੈ ਕੁੰਜੀਆਂ ਉਮਰ ਹੋਵੇ ਤੇਰੀ ਵੱਡੀ
ਕਹੇ 'ਦੇਵ ਘੋਲੀਏ' ਵਾਲਾ ਹੁੰਦੀਆਂ ਧੀਆਂ ਧੰਨ ਪਰਾਇਆ
ਨੀ ਅੱਜ ਮੇਰੇ ਬਾਬਲ ਨੇ ਵੇਖੋ ਕਿੱਡਾ ਕਾਜ਼ ਰਚਾਇਆ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
559-232-7764

## ਗਜ਼ਲ

ਜਾਂ ਰੇਤੇ ਵਿਚ ਰਲਾ ਦੇਨਾ, ਜਾਂ ਅੱਖ ਵਿਚ ਤਾਰਦਾ ਰਹਿੰਨਾ।
ਜਾਂ ਤੱਤੇ ਹੌਕਿਆਂ ਦੇ ਨਾਲ, ਅੱਥਰੂ ਠਾਰਦਾ ਰਹਿੰਨਾ।

ਮੈਂ ਚਾਹੁੰਦਾ ਹਾਂ ਕਿ ਛੱਡ ਦੇਵਾਂ, ਕਿਸੇ ਦਿਨ ਏਸ ਆਦਤ ਨੂੰ।
ਕਈ ਵਾਰੀ ਮੈਂ ਪੜ੍ਹ ਕੇ, ਖਤ ਤੁਹਾਡੇ ਪਾੜਦਾ ਰਹਿੰਨਾ।

ਕਦੇ ਅੱਪੜੇ ਜੇ ਤੂੰ ਉਸ ਤੱਕ, ਤਾਂ ਬਣ ਕੇ ਗੀਤ ਹੀ ਅੱਪੜੀ।
ਮੈਂ ਦਿਲ 'ਚੋਂ ਉਠ ਰਹੀ ਹਰ ਹੂਕ ਨੂੰ, ਇੰਝ ਤਾੜਦਾ ਰਹਿੰਨਾ।

ਜੇ ਪਾਗਲਪਣ ਨਹੀਂ ਤਾਂ ਹੋਰ ਕੀ, ਇਸ ਨੂੰ ਕਹੋਗੇ ਹੁਣ।
ਮੈਂ ਆਪਣੇ ਆਸ਼ਿਆਨੇ ਦੇ ਹੀ, ਤੀਲ੍ਹੂੰ ਸਾੜਦਾ ਰਹਿੰਨਾ।

ਮੈਂ ਸ਼ਾਇਰ ਹਾਂ ਨਹੀਂ ਮੈਨੂੰ ਹੈ, ਕੋਈ ਗਮ ਗਰੀਬੀ ਦਾ।
ਮੈਂ ਖੁਸ਼ ਰਹਿਨਾ ਤੇ ਖਾਲੀ, ਜੇਬ ਆਪਣੀ ਝਾੜਦਾ ਰਹਿੰਨਾ।

**– ਮੇਜਰ ਭੁਪਿੰਦਰ ਸਿੰਘ**
510-309-4923



ਉਘੇ ਪੰਜਾਬੀ ਕਹਾਣੀਕਾਰ ਜਸਵੀਰ ਰਾਣਾ ਅਮਰੀਕੀ ਪੰਜਾਬੀ ਕਹਾਣੀ ਸੰਗ੍ਰਹਿ 'ਸਮਕਾਲ ਤੇ ਪ੍ਰਵਾਸ' ਵਿਚ ਪੇਪਰ ਪੜ੍ਹਨ ਲਈ ਕੈਲੇਫੋਰਨੀਆ (ਅਮਰੀਕਾ) ਪਹੁੰਚ ਚੁੱਕੇ ਹਨ। ਇਹ ਪ੍ਰੋਗਰਾਮ 6 ਅਕਤੂਬਰ ਨੂੰ ਹੋਵੇਗਾ।

## ਉਲਾਂਭਾ

ਐਵੇਂ ਲੈ ਲਈ ਨਾ ਉਲਾਂਭਾ ਕਿਸੇ ਗੱਲ ਦਾ,
ਨਾ ਸੱਜਣਾਂ ਤੋਂ ਮੁਖ ਮੋੜ ਲਈ।
ਟੁੱਟੇ ਦਿਲ ਨਾ ਜੋੜਿਆਂ ਜੁੜਦੇ,
ਦੇਖੀਂ ਨਾ ਕਿਤੇ ਤੂੰ ਵੀ ਤੋੜ ਲਈ।

ਪੀਘ ਪਿਆਰ ਦੀ ਹੁਲਾਰੇ ਹੋਵੇ ਚੜ੍ਹਦੀ
ਜ਼ਿੰਦਗੀ ਦੇ ਮੋੜ ਭੁੱਲਦੇ।
ਆਪਣੇ ਵੀ ਲੱਗਣ ਪਰਾਏ
ਸੱਚ ਵੱਟੇ ਝੂਠ ਭੁੱਲਦੇ।
ਵਾਅਦੇ ਕੀਤਿਆਂ ਨਗੰ ਤੋੜ ਨਿਭਾਵੀਂ
ਨਾ ਅੱਧ ਵਿਚਕਾਰੇ ਰੋਲ ਲਈ।
ਟੁੱਟੇ ਦਿਲ ਨਾ ਜੋੜਿਆਂ ਜੁੜਦੇ ਦੇਖੀ ...

ਵੇਲਾ ਇਕ ਵਾਰੀ ਬੀਤ ਗਿਆ ਜਿਹੜਾ
ਉਹ ਮੁੜਕੇ ਕਦੇ ਨਾ ਲੱਭਣਾ।
ਸੋਚਾਂ ਅੱਧੀ ਅੱਧੀ ਰਾਤ ਨੂੰ ਜਗਾਉਂਦੀਆਂ
ਮੈਂ ਅੱਖ ਕਿੱਦਾਂ ਲਾਵਾਂ ਸੱਜਣਾ।
ਰਾਹ ਢੁੱਕਦੇ ਨਾ ਮੰਜਲਾਂ ਨੂੰ ਜਿਹੜੇ
ਮੈਨੂੰ ਨਾ ਉਹ ਹੀ ਰਾਹੀਂ ਤੋਰ ਲਈਂ।

ਆਉਂਦੇ ਸੁਪਨੇ ਹਮੇਸ਼ਾ ਰਹਿੰਦੇ
ਯਾਦਾਂ ਦੇ ਵਰੋਲੇ ਬਣਕੇ।
ਛੱਡ ਰੋਂਦਿਆਂ ਨੂੰ ਤੁਰ ਜਾਣਾ,
ਤੋੜਕੇ ਮਾਲਾ 'ਚੋਂ ਮਣਕੇ।
ਰੱਖੀਂ ਬ੍ਰਿਹੋ ਦੀ ਕਿਤਾਬ ਬੰਦ ਕਰਕੇ
ਛੇਤੀ ਨਾ ਕਿਸੇ ਕੋਲ ਖੋਲ੍ਹ ਲਈ।
ਟੁੱਟੇ ਦਿਲ ਨਾ ਜੋੜਿਆਂ ਜੁੜਦੇ ਦੇਖੀ ...

ਕਦੇ ਕਿਸੇ ਨਾਲ ਦਗਾ ਨਾ ਕਮਾਈਏ
ਪੈਂਦਾ ਹਰਜਾਨਾ ਭਰਨਾ।
ਭਾਵੇਂ ਲੱਖ ਵਾਰੀ ਕੋਈ ਪਿਆ ਆਖੇ
ਔਖਾ ਹੈ ਕਿਸੇ ਲਈ ਮਰਨਾ।
ਰਿਸ਼ਤਾ ਆਪਣਿਆਂ ਨਾਲੋਂ ਤੋੜ ਜੀਮਿਆ
ਨਾਲ ਨਾ ਪਰਾਇਆਂ ਜੋੜ ਲਈ।
ਲੈ ਲਈ ਨਾ ਉਲਾਂਭਾ ਕਿਸੇ ਗੱਲ ਦਾ
ਨਾ ਸੱਜਣਾਂ ਤੋਂ ਮੁੱਖ ਮੋੜ ਲਈ।
ਟੁੱਟੇ ਦਿਲ ਨਾ ਜੋੜਿਆਂ ਜੁੜਦੇ ਦੇਖੀ ...

**– ਅਜਾਇਬ ਸਿੰਘ ਚੀਮਾ**

# ਸਫਲ ਕਾਰੋਬਾਰੀ ਬਣਿਆ ਗੁਰਮੇਲ ਸਿੰਘ ਢੀਂਡਸਾ



**ਮੇਜਰ ਸਿੰਘ ਨਾਭਾ**
91-94635-53962

ਮਿਹਨਤੀ ਅਤੇ ਉਸਾਰੂ ਸੋਚ ਦੇ ਧਾਰਨੀ ਗੁਰਮੇਲ ਸਿੰਘ ਢੀਂਡਸਾ ਦਾ ਜਨਮ 19 ਸਤੰਬਰ 1955 ਨੂੰ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਪਿਤਾ ਮੱਧਵਰਗੀ ਕਿਸਾਨ ਸ਼੍ਰ. ਈਸ਼ਰ ਸਿੰਘ ਢੀਂਡਸਾ (ਮੋਘੇਦਾਰ) ਦੇ ਘਰ ਮਾਤਾ ਸ਼੍ਰੀਮਤੀ ਜਸਵੰਤ ਕੌਰ ਦੀ ਕੁੱਖੋਂ ਚਾਰ ਭੈਣਾਂ ਦੇ ਜਨਮ ਤੋਂ ਬਾਅਦ ਹੋਣ ਤੇ ਦਾਦਾ ਸ਼੍ਰ. ਜਵਾਹਰ ਸਿੰਘ ਅਤੇ ਦਾਦੀ ਸ਼੍ਰੀਮਤੀ ਭਗਵਾਨ ਕੌਰ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ। ਉਹ ਆਪਣੇ ਇੱਕ ਭੈਣ ਅਤੇ ਭਰਾ ਤੋਂ ਵੱਡੇ ਹਨ। ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਤੋਂ ਹਮੇਸ਼ਾਂ ਸੱਚਾਈ ਦੇ ਮਾਰਗ ਤੇ ਚਲਣ ਲਈ ਚੰਗੇ ਸੰਸਕਾਰ ਮਿਲੇ,ਜਿਨ੍ਹਾਂ ਸਦਕਾ ਉਨ੍ਹਾਂ ਨੇ ਆਪਣੇ ਕਾਰੋਬਾਰ 'ਚ ਉੱਚ ਮੁਕਾਮ ਤੱਕ ਸਫਲਤਾ ਪ੍ਰਾਪਤ ਕੀਤੀ। ਉਨ੍ਹਾਂ ਦਾ ਦਾਦਾ ਪਿੰਡ ਦੇ ਹਵੇਲੀ ਵਾਲੇ ਲਾਲਿਆਂ ਦੀ ਚਾਪਲੂਸੀ ਕਰਨ ਵਾਲਿਆਂ 'ਚੋਂ ਹੋਣ ਕਾਰਨ ਹੁੱਕਾ ਪਾਣੀ ਪੀਣ ਦੇ ਵੀ ਆਦੀ ਰਹੇ। ਖੇਤੀਬਾੜੀ ਕਰਨ ਵੱਲ ਉਨ੍ਹਾਂ ਦਾ ਧਿਆਨ ਨਹੀਂ ਸੀ, ਪਰਿਵਾਰ ਦੀ ਮਾੜੀ ਹਾਲਤ ਨੂੰ ਦੇਖ ਕੇ ਸ਼੍ਰ. ਈਸ਼ਰ ਸਿੰਘ ਨੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਸਖਤ ਮਿਹਨਤ ਕਰਨੀ ਸ਼ੁਰੂ ਕੀਤੀ। ਵੱਡੇ ਪੁੱਤਰ ਗੁਰਮੇਲ ਸਿੰਘ ਢੀਂਡਸਾ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂ਼ਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਸ.ਹ.ਸ. ਚੌਂਦਾ (ਸੰਗਰੂਰ) ਤੋਂ ਮਾਰਚ 1971 ਵਿੱਚ ਪਹਿਲੇ ਦਰਜੇ 'ਚ ਪ੍ਰਾਪਤ ਕੀਤੀ। ਉਸ ਦਾ ਆਪਣੇ ਦੋਸਤ ਰਮੇਸ਼ ਇੰਦਰ ਸ਼ਰਮਾ (ਰਿਟਾਇਰਡ ਚੀਫ ਮਨੈਜਰ, ਪੀ.ਐਨ.ਬੀ.) ਨਾਲ ਪੜ੍ਹਾਈ 'ਚ ਪੂਰਾ ਮੁਕਾਬਲਾ ਹੁੰਦਾ ਸੀ। ਨਾਲ ਅਹਿਮ ਗੱਲ ਇਹ ਵੀ ਹੈ ਕਿ ਉਨ੍ਹਾਂ ਦੀਆਂ ਦੋ ਭੈਣਾਂ ਵੀ ਸ਼ੁਰੂ ਤੋਂ ਹੀ ਉਸ ਦੀ ਕਲਾਸ ਵਿੱਚ ਪੜ੍ਹਦੀਆਂ ਸਨ, ਪਿੰਡ ਮਿਡਲ ਸਕੂਲ ਹੋਣ ਕਰਕੇ ਕੁੜੀਆਂ ਨੂੰ ਕੋਈ ਮਾਂ-ਬਾਪ ਹਾਈ ਸਕੂਲ ਦੂਰ ਹੋਣ ਕਰਕੇ ਅੱਗੇ ਨਹੀਂ ਸੀ ਪੜਾਉਂਦਾ। ਪਿਤਾ ਸ਼੍ਰ. ਈਸ਼ਰ ਸਿੰਘ ਦੀ ਚੰਗੀ ਸੋਚ ਸਦਕਾ ਗੁਰਮੇਲ ਸਿੰਘ ਢੀਂਡਸਾ ਆਪਣੀਆਂ ਦੋ ਭੈਣਾਂ ਨਾਲ ਸਾਈਕਲਾਂ ਤੇ ਚੌਂਦੇ ਸਕੂਲ ਪੜ੍ਹਨ ਦੋ ਸਾਲ ਜਾਂਦੇ ਰਹੇ, ਕੱਚਾ ਰਸਤਾ, ਧੁੱਪਾਂ, ਧੁੰਦਾਂ, ਮੀਂਹ, ਹਨੇਰੀ ਆਦਿ ਭੈਣਾਂ ਲਈ ਆਪਣੇ ਵੀਰ ਦੇ ਨਾਲ ਹੋਣ ਕਾਰਨ ਕਦੇ ਵੀ ਰੁਕਾਵਟ ਨਾ ਬਣੇ। ਇੱਕ ਲੜਕਾ ਜਿਸ ਦੀ ਕਲਾਸ ਵਿੱਚ ਉਸ ਦੀਆਂ ਦੋ ਭੈਣਾਂ ਵੀ ਪੜ੍ਹਦੀਆਂ ਹੋਣ ਕਿਹੋ ਜਿਹੀ ਘੁੱਟਣ ਮਹਿਸੂਸ ਕਰੇਗਾ, ਇਹ ਤਾਂ ਗੁਰਮੇਲ ਸਿੰਘ ਨੂੰ ਹੀ ਪਤਾ ਹੈ। ਇਸ ਉਪਰੰਤ ਗੁਰਮੇਲ ਸਿੰਘ ਢੀਂਡਸਾ ਨੇ ਪ੍ਰੀ-ਮੈਡੀਕਲ ਵਿੱਚ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ।ਪਰ ਸ਼ੁਰੂ 'ਚ ਹੀ ਪ੍ਰੋਫੈਸਰਾਂ ਦੇ ਘੱਟ ਅੰਕਾਂ ਵਾਲੇ ਵਿਦਿਆਰਥੀਆਂ ਨੂੰ ਸਖਤਾਈ ਵਾਲਾ ਰੌਅ ਅਪਣਾ ਕੇ ਗਰੁੱਪ ਤਬਦੀ਼ਲ ਕਰਨ ਲਈ ਦਬਾਅ ਪਾਉਣ ਕਰਕੇ, ਉਨ੍ਹਾਂ ਦਾ ਮਨ ਵੀ ਇਹ ਸਖਤਾਈ ਸਦਕਾ ਆਪਣੇ ਆਰਟਸ ਗੱਰੁਪ ਵਾਲੇ ਸਾਥੀਆਂ ਦੀਆਂ ਮੌਜਾਂ ਦੇਖ ਡੋਲ ਗਿਆ ਅਤੇ ਪ੍ਰੋਫੈਸਰਾਂ ਦੇ ਕਹਿਣ ਦੇ ਬਾਵਜੂਦ ਵੀ ਗਰੁੱਪ ਤਬਦੀਲ ਕਰਕੇ ਆਰਟਸ ਲੈ ਲਿਆ।ਉਨ੍ਹਾਂ ਨੇ 1975 ਵਿੱਚ ਬੀ.ਏ. ਕਰ ਲਈ। ਇਸ ਉਪਰੰਤ ਪਿੰਡ ਵਿੱਚ ਯੂਥ ਕਲੱਬ ਦਾ ਗਠਨ ਹੋਇਆ ਤਾਂ ਗੁਰਮੇਲ ਸਿੰਘ ਢੀਂਡਸਾ ਇਸ ਕਲੱਬ ਦੇ ਪਹਿਲੇ ਪ੍ਰਧਾਨ ਬਣੇ ਤੇ ਹਰੇਕ ਸਾਲ ਕਬੱਡੀ ਟੂਰਨਾਮੈਂਟ ਹੋਣਾ ਸ਼ੁਰੂ ਹੋਇਆ।ਆਪਣੇ ਇੱਕ ਰਾਜਨੀਤਕ ਪਹੁੰਚ ਵਾਲੇ ਰਿਸਤੇਦਾਰ ਜੋ ਉਸ ਸਮੇਂ ਮਾਰਕੀਟ ਕਮੇਟੀ ਦਾ ਚੇਅਰਮੈਨ ਸੀ, ਤੋਂ ਨੌਕਰੀ ਤੇ ਲਗਾਉਣ ਦੀ ਆਸ ਨਾਲ ਉਸ ਦੇ ਸੈਲਰ ਵਿੱਚ ਤਕਰੀਬਨ ਦੋ ਸਾਲ ਕੰਮ ਕੀਤਾ। ਇਸੇ ਦੌਰਾਨ 1978 ਵਿੱਚ ਪਿੰਡ ਦੰਦਰਾਲਾ ਢੀਂਡਸਾ ਵਿਖੇ ਸ਼੍ਰ. ਲਾਭ ਸਿੰਘ ਸਰਪੰਚ ਨੇ ਸਮੂਹ ਪੰਚਾਇਤ ਅਤੇ ਯੂਥ ਕਲੱਬ ਦੇ ਸਹਿਯੋਗ ਨਾਲ ਪਿੰਡਾਂ ਦੇ ਵਿਕਾਸ ਲਈ ਉਸ ਸਮੇਂ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਨਵੀਂ ਉਲੀਕੀ ਸਕੀਮ ਅਧੀਨ ਫੋਕਲ ਪੁਆਇੰਟ ਮਨਜੂਰ ਕਰਵਾ ਲਿਆ ਜਿਸ ਨਾਲ ਪਿੰਡ 'ਚ ਅਨਾਜ ਮੰਡੀ ਵੀ ਸ਼ੁਰੂ ਹੋਣੀ ਸੀ। ਨਵੀਂ ਮੰਡੀ ਲਈ ਆੜ੍ਹਤੀਆਂ ਨੇ ਕੰਮ ਸ਼ੁਰੂ ਕਰਨਾ ਸੀ, ਗੁਰਮੇਲ ਸਿੰਘ ਢੀਂਡਸਾ ਦੇ ਨੇੜਲੇ ਸਾਥੀ ਸ਼੍ਰ. ਭਗਤ ਸਿੰਘ ਨੇ ਉਸ ਨੂੰ ਪ੍ਰੇਰਕੇ ਕਮਿਸ਼ਨ ਏਜੰਟ ਦਾ ਕੰਮ ਸ਼ੁਰੂ ਕਰਨ ਲਈ ਸ਼੍ਰ. ਲਾਭ ਸਿੰਘ ਸਰਪੰਚ ਨੂੰ ਨਾਲ ਮਿਲਾ ਕੇ 'ਗੁਰਮੇਲ ਸਿੰਘ ਐਂਡ ਕੰਪਨੀ' ਦੇ ਨਾਂ ਤੇ ਪਹਿਲੇ ਸਾਲ ਹੀ ਮਹੂਰਤ ਕਰ ਲਿਆ।ਉਸ ਸਮੇਂ ਦੇ ਚਾਲੀ ਹਜ਼ਾਰ ਨਾਲ ਸ਼ੁਰੂ ਕੀਤਾ ਕੰਮ ਅੱਜ ਗੁਰਮੇਲ ਸਿੰਘ ਢੀਂਡਸਾ ਦਾ ਇੱਕਲੇ ਦਾ ਕਰੌੜਾਂ ਦਾ ਕਾਰੋਬਾਰ ਹੈ। ਛੋਟੇ ਭਰਾ ਬਲਵਿੰਦਰ ਸਿੰਘ ਦਾ ਵਿਆਹ ਪਹਿਲਾਂ ਹੋਣ ਕਾਰਣ ਉਹ ਦੁਕਾਨ ਦੇ ਚੱਕਰ 'ਚ ਪੈਣਾ ਨਹੀਂ ਸੀ ਚਾਹੁੰਦਾ।ਗੁਰਮੇਲ ਸਿੰਘ ਢੀਂਡਸਾ ਨੇ ਆਪਣੇ ਛੋਟੇ ਭਰਾ ਨੂੰ ਵੱਖਰੇ ਹੋਣ ਦੇ ਹੱਕ ਨੂੰ ਖੁਸ਼ੀ ਖੁਸ਼ੀ ਸਵੀਕਾਰਦਿਆਂ ਘਰੋਂ ਵੱਖਰੇ ਹੋ ਕਿ ਖੇਤੀਬਾੜੀ ਕਰਨ ਦੀ ਥਾਂ ਕਾਰੋਬਾਰ ਨੂੰ ਹੀ ਤਰਜੀਹ ਦਿੱਤੀ। ਉਨ੍ਹਾਂ ਦਾ ਵਿਆਹ ਕੱਲਰ ਮਾਜਰੀ ਦੇ ਸ਼੍ਰ. ਜੀ ਰਾਮ ਦੀ ਸਪੁੱਤਰੀ ਅਤੇ ਸ਼੍ਰ. ਹਰਿੰਦਰ ਸਿੰਘ ਖਟੜਾ ਦੀ ਭੈਣ ਕਰਮਜੀਤ ਕੌਰ ਨਾਲ 1982 'ਚ ਹੋਇਆ। ਉਨ੍ਹਾਂ ਨੇ ਆਪਣੇ ਭਰਾ ਸ਼੍ਰ. ਬਲਵਿੰਦਰ ਸਿੰਘ ਨੂੰ ਵੀ ਆਪਣੇ ਬਰਾਬਰ ਖੜ੍ਹਾਉਣ ਦੀ ਸੋਚ ਨਾਲ ਆੜ੍ਹਤ ਦੀ ਦੁਕਾਨ ਕਰਨ ਲਈ ਪ੍ਰੇਰਿਆ ਜੋ ਕਿ ਅੱਜ ਏਸ਼ੀਆ ਦੀ ਸਭ ਤੋਂ ਵੱਡੀ ਆਨਾਜ ਮੰਡੀ ਖੰਨਾ ਵਿਖੇ ਆੜ੍ਹਤ ਦਾ ਕਾਰੋਬਾਰ ਕਰ ਰਿਹਾ ਹੈ ਅਤੇ ਇੱਕ ਹੋਟਲ ਦਾ ਮਾਲਕ ਵੀ ਹੈ। ਉਸ ਦੀ ਸਾਰਥਿਕ ਅਤੇ ਅਗਾਂਹਵਧੂ ਸੋਚ ਨੇ ਪਿੰਡ ਦੇ ਕਈ ਪਰਿਵਾਰਾਂ ਨੂੰ ਆੜ੍ਹਤ ਦੇ ਕਾਰੋਬਾਰ ਲਈ ਗਾਈਡ ਕਰਕੇ ਸ਼ੁਰੂਆਤ ਕਰਵਾਈ। ਗੁਰਮੇਲ ਦੇ ਘਰ ਇੱਕ ਬੇਟੇ ਗੁਰ ਕਰਮਸ਼ੇਰ ਢੀਂਡਸਾ (ਵਿਸਕੀ) ਨੇ 1983 'ਚ ਜਨਮ ਲਿਆ ਜਿਸਨੇ ਦਸਵੀਂ ਦੀ ਪੜ੍ਹਾਈ ਨਾਭਾ ਵਿਖੇ ਕਰਨ ਤੋਂ ਬਾਅਦ ਬਾਰਵੀਂ ਤੱਕ ਦੀ ਪੜ੍ਹਾਈ ਆਰਮੀ ਪਬਲਿਕ ਸਕੂਲ ਡਕਸਈ ( ਹਿਮਾਚਲ ਪ੍ਰਦੇਸ਼) ਤੋਂ ਪ੍ਰਾਪਤ ਕੀਤੀ। ਰਿਮਟ ਗੋਬਿੰਦਗੜ੍ਹ ਤੋਂ ਬੀ.ਕਾਮ. ਕਰਕੇ ਕੇਨੇਡਾ ਵਿਖੇ ਚਲਾ ਗਿਆ। ਉਹ ਉਥੇ ਆਪਣੀ ਇੰਸ਼ੋਰੈਂਸ਼ ਕੰਪਨੀ ਚਲਾ ਰਿਹਾ ਹੈ। ਉਸ ਦਾ ਵਿਆਹ 27 ਨਵੰਬਰ 2005 ਨੂੰ ਸ੍ਰ.ਰਾਜਿੰਦਰ ਸਿੰਘ ਪੂਨੀਆ (ਤੰਬੂਆਂ ਵਾਲੇ ਸਰਦਾਰ) ਦੀ ਬੇਟੀ ਮਨਪ੍ਰੀਤ ਕੌਰ ਨਾਲ ਹੋ ਗਿਆ ਅਹਿਮ ਗੱਲ ਇਹ ਸੀ ਕਿ ਆਨੰਦ ਕਾਰਜ ਦੀ ਰਸਮ ਸਵੇਰੇ 4 ਵਜੇ ਪੂਰਨ ਗੁਰ ਮਰਿਆਦਾ ਅਨੁਸਾਰ ਸ਼ੁਰੂ ਹੋਈ ਜੋ ਕਿ ਪਰਿਵਾਰ ਦੀ ਇੱਕੋ ਇੱਕ ਮੰਗ ਸੀ। ਵੱਡੀ ਪੋਤਰੀ ਪਰੀਨਾਜ਼ ਢੀਂਡਸਾ ਦੇ ਜਨਮ ਤੋਂ ਤਕਰੀਬਨ 10 ਸਾਲ ਬਾਅਦ ਛੋਟੀ ਪੋਤਰੀ ਮਹਿਨਾਜ਼ ਢੀਂਡਸਾ ਨੇ ਜਦੋਂ ਜਨਮ ਲਿਆ ਤਾਂ ਸ਼੍ਰ. ਗੁਰਮੇਲ ਸਿੰਘ ਨੇ ਕੁੜੀਆਂ ਪ੍ਰਤੀ ਸਮਾਜ ਦੀ ਸੋਚ ਨੂੰ ਨਕਾਰਦਿਆਂ ਮਠਿਆਈ ਵੰਡ ਕੇ ਖੁਸ਼ੀ ਜਾਹਿਰ ਕੀਤੀ। ਪੋਤਰੀ ਦੀ ਪਹਿਲੀ ਲੋਹੜੀ 'ਤੇ ਸਾਰੇ ਪਿੰਡ ਵਿੱਚ ਡੱਬੇ ਵੰਡ ਕੇ ਲੋਕਾਂ ਅੰਦਰ ਪੁਰਾਣੀ ਸੋਚ ਨੂੰ ਤਿਆਗ ਕੇ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਬੋਲਾਂ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਨੂੰ ਅਪਣਾਉਣ ਦਾ ਸ਼ੁਭ ਸੁਨੇਹਾ ਦਿੱਤਾ। ਉਨ੍ਹਾਂ ਦੀ ਸਾਕਾਰਾਤਮਕ ਸੋਚ ਨੇ ਹਮੇਸ਼ਾਂ ਹੀ ਉਨ੍ਹਾਂ ਨੂੰ ਕਾਰੋਬਾਰ'ਚ ਕਈ ਵਾਰੀ ਘਾਟਾ ਪੈਣ ਤੇ ਅਡੋਲ ਅਤੇ ਚੜ੍ਹਦੀਕਲਾ 'ਚ ਰੱਖਿਆ ਹੈ। ਆੜ੍ਹਤ ਦੇ ਕੰਮ 'ਚ ਆਮ ਤੌਰ ਤੇ ਪੈਸੇ ਦੇ ਲੈਣ-ਦੇਣ 'ਚ ਆੜ੍ਹਤੀ ਕੇਸਾਂ 'ਚ ਉਲਝ ਜਾਂਦੇ ਹਨ ਪਰ ਗੁਰਮੇਲ ਸਿੰਘ ਢੀਂਡਸਾ ਹਮੇਸ਼ਾਂ ਇੰਨ੍ਹਾਂ ਚੱਕਰਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਕਈ ਵਾਰੀ ਭਾਵੇਂ ਉਨ੍ਹਾਂ ਨੂੰ ਲੈਣਦਾਰੀਆਂ ਛੱਡਣੀਆਂ ਵੀ ਪਈਆਂ ਹਨ, ਜਿਸ ਦੀ ਉਨ੍ਹਾਂ ਕਦੇ ਪ੍ਰਵਾਹ ਨਹੀਂ ਕੀਤੀ।



ਪਰ ਉਨ੍ਹਾਂ ਨੇ ਆਪ ਆਪਣੀ ਦੇਣਦਾਰੀ ਹਮੇਸ਼ਾ ਸਮੇਂ ਸਿਰ ਦੇਣ ਦੀ ਕੋਸ਼ਿਸ਼ ਕੀਤੀ ਹੈ ਭਾਵੇਂ ਕਈ ਵਾਰੀ ਘਾਟੇ ਕਾਰਨ ਪ੍ਰਾਪਰਟੀ ਵੀ ਵੇਚਣੀ ਪਈ ਹੈ। ਉਨ੍ਹਾਂ ਦੀ ਫਰਾਕਦਿਲੀ ਹੀ ਹੈ ਕਿ ਕਈਆਂ ਦੇ ਆਰਥਿਕ ਤੰਗੀ ਕਾਰਨ ਦੇਣਦਾਰੀ ਨਾ ਮੋੜ ਸਕਣ ਕਾਰਨ ਉਨ੍ਹਾਂ ਮਾਫੀ ਹੀ ਦੇ ਦਿੱਤੀ। ਜਿਵੇਂ ਕਿ ਆੜ੍ਹਤ ਦਾ ਕੰਮ ਬਾਣੀਆਂ ਦੇ ਹੱਥਾਂ 'ਚ ਹੀ ਕਾਮਯਾਬ ਮੰਨਿਆ ਜਾਂਦਾ ਹੈ ,ਜੱਟਾਂ ਦੇ ਵਸ ਦਾ ਕੰਮ ਨਹੀਂ। ਦੇਖਣ 'ਚ ਆਇਆ ਬਹੁਤੇ ਜੱਟ ਆੜ੍ਹਤ ਦਾ ਕੰਮ ਬਹੁਤਾ ਚਿਰ ਨਹੀਂ ਚਲਾ ਸਕੇ। ਵਿਰਲੇ ਸਫਲ ਆੜ੍ਹਤੀਆਂ 'ਚ ਸ਼੍ਰ. ਗੁਰਮੇਲ ਸਿੰਘ ਢੀਂਡਸਾ ਦਾ ਨਾਂ ਆਉਂਦਾ ਹੈ। ਉਹ ਧਾਰਮਿਕ ਸਥਾਨਾਂ ਲਈ ਹਮੇਸ਼ਾਂ ਬਣਦਾ ਸਹਿਯੋਗ ਦਿੰਦੇ ਰਹਿੰਦੇ ਹਨ। ਇੱਕ ਕਾਲੋਨੀ 'ਚ ਤਾਂ ਉਨ੍ਹਾਂ ਆਪਣਾ ਇੱਕ ਧਾਰਮਿਕ ਸਥਾਨ ਨਾਲ ਲੱਗਦਾ ਅੱਧਾ ਪਲਾਟ ਧਾਰਮਿਕ ਸਥਾਨ ਦੀ ਕਮੇਟੀ ਨੂੰ ਬਿਆਨੇ ਤੇ ਹੀ ਦੇ ਦਿੱਤਾ, ਬਾਕੀ ਸਾਰੀ ਰਕਮ ਮਨ 'ਚ ਵਿਚਾਰ ਬਦਲਣ ਕਾਰਨ ਛੱਡ ਹੀ ਦਿੱਤੀ। ਇਸੇ ਤਰ੍ਹਾਂ ਹੀ ਗੁਪਤ ਤੌਰ ਤੇ ਸਕੂਲਾਂ ਨੂੰ ਵੀ ਦਾਨ ਦਿੰਦੇ ਰਹਿੰਦੇ ਹਨ। ਉਹ ਸਾਂਤ-ਚਿੱਤ ਸੁਭਾਅ ਦੇ ਨਾਲ ਇਮਾਨਦਾਰੀ ਦੇ ਪ੍ਰਤੀਕ ਵੀ ਹਨ।

ਉਨ੍ਹਾਂ ਨੇ ਆਪਣੇ ਇਕਲੌਤੇ ਸਾਲੇ ਸ਼੍ਰ. ਹਰਿੰਦਰ ਸਿੰਘ ਖਟੜਾ ਦੀ 2009 'ਚ ਮੌਤ ਹੋਣ ਕਾਰਨ ਪਰਿਵਾਰ ਤੇ ਆਏ ਪਹਾੜ ਜਿੱਡੇ ਦੁੱਖ ਨੂੰ ਘਟਾਉਣ ਲਈ ਹਰ ਸਹਾਰਾ ਦੇ ਕੇ ਉਨ੍ਹਾਂ ਦੇ ਪੁੱਤਰ ਨੂੰ ਆਪਣੇ ਪੈਰਾਂ ਤੇ ਖੜ੍ਹਨ ਯੋਗ ਕਰਨ ਲਈ ਬਣਦਾ ਯੋਗਦਾਨ ਪਾਇਆ, ਜੋ ਕਿ ਚੰਡੀਗੜ੍ਹ ਬਿਜਨੈਸ ਕਰ ਰਿਹਾ ਹੈ। ਉਹ ਆਪਣੀ ਸੁਪਤਨੀ ਸ਼੍ਰੀਮਤੀ ਕਰਮਜੀਤ ਕੌਰ ਦੇ ਮਾੜੇ ਹਾਲਾਤਾਂ 'ਚ ਦਿੱਤੇ ਸਹਿਯੋਗ ਅਤੇ ਹੱਲਾਸ਼ੇਰੀ ਦਾ ਅਹਿਸਾਨਮੰਦ ਹੈ ।ਅਰਥ ਸਾਸਤਰ ਵਿਸ਼ੇ ਦਾ ਵਿਦਿਆਰਥੀ ਹੋਣ ਕਰਕੇ ਕਾਰੋਬਾਰ ਵਿੱਚ ਜ਼ੋਖਿਮ ਉਠਾਉਣ ਦੇ ਨੁਕਤੇ ਨੂੰ ਉਨ੍ਹਾਂ ਅਪਣਾ ਕੇ ਸਫਲਤਾ ਪ੍ਰਾਪਤ ਕਰਨ ਦੀ ਜਾਚ ਸਿੱਖ ਲਈ। ਗੁਰਮੇਲ ਸਿੰਘ ਢੀਂਡਸਾ ਤਕਰੀਬਨ 10-11 ਕੋਠੀਆਂ ਨਵੀਆਂ ਖਰੀਦ ਕੇ ਜਾਂ ਨਵੀਆਂ ਬਣਾ ਕੇ ਕਾਰੋਬਾਰ ਨੂੰ ਸਥਿਰ ਰੱਖਣ ਲਈ ਆਪਣਾ ਠਿਕਾਣਾ ਬਦਲਦੇ ਰਹੇ ਪਰ ਉਨ੍ਹਾਂ ਦੀ ਪਤਨੀ ਨੇ ਵਾਰ-ਵਾਰ ਨਵੇਂ ਘਰਾਂ 'ਚ ਸਮਾਨ ਬਗੈਰਾ ਸੈਟਿੰਗ ਕਰਨ ਕਰਕੇ ਆਉਂਦੀਆਂ ਔਕੜਾਂ ਕਰਕੇ ਕਦੇ ਵੀ ਗਿਲ੍ਹਾ ਨਹੀਂ ਕੀਤਾ ਸਗੋਂ ਬੜੀ ਦਲੇਰੀ ਨਾਲ ਹਮੇਸ਼ਾਂ ਇਨ੍ਹਾਂ ਔਕੜਾਂ ਦਾ ਸਾਹਮਣਾ ਕਰਕੇ ਸਾਥ ਦਿੱਤਾ ਹੈ,ਇਥੋਂ ਤੱਕ ਕਿ ਉਨ੍ਹਾਂ ਨੇ ਕਾਰੋਬਾਰ ਨੂੰ ਪ੍ਰਫੁਲਤ ਕਰਨ ਲਈ ਕਈ ਵਾਰੀ ਆਪਣੇ ਗਹਿਣੇ ਤੱਕ ਵੀ ਖੁਸ਼ੀ ਖੁਸ਼ੀ ਸ਼੍ਰ.ਢੀਂਡਸਾ ਨੂੰ ਦੇ ਦਿੱਤੇ,ਇਹ ਸੋਚ ਉਨ੍ਹਾਂ ਦੇ ਚੰਗੇ ਖਾਨਦਾਨ 'ਚ ਹੋਏ ਪਾਲਣ-ਪੋਸ਼ਣ ਸਦਕਾ ਹੀ ਹੈ।

ਢੀਂਡਸਾ ਪਰਿਵਾਰ ਨਾਭਾ ਵਿਖੇ ਲੰਬੇ ਸਮੇਂ ਤੋਂ ਰਹਿ ਰਿਹਾ ਹੈ।ਪ੍ਰਮਾਤਮਾ ਹਮੇਸ਼ਾਂ ਉਨ੍ਹਾਂ ਨੂੰ ਇਸੇ ਤਰ੍ਹਾਂ ਹੀ ਸਮਾਜ ਦੀ ਸੇਵਾ ਕਰਨ ਲਈ ਚੜ੍ਹਦੀਕਲਾ ਬਖਸ਼ੇ।




# Buying or Selling any Business? Call Now 916-271-5404

## ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY $1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sales: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




**BERKSHIRE HATHAWAY**
**Home Services**
**Elite Real Estate**

# OFFICE: 7412 ELSIE AVE., SACRAMENTO, CA 95828

# ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 13 ਅਕਤੂਬਰ 2019 ਦਿਨ ਐਤਵਾਰ ਨੂੰ



## ਗੁਰੂ ਪਿਆਰੀ ਸਾਧ ਸੰਗਤ ਜੀਓ

ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ ਆਪ ਸਭ ਦੇ ਚਰਨਾਂ 'ਚ ਨਿਮਰਤਾ ਸਹਿਤ ਬੇਨਤੀ ਹੈ ਕਿ ਹਰ ਸਾਲ ਵਾਂਗ ਇਸ ਸਾਲ ਵੀ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਆਪ ਸਭ ਸੰਗਤਾਂ ਦੇ ਸਹਿਯੋਗ ਅਤੇ ਪਿਆਰ ਨਾਲ, ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 13 ਅਕਤੂਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਪ੍ਰਸਿੱਧ ਕਲਾਕਾਰ ਭਗਵਾਨ ਵਾਲਮੀਕ ਜੀ ਦਾ ਸ਼ਬਦ ਗੁਣਗਾਨ ਕਰਕੇ ਅਤੇ ਕਥਾਵਾਚਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਪ੍ਰੋਗਰਾਮ ਦਾ ਵੇਰਵਾ

| ਆਰੰਭ ਪਾਠ ਸ੍ਰੀ ਰਮਾਇਣ ਸਾਹਿਬ | ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ | ਪਾਠ ਦੇ ਭੋਗ |
|---|---|---|
| 11 ਅਕਤੂਬਰ 2019, ਦਿਨ ਸ਼ੁੱਕਰਵਾਰ | 12 ਅਕਤੂਬਰ 2019 ਦਿਨ ਸ਼ਨਿੱਚਰਵਾਰ | 13 ਅਕਤੂਬਰ 2019 ਦਿਨ ਐਤਵਾਰ |
| ਸਵੇਰੇ 10 ਵਜੇ | ਸਵੇਰੇ 11.00 ਵਜੇ | ਸਵੇਰੇ 11.00 ਵਜੇ |

**12 ਵਜੇ ਤੋਂ ਸ਼ਾਮ 4 ਵਜੇ ਤੱਕ ਗੀਤ ਸੰਗੀਤ, ਕਥਾ ਤੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।**
**ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

ਸਮੂਹ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਪ੍ਰਗਟ ਦਿਵਸ ਦੇ ਪ੍ਰੋਗਰਾਮ 'ਚ ਤਿੰਨੇ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ (11, 12 ਅਤੇ 13 ਅਕਤੂਬਰ) ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਚਰਨਾਂ 'ਚ ਹਾਜ਼ਰੀਆਂ ਲਗਵਾ ਕੇ ਆਸ਼ੀਰਵਾਦ ਪ੍ਰਾਪਤ ਕਰੋ ਜੀ।

## ਦਾਨੀ ਪਰਿਵਾਰਾਂ ਨੂੰ ਬੇਨਤੀ ਹੈ ਕਿ ਮੰਦਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

**ਸੇਵਾਦਾਰ:-** ਪ੍ਰੇਮ ਸੌਂਧੀ (ਪ੍ਰਧਾਨ), ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ), ਕੁਲਦੀਪ ਥਾਪਰ (ਮੀਤ ਪ੍ਰਧਾਨ), ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ), ਅਵਿਨਾਸ਼ ਸੌਂਦੀ (ਵਾਈਸ ਚੇਅਰਮੈਨ), ਬਲਵੀਰ ਧਾਰੀਵਾਲ (ਜਨਰਲ ਸਕੱਤਰ), ਵਿਸ਼ਾਲ ਸ਼ਰਬਤੀ (ਸਕੱਤਰ), ਗੁਰਪਾਲ ਸਿੰਘ (ਚੇਅਰਮੈਨ), ਵਿਨੋਦ ਗਿੱਲ, ਬਲਵੀਰ ਥਾਪਰ, ਵਰੁਣ ਗਿੱਲ (ਖਜਾਨਚੀ), ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ), ਜਗਜੀਤ ਗਿੱਲ, ਪ੍ਰਕਾਸ਼ ਸਿੰਘ ਗਿੱਲ (ਮੇਨਟੀਨੈਂਸ ਆਰਗੇਨਾਈਜਰ) ਆਰਗੇਨਾਈਜ਼ਰਜ਼- ਸੁਰਜੀਤ ਗਿੱਲ, ਕੁੰਦਨ ਲਾਲ ਸੌਂਧੀ, ਦਵਿੰਦਰ ਸ਼ੁੱਭ, ਅੰਮ੍ਰਿਤਪਾਲ, ਰਵੀਪਾਲ, ਰਾਮਪਾਲ ਮੱਟੂ, ਸਾਧੂ ਰਾਮ ਭੱਟੀ, ਦੀਪਕ ਸਹੋਤਾ, ਤਰਸੇਮ ਲਾਲ ਥਾਪਰ, ਰਾਜ ਕੁਮਾਰ ਪੰਡੋਰੀ, ਪ੍ਰਸ਼ੋਤਮ ਲਾਲ ਸੌਂਧੀ, ਰੋਹਤਾਸ਼ ਸਿੰਘ ਭਗਾਣੀਆਂ, ਅਮਰਜੀਤ ਸਿੰਘ ਲਾਲੀ, ਜਸਪਾਲ ਮਾਲੜੀ, ਰਕੇਸ਼ ਕੁਮਾਰ ਸਲਹੋਤਰਾ, ਸ਼ਾਮ ਲਾਲ ਸੌਂਧੀ।

**ਕਲਾਕਾਰ-** ਗਾਇਕਾ ਜਸਪਿੰਦਰ ਰੈਨ੍ਹਾ ਜੀ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ 'ਚ ਪਹੁੰਚ ਕੇ ਹਾਜ਼ਰੀ ਲਗਵਾਉਣਗੇ।
ਭੁਪਿੰਦਰ ਭਿੰਦਾ, ਜਸਬਿੰਦਰ ਮਦਾਰਾ, ਅਮਰਜੀਤ ਲਾਲੀ, ਵਿਸ਼ਾਲ ਸ਼ਰਬਤੀ, ਜੋਗਿੰਦਰ ਸਿੰਘ ਸ਼ੌਂਕੀ, ਰੋਹਤਾਸ਼ ਸਿੰਘ ਭਗਾਣੀਆਂ, ਬਲਬੀਰ ਧਾਰੀਵਾਲ, ਰਾਜ ਕੁਮਾਰ ਪੰਡੋਰੀ, ਦੇਸ ਰਾਜ ਸ਼ੁੱਭ, ਜੀਵਨ ਰੱਤੂ, ਸੋਨੂੰ ਸਿੰਘ (ਢੋਲੀ), ਅੰਮ੍ਰਿਤਪਾਲ, ਗੁਰਦੀਪ ਸਿੰਘ ਹੀਰਾ, ਅਸ਼ੋਕ ਕੁਮਾਰ, ਰਾਜਿੰਦਰ ਸਿੰਘ ਸਹੋਤਾ

**ਸੰਪਰਕ ਕਰੋ-** ਪ੍ਰੇਮ ਸੌਂਧੀ (530-813-3877), ਸੰਤੋਖ ਸਿੰਘ ਗਿੱਲ (530-740-3056), ਵਿਸ਼ਾਲ ਸ਼ਰਬਤੀ (530-933-5915), ਬਲਵੀਰ ਥਾਪਰ (916-607-4650), ਬਲਵੀਰ ਧਾਰੀਵਾਲ (916-243-9017), ਵਿਨੋਦ ਗਿੱਲ 530-218-3969

**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**
**ਸਥਾਨ:- ਮਹਾਂਰਿਸ਼ੀ ਵਾਲਮੀਕ ਟੈਂਪਲ, 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991**